
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 4
May 5, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਨ ਜਰਨੈਲ ਸ. ਹਰੀ ਸਿੰਘ ਨਲੂਆ ਦੀ ਮਹਾਨ ਸ਼ਹਾਦਤ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਕੋਟਿ-ਕੋਟਿ ਪ੍ਰਣਾਮ।
**(ਸਬੰਧਤ ਲੇਖ ਅੰਦਰ ਦੇਖੋ ਜੀ)**

# ਮਮਤਾ ਬੈਨਰਜੀ ਨੇ ਲਗਾਤਾਰ ਤੀਜੀ ਵਾਰ ਬੰਗਾਲ ਦੇ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ

**ਕੋਲਕਾਤਾ (ਬਿਊਰੋ)–** ਬੰਗਾਲ ਵਿਧਾਨ ਸਭਾ ਚੋਣਾਂ ਵਿਚ ਜਿੱਤ ਦੀ ਹੈਟ੍ਰਿਕ ਲਗਾਉਣ ਤੋਂ ਬਾਅਦ ਤ੍ਰਿਣਾਮੂਲ ਕਾਂਗਰਸ ਮੁਖੀ ਮਮਤਾ ਬੈਲਰਜੀ ਨੇ ਅੱਜ ਤੀਜੀ ਵਾਰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕੀ। ਰਾਜਭਵਨ ਵਿਚ ਇਕ ਸਾਦੇ ਸਮਾਰੋਹ ਵਿਚ ਸਵੇਰੇ 10.45 ਵਜੇ ਰਾਜਪਾਲ ਜਗਦੀਪ ਧਨਕੜ ਨੇ ਮਮਤਾ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਦਿਵਾਈ। ਮਮਤਾ ਨੇ ਆਪਣੇ ਰਵਾਇਤੀ ਅੰਦਾਜ਼ ਵਿਚ ਬਾਂਗਲਾ ਵਿਚ ਸਹੁੰ ਚੁੱਕੀ। ਮਮਤਾ ਨੇ ਫਿਲਹਾਲ ਇਕੱਲਿਆਂ ਸਹੁੰ ਚੱਕੀ ਹੈ। ਉਹਨਾਂ ਦੇ ਕੈਬਨਿਟ ਦੇ ਮੰਤਰੀ ਬਾਅਦ ਵਿਚ ਸਹੁੰ ਚੁੱਕਣਗੇ। ਸਿਰਫ ਤ੍ਰਿਣਾਮੂਲ ਦੇ ਪ੍ਰਮੁੱਖ ਲੀਡਰ ਸੁਬ੍ਰਤ ਮੁਖਰਜੀ ਨੂੰ ਪ੍ਰੋਟੇਮ ਸਪੀਕਰ ਦੀ ਸਹੁੰ ਚੁੱਕੀ ਗਈ, ਜੋ ਛੇ ਅਤੇ ਸੱਤ ਮਈ ਨੂੰ ਵਿਧਾਨ ਸਭਾ ਵਿਚ ਨਵੇਂ ਚੁਣੇ ਵਿਧਾਇਕਾਂ ਨੂੰ ਸਹੁੰ ਚੁਕਾਉਣਗੇ।

ਕਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਰਾਜ ਭਵਨ ਵਿਚ ਆਯੋਜਿਤ ਸਾਦੇ ਸਮਾਰੋਹ ਵਿਚ ਕੇਵਲ 50 ਲੋਕਾਂ ਨੂੰ ਹੀ ਸੱਦਿਆ ਗਿਆ ਸੀ। ਇਹਨਾਂ ਵਿਚ ਸਾਰੀਆਂ ਸਿਆਸੀ ਪਾਰਟੀਆਂ ਦੇ ਪ੍ਰਮੁੱਖ ਲੀਡਰਾਂ ਨੂੰ ਸੱਦਾ ਦਿੱਤਾ ਗਿਆ ਸੀ ਪਰ ਸੂਬਾ ਭਾਜਪਾ ਪ੍ਰਧਾਨ ਦਲੀਪ ਘੋਸ਼ ਚੋਣ ਨਤੀਜਿਆਂ ਤੋਂ ਬਾਅਦ ਸੂਬੇ ਵਿਚ ਜਾਰੀ ਹਿੰਸਾ ਦੇ ਕਾਰਨ ਸਹੁੰ ਚੁੱਕ ਸਮਾਗਮ ਵਿਚ ਨਹੀਂ ਗਏ।



### ਸਿਆਸੀ ਕਿਆਸ ਅਰਾਈਆਂ

ਕੌਮੀ ਪੱਧਰ ਤੇ ਜਿਸ ਤਰੀਕੇ ਨਾਲ ਮਮਤਾ ਬੈਨਰਜੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਲਪ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਕੌੜਾ ਸੱਚ ਤਾਂ ਇਹ ਹੈ ਕਿ ਮਮਤਾ ਬੈਨਰਜੀ ਦੀ ਅਗਵਾਈ ਕਬੂਲਣ ਲਈ ਕੀ ਕਾਂਗਰਸ, ਕਮਿਊਨਿਸਟ ਅਤੇ ਹੋਰ ਵਿਰੋਧੀ ਪਾਰਟੀਆਂ ਤਿਆਰ ਹੋਣਗੀਆਂ, ਇਹ ਭਵਿੱਖ ਵਿਚ ਦੇਖਿਆ ਜਾਣ ਵਾਲਾ ਹੈ। ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੀ ਵੱਡੀ ਜਿੱਤ ਅਤੇ ਲਗਾਤਾਰ ਤੀਸਰੀ ਵਾਰ ਸਰਕਾਰ ਬਣਾਉਣ ਮੌਕੇ ਖੁਦ ਮਮਤਾ ਬੈਨਰਜੀ ਭਾਵੇਂ ਆਪਣੀ ਹਲਕੇ ਨੰਦੀਗ੍ਰਾਮ ਤੋਂ ਹਾਰ ਗਈ ਹੈ, ਵਿਰੋਧੀ ਧਿਰਾਂ ਉਸ ਨੂੰ ਅਗਲੀ ਪਾਰਲੀਮੈਂਟ ਚੋਣ ਲਈ ਚਿਹਰਾ ਮੰਨ ਰਹੀਆਂ ਹਨ। ਕਾਂਗਰਸ ਹੌਲੀ-ਹੌਲੀ ਖ਼ਤਮ ਹੋ ਰਹੀ ਹੋਣ ਕਾਰਨ ਮਮਤਾ ਤੋਂ ਵਿਰੋਧ ਦੀ ਮੁੱਖ ਧਿਰ ਵਜੋਂ ਉੱਭਰਨ ਦੀਆਂ ਆਸਾਂ ਲੱਗਣ ਲੱਗੀਆਂ ਹਨ।

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਭ ਤੋਂ ਵੱਡੀ ਲੜਾਈ ਪੱਛਮੀ ਬੰਗਾਲ ਵਿਚ ਸੀ ਅਤੇ ਨਤੀਜਿਆਂ ਦੇ ਨਾਲ ਮਮਤਾ ਹੋਰ ਵੱਡੀ ਲੀਡਰ ਵਜੋਂ ਉੱਭਰੀ ਹੈ। ਓਥੇ ਆਖਰੀ ਦਿਨਾਂ ਵਿੱਚ ਚੋਣ ਲੜਾਈ ਮੋਦੀ ਬਨਾਮ ਮਮਤਾ ਦਾ ਰੂਪ ਧਾਰਨ ਕਰ ਗਈ ਸੀ। ਇਸ ਕਾਰਨ ਟੀਐਮਸੀ ਦੀਜਿੱਤਨੂੰ ਧਰਮ ਨਿਰਪੱਖਤਾ ਦੀ ਢਾਲ ਮੰਨਿਆ ਜਾਣ ਲੱਗਾ ਹੈ।

ਭਾਜਪਾ ਆਸਾਮ ਵਿਚ ਆਪਣੀ ਸਰਕਾਰ ਨੂੰ ਬਚਾਉਣ ਵਿਚ ਕਾਮਯਾਬ ਰਹੀ, ਜਦੋਂ ਕਿ ਵਿਰੋਧੀਆਂ ਨੂੰ ਲੱਗਦਾ ਸੀ ਕਿ ਸਰਵਾਨੰਦ ਸੋਨੋਵਾਲ ਅਤੇ ਹੇਮੰਤ ਬਿਸ੍ਵਾ ਸਰਮਾ ਵਿਚਾਲੇ ਲੜਾਈ ਕਾਰਨ ਕਾਂਗਰਸ ਦੀ ਅਗਵਾਈ ਵਾਲਾ ਗੱਠਜੋੜ ਕੁਝ ਚੰਗਾ ਕਰੇਗਾ, ਪਰ ਅਜਿਹਾ ਨਹੀਂ ਹੋਇਆ। ਫਿਰ ਵੀ ਕੇਰਲਾ ਵਿੱਚ ਭਾਜਪਾ ਦੇ ਪੈਰ ਨਹੀਂ ਲੱਗੇ, ਪਰ ਕਾਂਗਰਸ ਵਾਲੇ ਵੀ ਉਸ ਰਾਜ ਵਿੱਚ ਬੁਰੀ ਤਰ੍ਹਾਂ ਨਿਕੰਮੇ ਸਾਬਤ ਹੋਏ ਹਨ। ਤਾਮਿਲ ਨਾਡੂ ਵਿੱਚ ਵਿਰੋਧੀ ਧਿਰ ਚੋਖੀ ਭਾਰੂ ਸਾਬਤ ਹੋਈ, ਪਰ ਅਸਲ ਖੇਡ ਪੱਛਮੀ ਬੰਗਾਲ ਵਿੱਚਸੀ। ਓਥੇ ਇਕੱਲੀ ਮਮਤਾ ਬੈਨਰਜੀ ਦੇ ਮੁਕਾਬਲੇ ਨਰਿੰਦਰ ਮੋਦੀ ਤੋਂ ਅਮਿਤ ਸ਼ਾਹ ਤੱਕ ਹਰ ਕੋਈ ਚੋਣ ਦਾ ਹਿੱਸਾ ਬਣਿਆ ਤੇ ਦਾਅਵੇ ਕੀਤੇ ਸਨ ਕਿ ਇਸ ਵਾਰ ਜਿੱਤ ਉਨ੍ਹਾਂ ਦੀ ਹੋਵੇਗੀ। ਭਾਜਪਾ ਦਾ ਹੰਕਾਰ ਬੰਗਾਲੀਆਂ ਨੇ ਤੋੜ ਦਿੱਤਾ ਤੇ ਮਮਤਾ ਜਿੱਤ ਗਈ ਹੈ, ਪਰ ਪਿਛਲੀ ਵਾਰ ਸਿਰਫ਼ 3 ਸੀਟਾਂ ਜਿੱਤਣ ਵਾਲੀ ਭਾਜਪਾ ਇਸ ਵਾਰ ਮਜ਼ਬੂਤ ਵਿਰੋਧੀ ਧਿਰ ਬਣ ਗਈ ਹੈ। ਇਨ੍ਹਾਂ ਹਾਲਾਤ ਵਿੱਚ ਵਿਰੋਧੀ ਧਿਰਾਂ ਇਸ ਵਕਤ ਦੇਸ਼ ਦੇ ਪੱਧਰ ਉੱਤੇ ਭਾਜਪਾ ਵਿਰੁੱਧ ਲੜਾਈ ਲਈ ਮਮਤਾ ਬੈਨਰਜੀ ਬਾਰੇ ਵਿਚਾਰਾਂ ਕਰਨ ਲੱਗ ਪਈਆਂ ਹਨ।


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com

BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## Dr. B.R. Ambedkar's 130th Birth Anniversary

Sri Guru Ravidass Sabha Pittsburg (CA) will be celebrating Baba Sahib Dr. B. R. Ambedkar's 130th Birth Anniversary on Sunday, May 16, 2021. You are humbly requested to come and join us in the celebration.


Jagtar Bhatia (Chairman)


Shinderpal Narabut (President)


Dharampal Chonkaria (Gen. Secretary)


Vinod Kumar (Treasurer)

### ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,



Sri Guru Ravidass Sabha Committee Members & more

### LEGAL COMMITTEE


Jaila Jaggi


Salinder Bhatia


Ajai Paul Ram


Shashi Paul

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |

# ਪੱਛਮੀ ਬੰਗਾਲ, ਅਸਾਮ ਦੀਆਂ ਚੋਣਾਂ ਦਾ ਅਗਾਮੀ ਲੋਕ ਸਭਾ ਚੋਣਾਂ 'ਤੇ ਕਿੰਨਾ ਅਸਰ ਪਏਗਾ

ਭਾਰਤ ਦੇ ਚਾਰ ਸੂਬਿਆਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ 'ਚ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਦੋ ਮਈ ਨੂੰ ਐਲਾਨੇ ਗਏ ਹਨ। ਇਨ੍ਹਾਂ ਵਿਧਾਨ ਸਭਾ ਚੋਣਾਂ ਦਾ ਕੌਮੀ ਸਿਆਸਤ 'ਚ ਖਾਸਾ ਮਹੱਤਵ ਮੰਨਿਆ ਜਾ ਰਿਹਾ ਹੈ। ਇਹ ਚੋਣਾਂ ਜਿਥੇ ਤਿੰਨ ਖ਼ੇਤਰੀ ਪਾਰਟੀਆਂ ਲਈ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਦਾ ਇੱਕ ਸਾਧਨ ਸਾਬਤ ਹੋਈਆਂ, ਉੱਥੇ ਹੀ ਕਾਂਗਰਸ ਦੇ ਲਈ ਇਹ ਚੋਣਾਂ ਇੱਕ ਵੱਡਾ ਝਟਕਾ ਅਤੇ ਦੂਜੇ ਸੂਬਿਆਂ 'ਚ ਆਪਣੇ ਪੈਰ ਪੱਕੇ ਕਰਨ ਦੀ ਕੋਸਿਸ਼ ਕਰਨ ਵਾਲੀ ਭਾਰਤ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਭਾਜਪਾ ਲਈ ਕੁਝ ਹੱਦ ਤੱਕ ਸਫ਼ਲਤਾ ਲੈ ਕੇ ਆਈਆਂ ਹਨ।

ਬੰਗਾਲ 'ਚ ਟੀਐੱਮਸੀ ਨੇ ਆਪਣੀ ਹੈਟ੍ਰਿਕ ਪੂਰੀ ਕੀਤੀ ਹੈ। ਇਸ ਦਾ ਮਤਲਬ ਇਹ ਹੈ ਕਿ ਪਾਰਟੀ ਦੀ ਲਗਾਤਾਰ ਇਹ ਤੀਜੀ ਜਿੱਤ ਹੈ। ਤਾਮਿਲਨਾਡੂ 'ਚ ਡੀਐੱਮਕੇ ਲਈ ਦੋ ਦਹਾਕਿਆਂ 'ਚ ਸਭ ਤੋਂ ਵੱਡੀ ਜਿੱਤ ਸੀ।

ਜਿੱਥੋਂ ਤੱਕ ਕੇਰਲ ਦੀ ਗੱਲ ਹੈ ਤਾਂ ਉੱਥੋਂ ਦਾ ਇਤਿਹਾਸ ਹੀ ਰਿਹਾ ਹੈ ਕਿ ਕੋਈ ਵੀ ਪਾਰਟੀ ਲਗਾਤਾਰ ਦੂਜੀ ਵਾਰ ਸੱਤਾ 'ਚ ਨਹੀਂ ਆਉਂਦੀ ਹੈ। ਪਰ ਇਸ ਵਾਰ ਤਾਂ ਪਿਨਰਾਈ ਨੇ ਇਤਿਹਾਸ ਹੀ ਬਦਲ ਦਿੱਤਾ ਹੈ ਅਤੇ ਉਨ੍ਹਾਂ ਦੀ ਅਗਵਾਈ ਵਾਲੇ ਗਠਜੋੜ ਨੇ ਚੋਣਾਂ 'ਚ ਇੱਕ ਵਾਰ ਜਿੱਤ ਦਾ ਝੰਡਾ ਬੁਲੰਦ ਕੀਤਾ ਹੈ। ਉਨ੍ਹਾਂ ਨੂੰ ਬਹੁਮਤ ਹਾਸਲ ਹੋਇਆ ਜਾਵੇ ਤਾਂ ਇੱਥੇ ਮੁੱਖ ਮੁਕਾਬਲਾ ਦੋ ਵੱਡੀਆਂ ਕੌਮੀ ਪਾਰਟੀਆਂ- ਭਾਜਪਾ ਅਤੇ ਕਾਂਗਰਸ ਦੀ ਅਗਵਾਈ 'ਚ ਬਣੇ ਗਠਜੋੜ ਵਿਚਾਲੇ ਸੀ। ਇਨ੍ਹਾਂ ਸੂਬਿਆਂ 'ਚ ਖੇਤਰੀ ਪਾਰਟੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ ਪਰ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਗਠਜੋੜ ਦੇ ਮੈਂਬਰ ਵਜੋਂ ਦੇਖਿਆ ਜਾ ਰਿਹਾ ਹੈ।

### ਕਾਂਗਰਸ ਲਈ ਝਟਕਾ

ਆਜ਼ਾਦ ਭਾਰਤ 'ਚ ਪੰਜ ਦਹਾਕਿਆਂ ਤੱਕ ਸੱਤਾ 'ਤੇ ਕਾਬਜ ਰਹਿਣ ਵਾਲੀ ਕਾਂਗਰਸ ਨੂੰ ਸਾਲ 2019 ਦੀਆਂ ਲੋਕ ਸਭਾ ਚੋਣਾਂ 'ਚ 52 ਸੀਟਾਂ ਹਾਸਲ ਹੋਈਆਂ ਸਨ। ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਵੀ 100 ਦੇ ਅੰਕੜੇ ਤੱਕ ਅੱਪੜ ਨਹੀਂ ਪੁਡੂਚੇਰੀ 'ਚ 14 ਸੀਟਾਂ ਸਨ, ਪਰ ਇਸ ਵਾਰ ਸਿਰਫ਼ ਦੋ ਸੀਟਾਂ 'ਤੇ ਹੀ ਉਸ ਨੂੰ ਜਿੱਤ ਮਿਲੀ ਹੈ। ਕੇਰਲ ਅਤੇ ਅਸਾਮ 'ਚ ਪਾਰਟੀ ਨੂੰ ਲਗਭਗ ਉਨੀਆਂ ਹੀ ਸੀਟਾਂ ਹਾਸਲ ਹੋਈਆਂ ਹਨ, ਜਿੰਨੀਆਂ ਕਿ ਪਿਛਲੀ ਵਾਰ ਉਸ ਦੇ ਕੋਲ ਸਨ। ਪਰ ਤਾਮਿਲਨਾਡੂ 'ਚ ਪਾਰਟੀ ਨੇ ਦੋ ਸੀਟਾਂ 'ਚ ਵਾਧਾ ਦਰਜ ਕੀਤਾ ਹੈ। ਪਿਛਲੀਆਂ ਚੋਣਾਂ ਦੌਰਾਨ ਪਾਰਟੀ ਨੂੰ 8 ਸੀਟਾਂ 'ਤੇ ਜਿੱਤ ਹਾਸਲ ਹੋਈ ਸੀ ਅਤੇ ਇਸ ਵਾਰ 10 ਸੀਟਾਂ ਉਸ ਦੇ ਖਾਤੇ 'ਚ ਹਨ।

ਪਰ ਪਿਛਲੇ ਤਿੰਨ ਦਹਾਕਿਆਂ 'ਚ ਇੰਨ੍ਹਾਂ ਸੂਬਿਆਂ 'ਚ ਪਾਰਟੀ ਦਾ ਜੋ ਪ੍ਰਦਰਸ਼ਨ ਰਿਹਾ ਹੈ, ਉਸ ਦਾ ਇਸ ਸਾਲ





### ਪਹਿਲਾਂ ਨਾਲੋਂ ਮਜ਼ਬੂਤ ਹੋਈਆਂ ਖੇਤਰੀ ਪਾਰਟੀਆਂ

ਜਿਨ੍ਹਾਂ ਚਾਰ ਸੂਬਿਆਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ 'ਚ ਚੋਣਾਂ ਹੋਈਆਂ ਸਨ, ਉਨ੍ਹਾਂ ਵਿੱਚੋਂ ਤਿੰਨ ਸੂਬਿਆਂ 'ਚ ਫ਼ੈਸਲਾਕੁਨ ਫ਼ਤਵਾ ਖੇਤਰੀ ਪਾਰਟੀਆਂ ਦੇ ਨਾਂਅ ਰਿਹਾ। ਪੱਛਮੀ ਬੰਗਾਲ 'ਚ ਆਲ ਇੰਡੀਆ ਤ੍ਰਿਣਮੂਲ ਕਾਂਗਰਸ (ਟੀਐਮਸੀ), ਤਾਮਿਲਨਾਡੂ 'ਚ ਦਰਵਿੜ ਮੁਨੇਤਰ ਕੜਗਮ (ਡੀਐੱਮਕੇ) ਅਤੇ ਕੇਰਲ 'ਚ ਕਮਿਊਨਿਸਟ ਪਾਰਟੀ ਦੇ ਆਗੂ ਪਿਨਰਾਈ ਵਿਜੈਅਨ ਦੀ ਆਗਵਾਈ ਵਾਲੇ ਗਠਜੋੜ ਖੱਬੇਪੱਖੀ ਡੈਮੋਕਰੇਟਿਕ ਮੋਰਚੇ (ਐੱਲਡੀਐੱਫ਼) ਨੂੰ ਸਪਸ਼ਟ ਜਿੱਤ ਹਾਸਲ ਹੋਈ ਹੈ। ਨਾ ਸਿਰਫ਼ ਇਨ੍ਹਾਂ ਪਾਰਟੀਆਂ ਨੂੰ ਚੋਣਾਂ 'ਚ ਜਿੱਤ ਹਾਸਲ ਹੋਈ ਹੈ ਬਲਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਇਨ੍ਹਾਂ ਦੀ ਕਾਰਗੁਜ਼ਾਰੀ 'ਚ ਵੀ ਸੁਧਾਰ ਦੇਖਣ ਨੂੰ ਮਿਲਿਆ ਹੈ। ਪੱਛਮੀ ਹੈ। ਭਾਰਤ ਦੀ ਆਬਾਦੀ ਦਾ 16 ਫੀਸਦ ਹਿੱਸਾ ਇਨ੍ਹਾਂ ਤਿੰਨ ਸੂਬਿਆਂ 'ਚ ਰਹਿੰਦਾ ਹੈ। ਇਸ ਦੇ ਨਾਲ ਹੀ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਦੀਆਂ 19 ਫੀਸਦ ਸੀਟਾਂ ਅਤੇ ਉਪਰਲੇ ਸਦਨ ਰਾਜ ਸਭਾ ਦੀਆਂ 18 ਫੀਸਦ ਸੀਟਾਂ ਦੇ ਨੁਮਾਇੰਦੇ ਇਨ੍ਹਾਂ ਹੀ ਸੂਬਿਆਂ ਤੋਂ ਹਨ।

ਰਾਜ ਸਭਾ ਦੇ ਮੈਂਬਰਾਂ ਦੀ ਚੋਣ ਵਿਧਾਨ ਸਭਾ ਦੇ ਚੁਣੇ ਗਏ ਮੈਂਬਰਾਂ ਵੱਲੋਂ ਕੀਤੀ ਜਾਂਦੀ ਹੈ ਅਤੇ ਇਸ ਕਾਰਨ ਹੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਬਹੁਤ ਅਹਿਮੀਅਤ ਰੱਖਦੇ ਹਨ। ਆਉਣ ਵਾਲੇ ਸਮੇਂ 'ਚ ਜੋ ਪਾਰਟੀਆਂ ਚੋਣਾਂ 'ਚ ਬਹੁਮਤ ਹਾਸਲ ਕਰਨਗੀਆਂ, ਉਹ ਹੀ ਰਾਜ ਸਭਾ 'ਚ ਨੁਮਾਇੰਦਗੀ ਕਰਨਗੀਆਂ।

ਜੇਕਰ ਅਸਾਮ ਅਤੇ ਪੁਡੂਚੇਰੀ ਦੀ ਗੱਲ ਕੀਤੀ ਪਾਈ ਸੀ। ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਵੀ ਕਾਂਗਰਸ ਲਈ ਕੋਈ ਨਵੀਂ ਉਮੀਦ ਲੈ ਕੇ ਨਹੀਂ ਆਏ ਹਨ।&;ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ, ਚਾਰ ਸੂਬਿਆਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ 'ਚ ਕਾਂਗਰਸ ਦੀਆਂ ਸੀਟਾਂ ਘੱਟ ਹੋਈਆਂ ਹਨ। ਜਿਥੇ ਪਿਛਲੀਆਂ ਚੋਣਾਂ ਦੌਰਾਨ ਇਸ ਦੀ ਝੋਲੀ 114 ਸੀਟਾਂ ਪਈਆਂ ਸਨ, ਉੱਥੇ ਹੀ ਇਸ ਵਾਰ ਸਿਰਫ਼ 70 ਸੀਟਾਂ 'ਤੇ ਹੀ ਸਬਰ ਕਰਨਾ ਪੈ ਰਿਹਾ ਹੈ। ਕਾਂਗਰਸ ਦੇ ਹੱਥੋਂ ਜੋ ਸੀਟਾਂ ਖਿਸਕੀਆਂ ਹਨ, ਉਨ੍ਹਾਂ 'ਚੋਂ ਵਧੇਰੇ ਸੀਟਾਂ ਪੱਛਮੀ ਬੰਗਾਲ ਅਤੇ ਪੁਡੂਚੇਰੀ ਦੀਆਂ ਹਨ।

ਪਿਛਲੀ ਵਾਰ ਪੱਛਮੀ ਬੰਗਾਲ 'ਚ ਪਾਰਟੀ ਨੇ 44 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ ਪਰ ਇਸ ਵਾਰ ਉਸ ਦਾ ਖਾਤਾ ਹੀ ਨਹੀਂ ਖੁੱਲ੍ਹਿਆ ਹੈ। ਇਸ ਦੇ ਨਾਲ ਹੀ ਪਾਰਟੀ ਕੋਲ ਦੀਆਂ ਚੋਣਾਂ ਦੇ ਨਤੀਜਿਆਂ ਦੇ ਅਧਾਰ 'ਤੇ ਮੁਲਾਂਕਣ ਕੀਤਾ ਜਾਣਾ ਸਹੀ ਨਹੀਂ ਹੈ। ਸਾਲ 1991 'ਚ ਇਨ੍ਹਾਂ ਪੰਜਾਂ ਸੂਬਿਆਂ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੀਆਂ ਕੁੱਲ 822 ਸੀਟਾਂ 'ਚੋਂ 28 ਫੀਸਦ ਸੀਟਾਂ ਕਾਂਗਰਸ ਦੇ ਹੱਥ ਆਈਆਂ ਸਨ ਪਰ ਇਸ ਸਾਲ ਦੀਆਂ ਚੋਣਾਂ ਦੌਰਾਨ ਇਹ ਅੰਕੜਾ ਸਿਰਫ 8.5 ਫੀਸਦ ਤੱਕ ਹੀ ਰਹਿ ਗਿਆ ਹੈ। ਸਾਲ 2019 ਦੀਆਂ ਲੋਕ ਸਭਾ 'ਚ ਇੰਨ੍ਹਾਂ ਪੰਜ ਸੂਬਿਆਂ 'ਚ ਪਾਰਟੀ ਦੀ ਕਾਰਗੁਜ਼ਾਰੀ ਅਹਿਮ ਰਹੀ ਸੀ। ਪਾਰਟੀ ਨੇ ਦੇਸ ਭਰ 'ਚ 421 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ ਅਤੇ 52 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ। ਇੰਨ੍ਹਾਂ 'ਚੋਂ ਅੱਧ ਨਾਲੋਂ ਵੱਧ ਸੀਟਾਂ ਇੰਨ੍ਹਾਂ ਸੂਬਿਆਂ ਤੋਂ ਹੀ ਸਨ।

(ਬਾਕੀ ਅਗਲੇ ਸਫੇ 'ਤੇ)


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਪੱਛਮੀ ਬੰਗਾਲ, ਅਸਾਮ ਦੀਆਂ ਚੋਣਾਂ ਦਾ ਅਗਾਮੀ ਲੋਕ ਸਭਾ ਚੋਣਾਂ 'ਤੇ ਕਿੰਨਾ ਅਸਰ ਪਏਗਾ

(ਸਫਾ 3 ਦੀ ਬਾਕੀ)

ਜੇਕਰ ਕਾਂਗਰਸ ਅਤੇ ਉਨ੍ਹਾਂ ਦੇ ਗਠਜੋੜ ਸਹਿਯੋਗੀਆਂ ਦੀ ਗੱਲ ਕੀਤੀ ਜਾਵੇ ਤਾਂ ਜਿੱਤੀਆਂ ਗਈਆਂ 65 ਫੀਸਦ ਸੀਟਾਂ ਇਨ੍ਹਾਂ ਪੰਜ ਸੂਬਿਆਂ ਤੋਂ ਹੀ ਸਨ। ਇਸ ਦੇ ਨਾਲ ਹੀ ਜੇਕਰ ਲੋਕ ਸਭਾ ਚੋਣਾਂ ਦੌਰਾਨ ਇਨ੍ਹਾਂ ਪੰਜ ਸੂਬਿਆਂ 'ਚ ਭਾਜਪਾ ਦੇ ਪ੍ਰਦਰਸ਼ਨ ਦੀ ਗੱਲ ਕੀਤੀ ਜਾਵੇ ਤਾਂ ਜੋ ਸੀਟਾਂ ਪਾਰਟੀ ਨੇ ਇੰਨ੍ਹਾਂ ਸੂਬਿਆਂ 'ਚੋਂ ਜਿੱਤੀਆਂ ਸਨ, ਉਹ ਉਸ ਦੀਆਂ ਕੁੱਲ ਜਿੱਤੀਆਂ ਸੀਟਾਂ ਦਾ ਸਿਰਫ਼ 8 ਫੀਸਦ ਹਿੱਸਾ ਹੀ ਸੀ। ਇੰਨ੍ਹਾਂ ਸੂਬਿਆਂ 'ਚ ਕਾਂਗਰਸ ਦੀਆਂ ਸੀਟਾਂ ਘੱਟ ਹੋਣ ਦਾ ਮਤਲਬ ਹੈ ਕਿ ਆਉਣ ਵਾਲੀਆਂ ਸੰਸਦੀ ਚੋਣਾਂ 'ਚ ਕਾਂਗਰਸ ਲਈ ਇੱਥੇ ਆਪਣੇ ਪੈਰ ਜਮਾ ਕੇ ਰੱਖਣਾ ਸੌਖਾ ਨਹੀਂ ਹੋਵੇਗਾ।

**ਭਾਜਪਾ ਨੂੰ ਮਿਲੀ ਕਿਸੇ ਹੱਦ ਤੱਕ ਸਫਲਤਾ**

ਪਿਛਲੇ ਸੱਤ ਸਾਲਾਂ ਤੋਂ ਕੇਂਦਰ 'ਚ ਸੱਤਾ 'ਤੇ ਕਾਬਜ ਭਾਜਪਾ ਇੱਕ ਵਾਰ ਫਿਰ ਅਸਾਮ 'ਚ ਆਪਣੀ ਵਾਪਸੀ ਕਰ ਰਹੀ ਹੈ ਅਤੇ ਪੁਡੂਚੇਰੀ 'ਚ ਵੀ ਆਪਣੀ ਸਰਕਾਰ ਬਣਾਉਣ ਜਾ ਰਹੀ ਹੈ।

ਭਾਜਪਾ ਲਈ ਇਹ ਰਾਹਤ ਦੀ ਗੱਲ ਹੈ ਕਿ ਇਸ ਵਾਰ ਅਸਾਮ 'ਚ ਉਸ ਦੇ ਵੋਟ ਫੀਸਦ 'ਚ 3.7 ਫੀਸਦ ਦਾ ਵਾਧਾ ਹੋਇਆ ਹੈ, ਜਦਕਿ ਪੁਡੂਚੇਰੀ 'ਚ ਭਾਜਪਾ ਦੀ ਵੋਟ ਫੀਸਦ 'ਚ 11.2 ਫੀਸਦ ਦਾ ਵਾਧਾ ਹੋਇਆ ਹੈ। ਪੱਛਮੀ ਬੰਗਾਲ 'ਚ ਭਾਜਪਾ ਕਦੇ ਵੀ ਆਪਣੇ ਪੈਰ ਨਹੀਂ ਜਮਾਂ ਸਕੀ ਸੀ ਪਰ ਇਨ੍ਹਾਂ ਚੋਣਾਂ ਤੋਂ ਬਾਅਦ ਇੱਥੇ ਉਸ ਦੇ ਪ੍ਰਦਰਸ਼ਨ 'ਚ ਸੁਧਾਰ ਹੋਇਆ ਹੈ।

ਇਹ ਸੱਚ ਹੈ ਕਿ ਭਾਜਪਾ ਦਾ ਉਦੇਸ਼ ਪੱਛਮੀ ਬੰਗਾਲ 'ਚ ਸਰਕਾਰ ਬਣਾਉਣ ਦਾ ਸੀ, ਪਰ ਪਹਿਲੀ ਵਾਰ ਹੈ ਕਿ ਪਾਰਟੀ ਨੂੰ 77 ਸੀਟਾਂ ਹਾਸਲ ਹੋਈਆਂ ਹਨ, ਜਿਸ ਕਰਕੇ ਉਸ ਨੂੰ ਵਿਰੋਧੀ ਧਿਰ ਦਾ ਦਰਜਾ ਮਿਲ ਗਿਆ ਹੈ। ਸੂਬੇ 'ਚ ਇੱਕ ਚੌਥਾਈ ਸੀਟਾਂ ਉਸ ਨੇ ਆਪਣੇ ਨਾਂ ਕੀਤੀਆਂ ਹਨ ਅਤੇ ਪਾਰਟੀ ਦਾ ਵੋਟ ਫੀਸਦ 38% ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਇਹ ਉਸ ਦੀ ਵੱਡੀ ਕਾਮਯਾਬੀ ਹੈ। ਪਿਛਲੀ ਵਾਰ ਤਾਂ ਪਾਰਟੀ ਨੂੰ ਸਿਰਫ਼ ਤਿੰਨ ਸੀਟਾਂ 'ਤੇ ਹੀ ਜਿੱਤ ਹਾਸਲ ਹੋਈ ਸੀ ਅਤੇ ਉਸ ਦਾ ਵੋਟ ਫੀਸਦ 10% ਸੀ।

ਜੇਕਰ ਕੇਰਲ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਭਾਜਪਾ ਦਾ ਵੋਟ ਫੀਸਦ ਵੱਧ ਕੇ ਤਕਰੀਬਨ 11.3 ਫੀਸਦ ਹੋ ਗਿਆ ਹੈ ਪਰ ਇੱਕ ਵਾਰ ਫਿਰ ਭਾਜਪਾ ਇੱਥੇ ਇੱਕ ਵੀ ਸੀਟ ਜਿੱਤਣ 'ਚ ਅਸਫ਼ਲ ਰਹੀ ਹੈ। ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਭਾਜਪਾ ਲਈ ਅਸਾਮ 'ਚ ਇੱਕ ਵਾਰ ਫਿਰ ਸੱਤਾ 'ਚ ਵਾਪਸੀ ਕਰਨਾ ਅਤੇ ਪੱਛਮੀ ਬੰਗਾਲ 'ਚ ਪਾਰਟੀ ਦੇ ਵੋਟ ਫੀਸਦ ਦੇ ਵਾਧੇ ਦਾ ਪ੍ਰਭਾਵ ਸਾਲ 2024 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਪੈ ਸਕਦਾ ਹੈ।





# 70% ਬਾਲਗਾਂ ਨੂੰ 4 ਜੁਲਾਈ ਤੱਕ ਘੱਟੋ ਘੱਟ ਇਕ ਕੋਵਿਡ ਟੀਕਾ ਜਰੂਰ ਲਾ ਦਿੱਤਾ ਜਾਵੇ-ਬਾਇਡਨ

**ਸੈਕਰਾਮੈਂਟੋ 5 ਮਈ (ਹੁਸਨ ਲੜੋਆ ਬੰਗਾ)** ਰਾਸ਼ਟਰ-ਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਹੈ ਕਿ ਉਹ ਚਹੁੰਦੇ ਹਨ ਕਿ 4 ਜੁਲਾਈ 2021 ਤੱਕ ਦੇਸ਼ ਦੇ 70% ਬਾਲਗਾਂ ਨੂੰ ਘੱਟੋ ਘੱਟ ਇਕ ਕੋਵਿਡ ਟੀਕਾ ਜਰੂਰ ਲੱਗ ਜਾਣਾ ਚਾਹੀਦਾ ਹੈ। ਉਨਾਂ ਨੇ ਟੀਕਾਕਰਣ ਵਿਚ ਤੇਜੀ ਲਿਆਉਣ ਤੇ ਨਬਾਲਗਾਂ ਦੇ ਟੀਕਾਕਰਣ ਲਈ ਤਿਆਰੀਆਂ ਬਾਰੇ ਕਦਮ ਚੁੱਕਣ ਦਾ ਐਲਾਨ ਕੀਤਾ। ਉਨਾਂ ਕਿਹਾ ਕਿ ਹੁਣ ਤੱਕ ਤਕਰੀਬਨ 56% ਬਾਲਗ ਵੱਸੋਂ ਦੇ ਘੱਟੋ ਘੱਟ ਇਕ ਟੀਕਾ ਲੱਗਾ ਚੁੱਕਾ ਹੈ ਤੇ 70% ਵੱਸੋਂ ਦੇ ਟੀਕਾਕਰਣ ਲਈ ਮੌਜੂਦਾ ਰਫਤਾਰ ਘੱਟ ਹੈ ਜਿਸ ਨੂੰ ਤੇਜ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਅਜੇ ਵੀ ਲੱਖਾਂ ਅਮਰੀਕੀ ਅਜਿਹੇ ਹਨ ਜਿਨਾਂ ਨੂੰ ਟੀਕਾ ਲਵਾਉਣ ਵਾਸਤੇ ਉਤਸ਼ਾਹਿਤ ਕਰਨ ਦੀ ਲੋੜ ਹੈ। ਇਨਾਂ ਲੋਕਾਂ ਦੀ ਦੇਸ਼ ਨੂੰ ਲੋੜ ਹੈ ਇਸ ਲਈ ਟੀਕਾਕਰਣ ਹਰ ਹਾਲਤ ਵਿਚ ਹੋਣਾ ਜਰੂਰੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਸ਼ੁਰੂਆਤੀ ਦੌਰ ਨਾਲੋਂ ਟੀਕਾਕਰਣ ਦਾ ਅਗਲਾ ਪੜਾਅ ਵਧੇਰੇ ਚੁਣੌਤੀਆਂ ਭਰਪੂਰ ਹੋ ਸਕਦਾ ਹੈ ਜਿਸ ਵਾਸਤੇ ਹਰ ਅਮਰੀਕੀ ਲਈ ਟੀਕਿਆਂ ਦੀ ਵਿਵਸਥਾ ਕਰਨੀ ਪਵੇਗੀ ਤੇ ਇਕ ਵਿਆਪਕ ਵੰਡ ਪ੍ਰਣਾਲੀ ਬਣਾਉਣੀ ਪਵੇਗੀ ਤਾਂ ਜੋ ਹਰ ਅਮਰੀਕੀ ਤੱਕ ਪਹੁੰਚ ਕੀਤੀ ਜਾ ਸਕੇ। ਉਨਾਂ ਕਿਹਾ ਇਹ ਬਹੁਤ ਕਠਿਨ ਕੰਮ ਹੈ ਤੇ ਇਹ ਮੇਰੇ ਇਕੱਲੇ ਦੇ ਵੱਸ ਦੀ ਗੱਲ ਨਹੀਂ ਹੈ। ਲੋਕਾਂ ਨੂੰ ਟੀਕਾਕਰਣ ਲਈ ਮਨਾਉਣਾ ਪਵੇਗਾ। ਇਥੇ ਜਿਕਰਯੋਗ ਹੈ ਕਿ 4 ਰਾਜਾਂ ਪਿੱਛੇ 1 ਰਾਜ ਵਿਚ 50% ਤੋਂ ਘੱਟ ਬਾਲਗ ਵੱਸੋਂ ਦੇ ਟੀਕਾਕਰਣ ਹੋਇਆ ਹੈ ਜੋ ਜੋਖਮ ਦੀ ਤੁਲਨਾ ਵਿਚ ਬਹੁਤ ਘੱਟ ਹੈ। ਅਲਬਾਮਾ ਵਿਚ 41%, ਨਿਊ ਹੈਂਪਸ਼ਾਇਰ ਵਿਚ ਸਭ ਤੋਂ ਵਧ 74% ਬਾਲਗ ਵੱਸੋਂ ਦੇ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ। ਉਤਰ ਪੂਰਬ ਦੇ 8 ਰਾਜਾਂ ਸਮੇਤ 12 ਰਾਜਾਂ ਵਿਚ 60% ਜਾਂ ਇਸ ਤੋਂ ਵਧ ਲੋਕਾਂ ਦੇ ਟੀਕਾ ਲੱਗਾ ਚੁੱਕਾ ਹੈ। ਦੱਖਣ ਦੇ 9 ਰਾਜਾਂ ਸਮੇਤ 13 ਰਾਜਾਂ ਵਿਚ 50% ਤੋਂ ਘੱਟ ਵੱਸੋਂ ਦੇ ਟੀਕਾਕਰਣ ਹੋਇਆ ਹੈ।



# ਨਿਊਯਾਰਕ ਵਿਚ ਅਣਪਛਾਤੀ ਔਰਤ ਵੱਲੋਂ ਦੋ ਏਸ਼ੀਅਨ ਔਰਤਾਂ ਉਪਰ ਹਮਲਾ

**ਸੈਕਰਾਮੈਂਟੋ 5 ਮਈ (ਹੁਸਨ ਲੜੋਆ ਬੰਗਾ)** ਨਿਊਯਾਰਕ ਵਿਚ ਇਕ ਅਣਪਛਾਤੀ ਔਰਤ ਵੱਲੋਂ ਦੋ ਏਸ਼ੀਅਨ ਔਰਤਾਂ ਉਪਰ ਹਮਲਾ ਕਰਕੇ ਇਕ ਔਰਤ ਨੂੰ ਗੰਭੀਰ ਜਖਮੀ ਕਰ ਦਿੱਤਾ ਗਿਆ। ਪੁਲਿਸ ਅਨੁਸਾਰ 31 ਤੇ 29 ਸਾਲ ਦੀਆਂ ਦੋ ਏਸ਼ੀਅਨ ਔਰਤਾਂ410 ਪੱਛਮੀ ਬਲਾਕ ਦੀ 42 ਵੀਂ ਸਟਰੀਟ 'ਤੇ ਜਾ ਰਹੀਆਂ ਸਨ ਜਦੋਂ ਇਕ ਅਣਪਛਾਤੀ ਔਰਤ ਨੇ ਉਨਾਂ ਨੂੰ ਮਾਸਕ ਲਾਹੁਣ ਲਈ ਕਿਹਾ। ਬਾਅਦ ਵਿਚ ਉਸ ਨੇ ਇਕ ਔਰਤ ਦੇ ਸਿਰ ਵਿਚ ਹਥੌੜਾ ਮਾਰ ਕੇ ਉਸ ਨੂੰ ਜਖਮੀ ਕਰ ਦਿੱਤਾ। ਹਸਪਤਾਲ ਲੈਜਾਣ ਸਮੇ ਔਰਤ ਦੀ ਹਾਲਤ ਸਥਿੱਰ ਸੀ। ਅਜੇ ਤੱਕ ਇਸ ਸਬੰਧੀ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਇਥੇ ਜਿਕਰਯੋਗ ਹੈ ਕਿ ਬਾਇਡਨ ਪ੍ਰਸ਼ਾਸਨ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਏਸ਼ੀਅਨਾਂ ਤੇ ਏਸ਼ੀਅਨ ਮੂਲ ਦੇ ਅਮਰੀਕੀਆਂ ਉਪਰ ਹਮਲੇ ਬੰਦ ਨਹੀਂ ਹੋ ਰਹੇ। ਇਨਾਂ ਹਮਲਿਆਂ ਵਿਰੁੱਧ ਵਾਸ਼ਿਗਟਨ ਡੀ ਸੀ ਤੇ ਨਿਊਯਾਰਕ ਸਮੇਤ ਅਮਰੀਕਾ ਭਰ ਵਿਚ ਪ੍ਰਦਰਸ਼ਨ ਹੋਏ ਹਨ। ਹੇਟ ਕਰਾਈਮ ਟਾਸਕ ਫੋਰਸ ਅਨੁਸਾਰ ਨਿਊਯਾਰਕ ਵਿਚ ਇਸ ਸਾਲ ਜਨਵਰੀ ਤੋਂ ਅਪ੍ਰੈਲ ਦੇ ਸ਼ੁਰੂ ਤੱਕ ਏਸ਼ੀਅਨਾਂ ਵਿਰੁੱਧ ਨਫਰਤੀ ਅਪਰਾਧ ਦੀਆਂ 80 ਘਟਨਾਵਾਂ ਹੋ ਚੁੱਕੀਆਂ ਹਨ।




# ਸੈਨਟ ਵੱਲੋਂ ਨਫ਼ਰਤੀ ਅਪਰਾਧ ਬਿੱਲ ਪਾਸ

**ਸੈਕਰਾਮੈਂਟੋ 23 ਅਪੈਰੈਲ (ਹੁਸਨ ਲੜੋਆ ਬੰਗਾ)-** ਸੈਨਟ ਨੇ ਇਕਜੁੱਟਤਾ ਨਾਲ ਕੋਵਿਡ-19 ਮਹਾਂਮਾਰੀ ਦੌਰਾਨ ਏਸ਼ੀਅਨ ਮੂਲ ਦੇ ਅਮਰੀਕਨਾਂ ਵਿਰੁੱਧ ਵਧੀ ਹਿੰਸਾ ਤੇ ਭੇਦਭਾਵ ਨਾਲ ਨਜਿੱਠਣ ਲਈ ਇਕ ਨਫ਼ਰਤੀ ਅਪਰਾਧ ਬਿੱਲ ਪਾਸ ਕਰ ਦਿੱਤਾ। ਕੇਵਲ ਇਕ ਮੈਂਬਰ ਨੇ ਬਿੱਲ ਦੇ ਵਿਰੁੱਧ ਵੋਟ ਪਾਈ ਤੇ 94 ਵੋਟਾਂ ਬਿੱਲ ਦੇ ਹੱਕ ਵਿਚ ਪਈਆਂ। ਇਸ ਬਿੱਲ ਤਹਿਤ ਨਿਆਂ ਵਿਭਾਗ ਵੱਲੋਂ ਨਫ਼ਰਤੀ ਅਪਰਾਧਾਂ ਦੇ ਮਾਮਲਿਆਂ ਉਪਰ ਨਜਰਸਾਨੀ ਵਿਚ ਤੇਜੀ ਆਵੇਗੀ ਤੇ ਅਜਿਹੇ ਮਾਮਲਿਆਂ ਨੂੰ ਇਕ ਨਿਸ਼ਚਤ ਸਮੇਂ ਵਿਚ ਨਿਪਟਾਉਣ ਵਿੱਚ ਮੱਦਦ ਮਿਲੇਗੀ। ਨਿਆਂ ਵਿਭਾਗ, ਸਥਾਨਕ ਲਾਅ ਇਨਫੋਰਸਮੈਂਟ ਏਜੰਸੀਆਂ ਤੇ ਸਮਾਜਿਕ ਸੰਸਥਾਵਾਂ ਵਿਚਾਲੇ ਤਾਲਮੇਲ ਵਧੇਗਾ ਤੇ ਨਫ਼ਰਤੀ ਅਪਰਾਧਾਂ ਬਾਰੇ ਜਾਗਰੂਕਤਾ ਵਧੇਗੀ।

ਵੱਖ ਵੱਖ ਭਾਸ਼ਾਵਾਂ ਵਿਚ ਆਨ ਲਾਈਨ ਹੇਟ ਕਰਾਈਮ ਰਿਪੋਰਟਿੰਗ ਸਿਸਟਮ ਕਾਇਮ ਕੀਤਾ ਜਾਵੇਗਾ ਤਾਂ ਜੋ ਨਫ਼ਰਤੀ ਅਪਰਾਧ ਦਾ ਮਾਮਲਾ ਤੁਰੰਤ ਦਰਜ ਹੋ ਸਕੇ। ਹੁਣ ਇਹ ਬਿੱਲ ਡੈਮੋਕਰੈਟਿਕ ਦੇ ਬਹੁਮਤ ਵਾਲੇ ਪੈਰਤੀਨਿੱਧ ਸਦਨ ਵਿਚ ਜਾਵੇਗਾ ਜਿਥੇ ਇਹ ਆਸਾਨੀ ਨਾਲ ਪਾਸ ਹੋ ਜਾਵੇਗਾ। ਉਂਝ ਵੀ ਜਿਆਦਾਤਰ ਰਿਪਬਲੀਕਨ ਇਸ ਬਿੱਲ ਦਾ ਸਮਰਥਨ ਕਰ ਰਹੇ ਹਨ।

ਸੈਨਟਰ ਮਾਜ਼ੀ ਹਿਰੋਨੋ ਨੇ ਸੈਨਟ ਵਿਚ ਬੋਲਦਿਆਂ ਕਿਹਾ ਕਿ ਇਹ ਬਿੱਲ ਪਾਸ ਕਰਕੇ ਅਸੀਂ ਏਸ਼ੀਅਨ ਮੂਲ ਦੇ ਅਮਰੀਕਨਾਂ ਨੂੰ ਇਕਜੁੱਟਤਾ ਦਾ ਇਕ ਸ਼ਕਤੀਸ਼ਾਲੀ ਸੁਨੇਹਾ ਦਿੱਤਾ ਹੈ ਕਿ ਸੈਨਟ ਏਸ਼ੀਅਨ ਮੂਲ ਦੇ ਲੋਕਾਂ ਵਿਰੁੱਧ ਹਿੰਸਾ ਨੂੰ ਮੂਕ ਦਰਸ਼ਕ ਬਣਕੇ ਨਹੀਂ ਵੇਖ ਸਕਦੀ। ਸੈਨਟ ਉਨਾਂ ਦੇ ਨਾਲ ਖੜੀ ਹੈ।


## Change of Name

I, Mohit Rulhan S/O Suresh Kumar

Resident of:

2142 Bolero Dr.

Pittsburg, CA-94565


Now I have changed my name

From: Mohit To: Mohit Rulhan

All concerned kindly note it.


# ਸੈਨੇਟ ਨੇ ਵਨੀਤਾ ਗੁਪਤਾ ਦੀ ਐਸੋਸੀਏਟ ਅਟਾਰਨੀ ਜਨਰਲ ਵਜੋਂ ਨਿਯੁਕਤੀ ਦੀ ਕੀਤੀ ਪੁਸ਼ਟੀ

**ਸੈਕਰਾਮੈਂਟੋ 23 ਅਪੈਰੈਲ (ਹੁਸਨ ਲੜੋਆ ਬੰਗਾ)-** ਸਲੰਘੇ ਦਿਨ ਸੈਨਟ ਨੇ ਵਨੀਤਾ ਗੁਪਤਾ ਦੀ ਅਮਰੀਕਾ ਦੇ ਐਸੋਸੀਏਟ ਅਟਾਰਨੀ ਜਨਰਲ ਵਜੋਂ ਨਿਯੁਕਤੀ ਦੀ ਪੁਸ਼ਟੀ ਕਰ ਦਿੱਤੀ। ਉਹ ਪਹਿਲੀ ਭਾਰਤੀ ਮੂਲ ਦੀ ਅਮਰੀਕਨ ਔਰਤ ਹੈ ਜੋ ਐਸੋਸੀਏਟ ਅਟਾਰਨੀ ਜਨਰਲ ਵਜੋਂ ਸੇਵਾਵਾਂ ਨਿਭਾਵੇਗੀ। ਗੁਪਤਾ ਨੂੰ ਐਸੋਸੀਏਟ ਅਟਾਰਨੀ ਜਨਰਲ ਨਿਯੁਕਤ ਕਰਨ ਸਬੰਧੀ ਪੇਸ ਮਤੇ ਦੇ ਹੱਕ ਵਿਚ 51 ਵੋਟਾਂ ਪਈਆਂ ਜਦ ਕਿ 49 ਵੋਟਾਂ ਵਿਰੋਧ ਵਿਚ ਪਈਆਂ। ਰਿਪਬ-ਲੀਕਨ ਸੈਨੇਟਰ ਲੀਸਾ ਮੁਰੋਕਵਸਕੀ ਨੇ ਰਾਸ਼ਟਰਪਤੀ ਜੋਅ ਬਾਇਡੇਨ ਦੇ ਨਿਆਂ ਵਿਭਾਗ ਦੁਆਰਾ ਨਾਮਜ਼ਦ ਵਨੀਤਾ ਗੁਪਤਾ ਦੇ ਹੱਕ ਵਿਚ ਵੋਟ ਪਾਈ। ਜੇਕਰ ਵੋਟਾਂ ਬਰਾਬਰ 50-50 ਪੈਂਦੀਆਂ ਤਾਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਸਦਨ ਵਿਚ ਮੌਜੂਦ ਸੀ ਤੇ ਉਹ ਆਪਣੀ ਵੋਟ ਦੀ ਵਰਤੋਂ ਗੁਪਤਾ ਦੇ ਹੱਕ ਵਿਚ ਕਰ ਸਕਦੀ ਸੀ ਪਰੰਤੂ ਲੀਸਾ ਮੁਰੋਕਵਸਕੀ ਨੇ ਇਹ ਨੌਬਤ ਨਹੀਂ ਆਉਣ ਦਿੱਤੀ। ਲੀਸਾ ਨੇ ਸੈਨਟ ਵਿਚ ਬੋਲਦਿਆਂ ਕਿਹਾ ਕਿ ਉਹ ਗੁਪਤਾ ਦੇ ਕੁਝ ਬਿਆਨਾਂ ਤੋਂ ਪਰੇਸ਼ਾਨ ਜਰੂਰ ਹੋਈ ਸੀ ਪਰੰਤੂ ਇਸ ਸਬੰਧੀ ਗੁਪਤਾ ਨਾਲ ਲੰਬੇ ਵਿਚਾਰ ਵਟਾਂਦਰੇ ਉਪਰੰਤ ਉਸ ਨੇ ਉਸ ਦੇ ਹੱਕ ਵਿਚ ਵੋਟ ਪਾਉਣ ਦਾ ਫੈਸਲਾ ਕੀਤਾ ਹੈ। ਵਨੀਤਾ ਗੁਪਤਾ ਨੇ ਸਦਨ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਹੈ। ਇਥੇ ਜਿਕਰਯੋਗ ਹੈ ਕਿ ਗੁਪਤਾ ਓਬਾਮਾ ਪ੍ਰਸ਼ਾਸ਼ਨ ਤਹਿਤ ਨਿਆਂ ਵਿਭਾਗ ਦੀ ਸਿਵਲ ਰਾਈਟਸ ਡਵੀਜ਼ਨ ਵਿਚ ਕੰਮ ਕਰ ਚੁੱਕੀ ਹੈ।



# ਅਮਰੀਕਾ ਵਿਚ ਆਏ ਜਬਰਦਸਤ ਤੂਫ਼ਾਨ ਕਾਰਨ ਹਜਾਰਾਂ ਲੋਕਾਂ ਦੇ ਘਰਾਂ ਦੀ ਬਿਜਲੀ ਗੁੱਲ

## ਦਰੱਖਤ ਡਿੱਗਣ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਵਧੀਆਂ

**ਸੈਕਰਾਮੈਂਟੋ 4 ਮਈ–** ਐਟਲਾਂਟਾ ਖੇਤਰ ਵਿਚ ਵਿਗੜੇ ਮੌਸਮ ਦੇ ਨਾਲ ਆਏ ਜਬਰਦਸਤ ਤੂਫ਼ਾਨ ਕਾਰਨ ਲੋਕਾਂ ਨੂੰ ਬਹੁਤ ਹੀ ਮੁਸ਼ਕਿਲਾਂ ਵਾਲੇ ਹਾਲਾਤ ਵਿਚੋਂ ਗੁਜਰਨਾ ਪੈ ਰਿਹਾ ਹੈ।

ਟੈਕਸਸ, ਜਾਰਜੀਆ ਤੇ ਫਲੋਰੀਡਾ ਵਿਚ ਹਜਾਰਾਂ ਲੋਕਾਂ ਦੇ ਘਰਾਂ ਦੀ ਬਿਜਲੀ ਗੁੱਲ ਹੋ ਗਈ ਹੈ। ਘੱਟੋ ਘੱਟ 37000 ਘਰਾਂ ਵਿਚ ਲੋਕ ਬਿਨਾਂ ਬਿਜਲੀ ਦੇ ਰਹਿਣ ਲਈ ਮਜਬੂਰ ਹਨ। ਜਾਰਜੀਆ ਵਿਚ ਦਰੱਖਤ ਡਿੱਗਣ ਕਾਰਨ ਬਿਜਲੀ ਦੀ ਤਾਰ ਕਾਰ ਉਪਰ ਡਿੱਗ ਪੈਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਐਟਲਾਂਟਾ ਦੇ ਸਮੁੱਚੇ ਖੇਤਰ ਵਿਚ ਦਰੱਖਤ ਡਿੱਗਣ ਦੀਆਂ ਰਿਪੋਰਟਾਂ ਹਨ ਜਿਸ ਕਾਰਨ ਆਵਾਜਾਈ ਵਿਚ ਵਿਘਨ ਪਿਆ ਹੈ ਤੇ ਲੋਕਾਂ ਦੀਆਂ ਮੁਸ਼ਕਿਲਾਂ ਵਧੀਆਂ ਹਨ। ਮੌਸਮ ਵਿਭਾਗ ਅਨੁਸਾਰ 75 ਮੀਲ ਪ੍ਰਤੀ ਘੰਟਾ ਤੋਂ ਵੀ ਤੇਜ ਚਲੀਆਂ ਹਵਾਵਾਂ, ਗੜੇਮਾਰੀ ਤੇ ਬਾਰਿਸ਼ ਕਾਰਨ ਲੋਕਾਂ ਦੇ ਘਰਾਂ ਤੇ ਹੋਰ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ। ਮੌਸਮ ਬਾਰੇ ਭਵਿੱਖਬਾਣੀ ਕੇਂਦਰ ਨੇ ਚਿ–ਤਾਵਨੀ ਦਿੱਤੀ ਹੈ ਕਿ ਦੱਖਣ ਪੂਰਬ ਦੇ ਸਮੁੱਚੇ ਖੇਤਰ ਵਿਚ ਤੇਜ ਤੂਫ਼ਾਨ ਆਉਣ ਦੀ ਸੰਭਾਵਨਾ ਹੈ। ਲੁਇਸਆਨਾ, ਮਿਸੀਸਿਪੀ ਤੇ ਟੈਨੇਸੀ ਰਾਜਾਂ ਵਿਚ ਵਧੇਰੇ ਖਤਰਾ ਹੈ।

ਮਿਸੀਸਿਪੀ ਦੇ ਮੱਧ ਤੇ ਹੇਠਲੀ ਓਹਿਓ ਵਾਦੀ ਵਿਚ ਵੱਡੇ ਪੱਧਰ ਉਪਰ ਗੜੇਮਾਰੀ ਤੇ ਹੜ ਦੀ ਚਿਤਾਵਨੀ ਦਿੱਤੀ ਗਈ ਹੈ।

# ਬਿੱਲ ਗੇਟਸ ਤੇ ਮੇਲਿੰਡਾ ਗੇਟਸ ਨੇ 27 ਸਾਲ ਇਕੱਠੇ ਰਹਿਣ ਉਪਰੰਤ ਲਿਆ ਤਲਾਕ

**ਸੈਕਰਾਮੈਂਟੋ 4 ਮਈ–** ਮਾਈਕਰੋ ਸਾਫਟ ਦੇ ਸਹਿ ਸੰਸਥਾਪਕ ਬਿੱਲ ਗੇਟਸ ਤੇ ਉਸ ਦੀ ਪਤਨੀ ਮੇਲਿੰਡਾ ਨੇ 27 ਸਾਲ ਦਾ ਗ੍ਰਹਿਸਥ ਜੀਵਨ ਬਿਤਾਉਣ ਬਾਅਦ ਇਕ ਦੂਸਰੇ ਤੋਂ ਵੱਖ ਹੋਣ ਤੇ ਤਲਾਕ ਲੈਣ ਦਾ ਐਲਾਨ ਕੀਤਾ ਹੈ। ਜੋੜਾ ਜੋ ਬਿੱਲ ਐਂਡ ਮੇਲਿੰਡਾ ਗੇਟਸ ਫਾਉਂਡੇਸ਼ਨ ਦੇ ਸਹਿ ਪ੍ਰਧਾਨ ਹਨ ਨੇ ਟਵਿਟਰ ਉਪਰ ਆਪਣੇ ਫੈਸਲੇ ਤੋਂ ਜਾਣੂ ਕਰਵਾਇਆ। ਉਨਾਂ ਨੇ ਕਿਹਾ ਹੈ ਕਿ ਉਹ ਬਿੱਲ ਐਂਡ ਮੇਲਿੰਡਾ




ਗੇਟਸ ਫਾਉਂਡੇਸ਼ਨ ਜੋ ਇਕ ਕੌਮਾਂਤਰੀ ਸਿਹਤ ਤੇ ਚੈਰਿਟੀ ਸੰਸਥਾ ਹੈ, ਵਿਚ ਇਕੱਠੇ ਕੰਮ ਕਰਦੇ ਰਹਿਣਗੇ। ਦੋਨਾਂ ਨੇ ਆਪਣੇ ਟਵਿਟਰ ਉਪਰ ਪਾਏ ਸਾਂਝੇ ਬਿਆਨ ਵਿਚ ਕਿਹਾ ਹੈ ਕਿ ' ਮਹਾਨ ਵਿਚਾਰ ਵਟਾਂਦਰੇ ਤੇ ਆਪਸੀ ਸਬੰਧਾਂ ਉਪਰ ਨਜਰਸਨੀ ਉਪਰੰਤ ਅਸੀਂ ਆਪਣਾ ਵਿਆਹੁਤਾ ਜੀਵਨ ਖਤਮ ਕਰਨ ਦਾ ਫੈਸਲਾ ਕੀਤਾ ਹੈ। ਪਿਛਲੇ 27 ਸਾਲਾਂ ਦੌਰਾਨ ਅਸੀਂ 3 ਅਸਧਾਰਨ ਬੱਚਿਆਂ ਨੂੰ ਪਾਲਿਆ ਹੈ ਤੇ ਇਕ ਸੰਸਥਾ ਖੜੀ ਕੀਤੀ ਹੈ ਤਾਂ ਜੋ ਵਿਸ਼ਵ ਭਰ ਵਿਚ ਲੋਕ ਸਿਹਤਮੰਦ ਤੇ ਉਪਯੋਗੀ ਜੀਵਨ ਜੀਅ ਸਕਣ। ਅਸੀਂ ਇਸ ਸੰਸਥਾ ਵਿਚ ਮਿਲਕੇ ਕੰਮ ਕਰਨਾ ਜਾਰੀ ਰਖਾਂਗੇ। ਜੀਵਨ ਦੇ ਅਗਲੇ ਪੜਾਅ ਵਿਚ ਅਸੀਂ ਇਹ ਭੁੱਲ ਜਾਵਾਂਗੇ ਕਿ ਅਸੀਂ ਕਦੀ ਜੋੜੇ ਵਜੋਂ ਵਿਚਰਦੇ ਰਹੇ ਸੀ।" ਬਿੱਲ ਤੇ ਮੇਲਿੰਡਾ ਗੇਟਸ ਦੇ ਨੇੜਲੇ ਹਲਕਿਆਂ ਨੇ ਦੋਨਾਂ ਦੇ ਫੈਸਲਾ ਉਪਰ ਹੈਰਾਨ ਪ੍ਰਗਟਾਈ ਹੈ ਪਰ ਇਸ ਦੇ ਨਾਲ ਹੀ ਉਨਾਂ ਦੇ ਅਗਲੇ ਜੀਵਨ ਲਈ ਸ਼ੁਭ ਕਾਮਨਾਵਾਂ ਵੀ ਭੇਜੀਆਂ ਹਨ।

# ਮਜ਼ਬੀ ਸਿੱਖ ਕੌਮ ਦੀ 23ਵੀ ਤੇ 32ਵੀ ਪਾਇਓਨਿਰ ਯਨਿਟ ਨੂੰ ਰਾਇਲ ਕੌਮ' ਦਾ ਖਿਤਾਬ ਮਿਲਿਆ

ਮਜ਼ਬੀ ਸਿੱਖ ਕੌਮ ਦੀ 23ਵੀ ਤੇ 32ਵੀ ਪਾਇਓਨਿਰ ਯੂਨਿਟ ਨੂੰ ਤਿੱਬਤ ਦੀ ਜੰਗ ਵਿੱਚ 1903 ਵਿੱਚ 'ਮਾਰਸ਼ਲ ਕੌਮ' ਤੇ 34ਵੀ ਪਾਇਓਨਿਰ ਯੂਨਿਟ ਨੂੰ ਫਰਾਂਸ ਦੀ ਜੰਗ ਵਿੱਚ 1914–15 ਵਿੱਚ 'ਰਾਇਲ ਕੌਮ' ਦਾ ਖਿਤਾਬ ਮਿਲਿਆ ਹੈ। ਬਾਬਾ ਬਘੇਲ ਸਿੰਘ ਜੀ ਦਿੱਲੀ ਫ਼ਤਿਹ ਕਰਨ ਵਿੱਚ ਮੋਹਰੀ ਹਨ। ਸੰਸਾਰ ਦੇ ਮਹਾਨ ਜਰਨੈਲਾਂ ਵਿੱਚੋਂ ਇੱਕ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਰੂਆ (ਨਰੂ ਭਾਵ ਨਰ ਆ ਭਾਵ ਮਰਦ ਹੈ, ਖੱਤਰੀ ਵਰਣ ਵਿੱਚ 'ਨਲੂਆ' ਗੋਤ ਨਹੀਂ ਹੈ) ਹਨ। ਅਕਾਲੀ ਫੂਲਾ ਸਿੰਘ ਤੇ ਨਰੂਆ ਮਹਾਰਾਜ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਕਾਇਮ ਤੇ ਵਿਸਥਾਰ ਕਰਨ ਵਾਲੇ ਮਹਾਨ ਜਰਨੈਲ ਹਨ।

ਮਜ਼ਬੀ ਸਿੱਖ ਸਮਾਜ ਦੀ ਬਹੁਗਿਣਤੀ ਜਨਸੰਖਿਆ ਵਾਲੇ ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿੱਚ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਰੂਆ ਦਾ ਜਨਮ ਹੋਇਆ ਹੈ। ਪੰਜਾਬ ਦੇ ਤਰਨਤਾਰਨ ਵਿੱਚ ਖ਼ਾਲਸਾ ਰਾਜ ਦਾ ਪਹਿਲਾ ਨਿਸ਼ਾਨ ਲਹਿਰਾਉਣ ਵਾਲੇ ਸਿਰਫ਼ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਹਨ। ਸਿਰਫ਼ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਉਹ ਮਹਾਨ ਸਿੰਘ ਸੂਰਮੇ ਹਨ ਜਿਨ੍ਹਾਂ ਨੇ ਬੰਦੂਕ ਦੀ ਪਰਖ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਹਿੱਕ ਸਮਰਪਿਤ ਕਰ ਦਿੱਤੀ। ਭਾਈ ਜੈਤਾ ਜੀ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜਰਨੈਲ ਹਨ। ਅੰਗ੍ਰੇਜ਼ ਇਤਿਹਾਸਕਾਰ ਕਨਿਘਮ ਲਿਖ਼ਦੇ ਹਨ ਕਿ ਇਨ੍ਹੀ ਬਹਾਦਰ ਕੌਮ ਦਾ ਨਿਘਾਰ ਹੋਣ ਦੇ ਕਾਰਨ ਕੀ ਹੋ ਸਕਦੇ ਹਨ? ਬਹਾਦੁਰੀ ਤੋਂ ਨਿਘਾਰ ਤੇ ਪਹੁੰਚ ਚੁੱਕੀ ਭਾਰਤੀ ਸਮਾਜ ਵਿੱਚ ਇਹ ਕੌਮ ਸਭ ਤੋਂ ਵੱਧ ਅਣਗੌਲੀ ਹੋਈ ਕੌਮ ਹੈ ਜਿਸ ਦੀ ਸਾਖ਼ਰਤਾ ਦਰ ਸਭ ਤੋਂ ਹੇਠਾਂ ਹੈ। ਇਹ ਗੁਰਸਿੱਖ ਕੌਮ 21ਵੀ ਸਦੀ ਵਿੱਚ ਵੀ ਮੁੱਖ ਰੂਪ ਵਿੱਚ ਸਮਾਜਿਕ ਭੇਦ ਭਾਵ ਦੀ ਸਮੱਸਿਆਵਾਂ ਨਾਲ ਜੂਝ ਰਹੀ ਹੈ। ਇਸ ਦੀ ਜਨਸੰਖਿਆ ਮੁਤਾਬਿਕ ਦੇਸ਼ ਦੇ ਖੇਤੀਯੋਗ ਜ਼ਮੀਨ ਅਤੇ ਹੋਰ ਆਮਦਨ ਦੇ ਸਾਧਨਾਂ ਵਿੱਚੋਂ ਵੀ ਇਸ ਕੌਮ ਨੂੰ ਇਸ ਦਾ ਬਣਦਾ ਹਿੱਸਾ ਨਹੀਂ ਮਿਲਿਆ? ਪਿੰਡਾਂ ਵਿੱਚ ਇਸ ਬਹਾਦਰ ਕੌਮ ਦੇ ਵੱਖ ਸਮਸ਼ਾਨ ਘਾਟ ਕਿਉਂ ਹਨ? ਭਾਰਤੀ ਸਮਾਜ ਵਿੱਚ ਇਸ ਕੌਮ ਨੂੰ ਇਸ ਕੌਮ ਦੀ ਬਹਾਦਰੀ ਦਾ ਮੁੱਲ ਇਸ ਕੌਮ ਨਾਲ ਭੇਦ ਭਾਵ ਹੈ। ਇਸ ਕੌਮ ਦੀ ਬਹਾਦਰੀ ਦੀ ਯਾਦਗਰ ਨੂੰ ਤਾਜ਼ਾ ਕਰਦਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਬੂੰਗਾ ਰੰਘਰੇਟੇਆਂ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ ਹੈ। ਇਸ ਕੌਮ ਦੇ ਮਹਾਨ ਸਿੱਖ ਜਰਨੈਲ ਬਾਬਾ ਬੀਰ ਸਿੰਘ ਬੰਗਸੀ ਨੂੰ ਹਥਿਆਰ ਰਹਿਤ ਕਰਕੇ ਉਸ ਦਾ 500 ਮਜ਼ਬੀ ਸਿੱਖ ਯੋਧਿਆਂ ਸਮੇਤ ਧੋਖੇ ਨਾਲ ਕਤਲ ਕਰਨ ਦਾ ਇਤਿਹਾਸ ਹੈ।

ਜ਼ਾਹਿਰ ਹੈ ਕਿ ਇਸ ਬਹਾਦਰ ਕੌਮ ਨੂੰ ਇਸ ਕਾਗਾਰ ਤੇ ਪਹੁੰਚਾਣ ਲਈ ਇਸ ਦੇ ਮਹਾਨ ਜਰਨੈਲਾਂ ਨੂੰ ਧੋਖੇ ਨਾਲ ਮਾਰਿਆ ਗਿਆ। ਪਦਮ ਸ੍ਰੀ ਮਰਹੂਮ ਭਾਈ ਨਿਰਮਲ ਸਿੰਘ ਜੀ ਖਾਲਸਾ ਦੀ ਮ੍ਰਿਤਕ ਦੇਹ ਦੀ ਬਿਪਰਵਾਦੀ ਸਿੱਖ ਜਗਤ ਵਿੱਚ ਕਰੋਨਾ ਦੀ ਆੜ੍ਹ ਹੇਠ ਘੋਰ ਬੇਅਦਬੀ ਮਜ਼ਬੀ ਸਿੱਖ ਕੌਮ ਲਈ ਭੇਦ ਭਾਵ ਦੀ ਨਾ ਭੁੱਲਣ ਯੋਗ ਅਤਿ ਮੰਦਭਾਗੀ ਘਟਨਾ ਹੈ। ਆਪਸੀ ਏਕਤਾ ਦੀ ਵੱਡੀ ਕਮੀ ਨੇ ਇਸ ਵਿਤਕਰੇ ਵਿਰੁੱਧ ਅੱਜ ਤੱਕ ਇਸ ਕੌਮ ਦੀ ਬਹਾਦਰੀ ਕੁਝ ਕਰਨ ਦੇ ਸਮਰੱਥ ਨਹੀਂ ਹੋਣ ਦਿੱਤਾ?

**– ਸੁਰਜੀਤ ਸਿੰਘ ਖਾਲਸਾ**

# ਯੂਕੇ: 3,000 ਮੁਰਦਿਆਂ ਨੂੰ ਕਬਰਾਂ 'ਚੋਂ ਕੱਢ ਕੇ ਕਿਉਂ ਦਫਨਾਇਆ ਜਾਵੇਗਾ ਹੋਰ ਜਗ੍ਹਾ?

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਦੇ ਬਕਿੰਘਮ ਸ਼ਾਇਰ ਦੀ ਇੱਕ ਚਰਚ ਦੇ ਵਿਹੜੇ ਵਿੱਚ ਦੱਬੀਆਂ ਤਕਰੀਬਨ 3,000 ਲਾਸ਼ਾਂ ਨੂੰ ਬਾਹਰ ਕੱਢਣ ਦੀ ਯੋਜਨਾ ਐਚ ਐਸ 2 ਦੇ ਠੇਕੇਦਾਰਾਂ ਵੱਲੋਂ ਬਣਾਈ ਜਾ ਰਹੀ ਹੈ ਜੋ ਕਿ ਨਵੀਂ ਤੇਜ਼ ਰਫਤਾਰ ਰੇਲਵੇ ਲਿੰਕ ਦੇ ਰਾਹ ਵਿੱਚ ਹੈ। ਪੁਰਾਤੱਤਵ ਵਿਗਿਆਨੀਆਂ ਨੇ ਬਕਿੰਘਮਸ਼ਾਇਰ ਦੇ ਸਟੋਕ ਸਟੈਂਡ ਮੈਡੇਵਿਲ ਵਿਖੇ ਓਲਡ ਸੇਂਟ ਮੈਰੀ ਦੀ ਚਰਚ ਵਿੱਚ ਇੱਕ ਜਗ੍ਹਾ ਦੀ ਖੁਦਾਈ ਕੀਤੀ ਅਤੇ ਇਹ ਮੁਰਦਾ ਘਰ 900 ਸਾਲਾਂ ਲਈ ਵਰਤਿਆ ਜਾ ਰਿਹਾ ਸੀ, ਜਿਸਦਾ ਆਖਰੀ ਰਿਕਾਰਡ 1908 ਵਿੱਚ ਹੋਇਆ ਸੀ। ਇਸ ਕਬਰਸਤਾਨ ਵਿੱਚ ਲੱਗਭਗ 3,000 ਲਾਸ਼ਾਂ



ਦੱਬੀਆਂ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਤਰ੍ਹਾਂ ਰੇਲ ਲਿੰਕ ਦੇ ਵਿਕਾਸ ਦੇ ਦੌਰਾਨ ਲਾਸ਼ਾਂ ਕੱਢਣ ਦਾ ਇਹ ਪਹਿਲਾ ਕੰਮ ਨਹੀਂ ਹੈ, ਇਸ ਤੋਂ ਪਹਿਲਾਂ ਵੀ ਸਾਲ 2017 ਵਿੱਚ ਅੰਦਾਜ਼ਨ 60,000 ਲਾਸ਼ਾਂ ਈਊਸਟਨ ਸਟੇਸ਼ਨ 'ਤੇ ਇੱਕ ਪੁਰਾਣੇ ਮੁਰਦਾ ਘਰ ਤੋਂ ਬਾਹਰ ਕੱਢੀਆਂ ਗਈਆਂ ਸਨ, ਜਿਹਨਾਂ ਨੂੰ ਦੁਬਾਰਾ ਸਰੀ ਦੇ ਬਰੁਕਵੁੱਡ ਕਬਰਸਤਾਨ ਵਿੱਚ ਦੱਬਿਆ ਗਿਆ। ਇਸ ਪ੍ਰਾਚੀਨ ਚਰਚ ਦਾ ਨਵੀਨੀਕਰਣ 13 ਵੀਂ, 14 ਵੀਂ ਅਤੇ 17 ਵੀਂ ਸਦੀ ਵਿੱਚ ਕੀਤਾ ਗਿਆ ਸੀ। ਇਸ ਨੇ ਕਮਿਊਨਿਟੀ ਵਿੱਚ ਕੇਂਦਰੀ ਭੂਮਿਕਾ ਨਿਭਾਈ ਸੀ। ਸੇਂਟ ਮੈਰੀ ਦੀ ਸਾਈਟ ਨੂੰ ਵਿਲੱਖਣ ਮੰਨਿਆ ਜਾਂਦਾ ਹੈ ਅਤੇ ਉਥੇ ਕੰਮ ਕਰ ਰਹੇ 40 ਪੁਰਾਤੱਤਵ ਵਿਗਿਆਨੀਆਂ ਦੀ ਟੀਮ ਨੂੰ ਉਮੀਦ ਹੈ ਕਿ ਖੁਦਾਈ ਉਨ੍ਹਾਂ ਨੂੰ ਇਸ ਪੂਜਾ ਸਥਾਨ ਦੇ ਇਤਿਹਾਸ ਨੂੰ ਸਮਝਣ ਵਿੱਚ ਸਹਾਇਤਾ ਕਰੇਗੀ। ਅਗਲੇ ਛੇ ਮਹੀਨਿਆਂ ਵਿੱਚ, ਪੁਰਾਤੱਤਵ–ਵਿਗਿਆਨੀਆਂ ਦੀ ਇੱਕ ਟੀਮ, ਇੰਜੀਨੀਅਰਾਂ ਦੀ ਸਹਾਇਤਾ ਨਾਲ, ਚਰਚ ਦੇ ਬਾਕੀ ਢਾਂਚੇ ਨੂੰ ਹਟਾ ਦੇਵੇਗੀ ਅਤੇ ਚਰਚ ਦੇ ਵਿਹੜੇ ਵਿੱਚ ਦੱਬੀਆਂ ਲਾਸ਼ਾਂ ਦੀ ਖੁਦਾਈ ਕਰੇਗੀ।

# ਭਾਰਤ ਵਿਚ ਬੀਤੇ 24 ਘੰਟਿਆਂ 'ਚ ਕੋਰੋਨਾ ਮਾਮਲਿਆਂ ਵਿਚ ਆਈ ਗਿਰਾਵਟ

## ਭਾਰਤ ਦੇ ਸੱਤ ਰਾਜਾਂ 'ਚ ਘੱਟ ਹੋ ਰਹੇ ਮਾਮਲੇ

**ਨਵੀਂ ਦਿੱਲੀ–** ਦੇਸ਼ ਵਿਚ ਕੋਰੋਨਾ ਵਾਇਰਸ ਦੇ ਮਾਮਲਿਆਂ ਵਿਚ ਥੋੜੀ ਜਿਹੀ ਗਿਰਾਵਟ ਆਈ ਹੈ। ਜਿਸ ਨਾਲ ਭਾਰਤ ਨੂੰ ਕੁਝ ਰਾਹਤ ਮਿਲੀ ਹੈ। ਦੇਸ਼ ਦੇ ਸੱਤ ਰਾਜਾਂ ਵਿਚ ਕੋਰੋਨਾ ਦੇ ਕੇਸ ਤੇਜ਼ੀ ਨਾਲ ਘਟ ਰਹੇ ਹਨ, ਜੋ ਸਕਾਰਾਤਮਕ ਸੰਕੇਤ ਹਨ। ਹਾਲਾਂਕਿ, ਇਸ ਬਾਰੇ ਅਜੇ ਵੀ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਅਨੁਸਾਰ ਦੇਸ਼ ਵਿਚ




ਪਿਛਲੇ 24 ਘੰਟਿਆਂ ਵਿਚ ਕੋਰੋਨਾ ਵਾਇਰਸ ਦੇ 3 ਲੱਖ 57 ਹਜ਼ਾਰ 229 ਮਾਮਲੇ ਸਾਹਮਣੇ ਆਏ ਹਨ। ਇਸ ਸਮੇਂ ਦੌਰਾਨ 3,449 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਅਨੁਸਾਰ ਪਿਛਲੇ 24 ਘੰਟਿਆਂ ਵਿਚ ਕੋਰੋਨਾ ਤੋਂ ਠੀਕ ਹੋਏ ਮਰੀਜ਼ਾਂ ਦੀ ਗਿਣਤੀ 3 ਲੱਖ 20 ਹਜ਼ਾਰ 289 ਹੋ ਗਈ ਹੈ, ਜੋ ਕਿ ਚੰਗੇ ਸੰਕੇਤ ਦਿਖਾ ਰਹੀ ਹੈ। ਇਸ ਨਾਲ ਦੇਸ਼ ਵਿਚ ਹੁਣ ਤਕ ਕੁਲ 1 ਕਰੋੜ 66 ਲੱਖ 13 ਹਜ਼ਾਰ 292 ਵਿਅਕਤੀ ਕੋਰੋਨਾ ਇਨਫੈਕਸ਼ਨ ਤੋਂ ਠੀਕ ਹੋ ਚੁੱਕੇ ਹਨ। ਇਸ ਨਾਲ ਰਿਕਵਰੀ ਦੀ ਦਰ ਵਧ ਕੇ 81.91% ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਦਿੱਲੀ, ਗੁਜਰਾਤ ਅਤੇ ਮਹਾਰਾਸ਼ਟਰ ਵਰਗੇ ਰਾਜ ਰੋਜ਼ਾਨਾ ਕੋਰੋਨਾ ਵਿਚ ਕਮੀ ਦੇ ਸੰਕੇਤ ਦਿਖਾ ਰਹੇ ਹਨ, ਹਾਲਾਂਕਿ ਵਿਸ਼ਲੇਸ਼ਣ ਦੇ ਲਿਹਾਜ਼ ਨਾਲ ਇਹ ਮੁਢਲੇ ਸੰਕੇਤ ਹਨ। ਕਿਰਿਆਸ਼ੀਲ ਮਰੀਜ਼ਾਂ ਦੀ ਗਿਣਤੀ ਅਜੇ ਵੀ ਇਕ ਚੁਣੌਤੀ ਬਣੀ ਹੋਈ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਅਨੁਸਾਰ ਦੇਸ਼ ਵਿਚ ਹੁਣ ਤਕ ਕੋਰੋਨਾ ਵਾਇਰਸ ਦੇ 2,02,82,883 ਮਾਮਲੇ ਸਾਹਮਣੇ ਆਏ ਹਨ। ਦੇਸ਼ ਵਿਚ ਕੋਰੋਨਾ ਦੇ ਸਰਗਰਮ ਮਾਮਲਿਆਂ ਦੀ ਗੱਲ ਕਰੀਏ ਤਾਂ ਇਸ ਸਮੇਂ ਦੇਸ਼ ਵਿਚ 34,47,133 ਸਰਗਰਮ ਕੇਸ ਹਨ। ਜਿਸ ਕਾਰਨ ਸਰਗਰਮ ਰੇਟ ਨੂੰ 17% ਤਕ ਵਧਾ ਦਿੱਤਾ ਗਿਆ ਹੈ। ਭਾਰਤ ਵਿਚ ਕੋਰੋਨਾ ਤੋਂ ਹੁਣ ਤਕ 2,22,408 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕੋਰੋਨਾ ਦੀ ਮੌਤ ਦਰ 1.10% ਹੈ।


## ਵਰ ਦੀ ਲੋੜ

ਬਾਲਮੀਕ ਗਿੱਲ, ਅਮਰੀਕਨ ਸਿਟੀਜਨ, ਉਮਰ 32 ਸਾਲ, ਕੱਦ 5 ਫੁੱਟ ਚਾਰ ਇੰਚ, LVN ਨਰਸ ਦੀ ਨੌਕਰੀ ਕਰਦੀ ਲੜਕੀ ਲਈ ਚੰਗੇ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਜ਼ਰੂਰਤ ਹੈ। ਸੰਪਰਕ ਲਈ ਫੋਨ ਨੰਬਰ 530-740-3056





NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928


# ਗੁਰਦੁਆਰਾ ਦੇ ਮੁੱਖ ਸੇਵਾਦਾਰ ਅਮਰ ਸਿੰਘ ਗਿੱਲ ਦੀ ਮੌਤ 'ਤੇ ਗਹਿਰਾ ਦੁੱਖ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਵਿੰਡਸਰ ਨਿਊਜਰਸੀ ਦੇ ਮੁੱਖ ਸੇਵਾਦਾਰ ਤੇ ਉਘੇ ਸਮਾਜਸੇਵੀ ਅਮਰ ਸਿੰਘ ਗਿੱਲ (81) ਦੀ ਅਚਨਚੇਤ ਮੌਤ ਦੀ ਖਬਰ ਸੁਣਦਿਆਂ ਨੌਰਥ ਅਮਰੀਕਾ ਦੇ ਪੰਜਾਬੀ ਭਾਈਚਾਰੇ ਨੇ ਗਹਿਰਾ ਦੁੱਖ ਪ੍ਰਗਟ ਕੀਤਾ। ਅਮਰ ਸਿੰਘ ਗਿੱਲ ਨੂੰ ਸ਼ਨਿਚਰਵਾਰ ਪਹਿਲੀ ਮਈ ਨੂੰ ਵੱਖ-ਵੱਖ ਗੁਰਦੁਆਰਿਆਂ ਦੀ ਸੰਗਤ ਨੇ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ। ਉਹਨਾਂ ਦੀ ਆਤਮਕ ਸ਼ਾਂਤੀ ਲਈ ਸਹਿਜ ਪਾਠ ਦੇ ਭੋਗ ਤੇ 8 ਮਈ ਸ਼ਨਿਚਰਵਾਰ ਨੂੰ ਵਿੰਡਸਰ ਗੁਰਦੁਆਰਾ ਨਿਊਜਰਸੀ ਵਿਖੇ ਅੰਤਿਮ ਅਰਦਾਸ ਹੋਵੇਗੀ। ਗੁਰਦੁਆਰਾ ਰਿਚਮੰਡ ਨਿਊਯਾਰਕ ਦੇ ਮੁੱਖ ਸੇਵਾਦਾਰ ਦਵਿੰਦਰ ਸਿੰਘ ਬੋਪਾਰਾਏ, ਸੁਰਜੀਤ ਸਿੰਘ ਕੁਲਾਰ, ਬਲਵਿੰਦਰ ਸਿੰਘ ਬਾਜਵਾ, ਕੇ. ਕੇ. ਸ਼ਰਮਾ, ਨਿਊਜਰਸੀ ਤੋਂ ਜਸਵਿੰਦਰ ਸਿੰਘ ਪੱਖੋਕੇ, ਮਿਲਵਾਕੀ ਤੋਂ ਹਰਭਜਨ ਸਿੰਘ ਸੰਧਾਵਾਲੀਆ, ਸ਼ਿਕਾਗੋ ਤੋਂ ਗੁਰਿੰਦਰ ਸਿੰਘ ਸੰਧੂ, ਭਾਰਤ ਤੋਂ ਕਰਤਾਰ ਸਿੰਘ ਪਹਿਲਵਾਨ, ਅੰਗਰੇਜ਼ ਸਿੰਘ ਡੀ. ਟੀ. ਓ., ਗੁਰਕਿਰਪਾਲ ਸਿੰਘ ਅਤੇ ਸਿਆਟਲ ਤੋਂ ਦਰਬਨ ਸਿੰਘ ਬੜਾ ਪਿੰਡ, ਹਰਸ਼ਿੰਦਰ ਸਿੰਘ ਸੰਧੂ, ਜਗਦੇਵ ਸਿੰਘ ਧਾਲੀਵਾਲ, ਬਲਜੀਤ ਸਿੰਘ ਜੌਹਲ, ਗੁਰਦੀਪ ਸਿੰਘ ਸਿੱਘੂ ਸਮੇਤ ਦੇਸ਼ ਵਿਦੇਸ਼ ਦੀਆਂ ਕਈ ਅਹਿਮ ਸ਼ਖਸੀਅਤਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੱਸਿਆ ਕਿ ਅਮਰ ਸਿੰਘ ਗੱਲ ਬਹੁਤ ਮਿਲਾਪੜੇ, ਲੋੜਵੰਦਾਂ ਦੀ ਸੇਵਾ ਕਰਨ ਵਾਲੇ ਸਾਊ ਇਨਸਾਨ ਸਨ, ਜਿਹਨਾਂ ਦੇ ਪੰਜਾਬੀ ਭਾਈਚਾਰੇ ਦੇ ਕਾਰਜਾਂ 'ਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਦੇਸ਼ ਦੁਆਬਾ

# ਬੇਮੁਖ ਲੋਕਾਂ ਨੂੰ ਸੁਨੇਹਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ ’ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) ’ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 ’ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ ’ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ ’ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**
**ਕੌਮੀ ਉਡਾਰੀਆਂ (ਜਲੰਧਰ)**
**14 ਜਨਵਰੀ 1986 ‘ਚੋਂ ਧੰਨਵਾਦ ਸਹਿਤ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਨੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-173

## ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਬਾਰੇ ਸਾਰਥਕ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਮਿਥ ਮੁਤਾਬਿਕ ਜਸਰਥ-ਦਸ਼ਰਥ ਰਾਮਾਇਣ ਵਿੱਚ ਰਾਜਾ ਰਾਮ ਦਾ ਪਿਤਾ ਅਤੇ ਅਯੋਧਿਆ ਦਾ ਰਾਜਾ ਹੈ। ਇਹ ਰਾਮਾਇਣ ਦਾ ਇੱਕ ਮਹੱਤਵਪੂਰਨ ਪਾਤਰ ਹੈ। ਇਹ "ਅਜ" ਅਤੇ "ਇੰਦੁਮਤੀ" ਦਾ ਪੁੱਤਰ ਸੀ। ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥੪॥(੯੭੩) ਅਕਸਰ ਹੀ ਐਸਾ ਹੁੰਦਾ ਹੈ ਕਿ ਜਦੋਂ ਅਸੀਂ ਅੱਧੀ ਤੁੱਕ ਨੂੰ ਲੈ ਕੇ ਵਿਚਾਰ ਕਰਦੇ ਹਾਂ ਤਾਂ ਭੁਲੇਖਾ ਪੈ ਜਾਂਦੈ ਉਪਰੋਕਤ ਤੁਕ ਦਾ ਪੂਰਾ ਬੰਦ ਇਹ ਹੈ- ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨਹਿ ਲੀਜੈ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥੪॥ (ਨਾਮਦੇਵ-੯੭੩) ਭਗਤ ਨਾਮਦੇਵ ਆਖਦੇ ਹਨ ਕਿ ਮੇਰਾ ਰੱਬ ਉਹ ਹੈ ਜੋ "ਦਸ਼ਰਥ" ਦਾ ਵੀ "ਰਾਇ" ਹੈ, ਨੰਦ ਦਾ ਵੀ "ਰਾਜਾ" ਹੈ ਅਤੇ ਰਾਮ ਚੰਦ ਵੀ ਉਸ ਨੂੰ ਪ੍ਰਨਾਮ ਕਰਦਾ ਹੈ। ਇਹ ਰੱਬ ਵਸਦਾ ਕਿੱਥੇ ਹੈ? ਉਹ ਰਾਮ ਮਨ 'ਚ ਵਸਦੈ ਪਰ ਆਪਣੇ ਆਪ ਨੂੰ "ਚੀਨਹਿ" ਕੇ ਮਿਲਦਾ ਹੈ।ਇਹ ਭੁਲੇਖਾ ਦੂਰ ਕਰਨ ਲਈ ਹੀ "ਆਪ ਜੀ" ਇਸੇ ਸ਼ਬਦ ਵਿਚ ਲਫ਼ਜ਼ ਰਾਮ, ਰਾਮਈਆ ਤੇ ਨਾਰਾਇਣ ਭੀ ਵਰਤਦੇ ਅਤੇ ਦੱਸਦੇ ਹਨ ਕਿ ਸਾਡੇ ਪ੍ਰੀਤਮ ਪਿਆਰੇ ਨੂੰ ਰਾਮ ਕਹਿ ਲਵੋ, ਕਿਸ਼ਨ ਕਹਿ ਲਵੋ, ਚਾਹੇ ਨਾਰਾਇਣ ਕਹਿ ਲਵੋ ਜੋ ਕਿਸ਼ਨ-ਰੂਪ 'ਚ ਆਇਆ, ਗਰੀਬ-ਗੁਆਲਿਆਂ ਨਾਲ ਖੇਡਿਆ, ਉਹਨਾਂ ਨਾਲ ਰਲ ਕੇ ਬੰਸਰੀ ਵਜਾਈ ਤੇ ਗਾਵਾਂ ਚਾਰਦਾ ਰਿਹਾ। ਉੱਚੀ ਜਾਤ ਦੇ ਲੋਕ ਨਾਮਦੇਵ ਜੀ ਦੇ ਇਸ ਵਲਵਲੇ ਦੀ ਕੀਹ ਸਾਰ ਜਾਣਨ? ਆਪਣੇ ਇਸ਼ਟ ਨੂੰ ਪ੍ਰਭੂ, ਰਾਮ, ਰਮਈਆ, ਗੋਬਿੰਦ, ਹਰੀ, ਨਾਰਾਇਣ ਲਫਜ਼ਾਂ ਨਾਲ ਯਾਦ ਕਰਨ ਵਾਲਾ ਨਾਮਦੇਵ ਜਦੋਂ ਉੱਚੀ ਜਾਤਿ ਵਾਲਿਆਂ ਵਲੋਂ ਹੋਈ ਨਿਰਾਦਰੀ ਦਾ ਗਿਲਾ ਕਰਦੇ ਤਾਂ ਆਪਣੇ ਸੁਆਮੀ ਨੂੰ ਜਾਦਮ ਰਾਇਆ ਆਖਦਾ ਹੈ ਕਿਉਂ? ਇਸ ਵਾਸਤੇ ਕਿ ਜਾਦਵਾਂ ਦੀ ਕੁਲ 'ਚ ਆ ਕੇ ਜਾਦਵਾਂ ਦਾ ਨਾਥ ਬਣ ਕੇ ਜਾਦਮ ਰਾਇਆ ਬਣ ਕੇ ਉਸ ਨੇ ਨੀਵਿਆਂ ਨਾਲ ਪਿਆਰ ਕੀਤਾ ਕਿ-ਹੀਨੜੀ ਜਾਤਿ ਮੇਰੀ, ਜਾਦਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥(ਭੈਰਉ ਨਾਮਦੇਵ-੧੧੬੪)

ਰਾਮ ਅਵਤਾਰ-ਭਗਤੀ ਦਾ ਵੱਡਾ ਭੁਲੇਖਾ-ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥ ਅਸੁਮੇਧ ਜਗੁ ਕੀਜੈ, ਸੋਨਾ ਗਰਦਾਨ ਦੀਜੈ, ਰਾਮ ਨਾਮ ਸਰਿ ਤਊ ਨ ਪੂਜੈ॥੧॥ ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥੧॥ਰਹਾਉ॥...ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ ਲੀਜੈ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥੪॥(ਰਾਮਕਲੀ-੯੭੩) ਇੱਥੇ ਅਵਤਾਰ-ਪੂਜਾ ਨਹੀਂ ਕਈ ਸੱਜਣਾਂ ਨੂੰ ਅਖ਼ੀਰਲੀ ਤੁਕ ਅਵਤਾਰ-ਪੂਜਾ ਦਾ ਭੁਲੇਖਾ ਪਾ ਦੇਂਦੀ ਏ ਪਰ ਜਦ ਗਹੁ ਨਾਲ ਵਿਚਾਰਦੇ ਹਾਂ ਤਾਂ ਰਹਾਉ ਦੀ ਤੁਕ 'ਚ ਜ਼ਿਕਰ ਹੈ ਕਿ ਪ੍ਰਭੂ-ਨਾਮ ਤੋਂ ਬਿਨਾ ਬਾਕੀ ਹੋਰ ਧਾਰਮਿਕ ਆਹਰ ਪਖੰਡ ਹੀ ਹਨ। ਇਹ ਸ਼ਬਦ ਦਾ ਮੂਲ ਭਾਵ ਹੈ ਜਿਸ ਦਾ ਵਿਸਥਾਰ ਚਾਰ ਬੰਦਾਂ 'ਚ ਹੈ। ਪਹਿਲੇ ਤਿੰਨ ਬੰਦਾਂ 'ਚ ਤਾਂ ਸਾਫ਼ ਤੌਰ ਤੇ ਉਹਨਾਂ ਕਰਮਕਾਂਡਾਂ ਦਾ ਜ਼ਿਕਰੈ ਜਿਨੈਹਾਂ ਨੂੰ ਲੋਕ ਧਾਰਮਿਕ ਸਮਝਦੇ ਨੇ ਪਰ ਜੋ ਭਗਤ ਜੀ ਦੇ ਖ਼ਿਆਲ ਵਿੱਚ ਨਾਮ ਦੇ ਟਾਕਰੇ 'ਤੇ ਨਿਰਾ ਪਖੰਡ ਹਨ। ਅਖ਼ੀਰ ਤੇ ਆਖਦੇ ਹਨ ਕਿ ਜੇ ਤੁਸੀਂ ਅਜਿਹੇ ਥੋਥੇ ਕੰਮ ਹੀ ਕਰਦੇ ਰਹੇ ਤਾਂ ਜਮਾਂ ਤੋਂ ਖ਼ਲਾਸੀ ਨਹੀਂ ਹੋਣੀ ਫਿਰ ਇਹ ਗਿਲਾ ਨਾ ਕਰਨਾ ਕਿ ਜਮ ਸਿਰ ਉੱਤੇ ਹੀ ਮੰਡਰਾਅ ਰਿਹੈ ਪਰ ਚੌਥੇ ਪਦ ਵਿਚ ਅਚਨਚੇਤ ਰਾਜਾ ਜਸਰਥ ਦੇ ਪੁੱਤਰ ਸੈਰੀ ਰਾਮਚੰਦ ਦਾ ਨਾਮ ਆ ਜਾਣਾ ਹੈਰਾਨੀ 'ਚ ਪਾ ਦੇਂਦਾ ਹੈ। ਕਈ ਗਿਆਨੀ ਅਰਥ ਕਰਦੇ ਹਨ ਕਿ ਰਾਜਾ ਜਸਰਥ ਦੇ ਪੁੱਤਰ ਦਾ ਰਾਜਾ ਇਹ ਅਰਥ ਵੀ ਗ਼ਲਤ ਹੈ। ਲਫ਼ਜ਼ ਨੰਦੁ ਰਾਜਾ ਦਾ ਅਰਥ ਨੰਦ ਦਾ ਰਾਜਾ ਨਹੀਂ ਹੋ ਸਕਦਾ ਕਿਉਂਕਿ ਲਫ਼ਜ਼ ਨੰਦੁ ਦੇ ਅਖ਼ੀਰ ਵਿੱਚ (ਔਂਕੜ) ਹੈ। ਕਈ ਸੱਜਣ ਸਮਝਦੇ ਹਨ ਕਿ ਸੈਰੀ ਰਾਮ ਚੰਦ ਨੇ ਵੱਡੇ ਕੰਮ ਕੀਤੇ ਇਸ ਵਾਸਤੇ ਇਨੈਹਾਂ ਕੰਮਾਂ ਨੂੰ ਪ੍ਰਭੂ-ਕੰਮ ਦੱਸ ਕੇ ਲਫ਼ਜ਼ ਰਾਮਚੰਦੁ ਪ੍ਰਭੂ ਵਾਸਤੇ ਵਰਤਿਆ ਹੈ। ਇਹ ਗੱਲ ਵੀ ਕੱਚੀ ਆ ਕਿਉਂਕਿ ਫੁਰਮਾਨ ਹੈ-ਰਾਵਣੁ ਮਾਰਿ ਕਿਆ ਵਡਾ ਭਇਆ॥ ਸੋ ਬਾਣੀ ਵਿੱਚ ਪਰਸਪਰ ਵਿਰੋਧ ਨਹੀਂ ਹੋ ਸਕਦਾ। ਜੇ ਭਗਤ ਜੀ ਸੈਰੀ ਰਾਮ ਚੰਦੈਰ ਦੇ ਵੱਡੇ-ਕੰਮ ਦੇਖ ਕੇ ਉਹਨਾਂ ਨੂੰ ਪ੍ਰਭੂ ਦੀ ਤੁਲਨਾ ਦੇਂਦੇ ਸਨ ਤਾਂ ਇਸ ਗੱਲ ਦੀ ਕੀਹ ਲੋੜ ਸੀ ਕਿ ਉਹਨਾਂ ਦੇ ਪਿਤਾ ਦਾ ਨਾਮ ਵੀ ਦੱਸਿਆ ਜਾਂਦਾ? ਜੇ ਸੈਰੀ ਰਾਮ ਚੰਦੈਰ ਬਹੁਤੇ ਹੁੰਦੇ ਤਾਂ ਭੁਲੇਖਾ ਪੈਣ ਦੀ ਗੁੰਜੈਸ਼ ਹੋ ਸਕਦੀ ਸੀ। ਕਿਸ਼ਨ, ਦਮੋਦਰ, ਮਾਧੋ, ਮੁਰਾਰਿ, ਰਾਮ, ਰਾਮ-ਚੰਦ, ਆਦਿਕ ਲਫ਼ਜ਼ ਭਗਤਾਂ ਨੇ ਅਤੇ ਸਤਿਗੁਰੂ ਜੀ ਨੇ ਵੀ ਸੈਂਕੜੇ ਵਾਰ ਪ੍ਰਭੂ ਵਾਸਤੇ ਵਰਤੇ ਨੇ ਪਰ ਜਦੋਂ ਕਿਸੇ ਦੇ ਪਿਤਾ ਦਾ ਨਾਮ ਨਾਲ ਦਿੱਤਾ ਜਾਏ ਤਾਂ ਉਸ ਵੇਲੇ ਉਹ ਨਾਮ ਪ੍ਰਭੂ ਵਾਸਤੇ ਨਹੀਂ ਵਰਤਿਆ ਜਾ ਸਕਦਾ ਫਿਰ ਤਾਂ ਕਿਸੇ ਖ਼ਾਸ ਵਿਅਕਤੀ ਦਾ ਜ਼ਿਕਰ ਹੀ ਹੋ ਸਕਦਾ ਹੈ। ਅਸਲ ਗੱਲ ਇਹ ਹੈ ਕਿ ਜਿਵੇਂ ਤਿੰਨ ਬੰਦਾਂ 'ਚ ਤਪ, ਜੱਗ, ਤੀਰਥ-ਇਸ਼ਨਾਨ ਅਤੇ ਦਾਨ ਨਾਮ ਦੇ ਟਾਕਰੇ ਤੇ ਇੱਕ ਹੌਲਾ ਜਿਹਾ ਕੰਮ ਦੱਸਿਐ ਤਿਵੇਂ ਹੀ ਕਿਸੇ ਅਵਤਾਰ ਦੀ ਮੂਰਤੀ-ਪੂਜਣਾ ਵੀ ਪ੍ਰਭ ਨਾਮ-ਜਾਪ ਦੇ ਸਾਹਮਣੇ ਇੱਕ ਬੜਾ ਹੀ ਹੌਲਾ ਕੰਮ ਦੱਸਿਆ ਹੈ।

ਸ਼ਬਦ ਦੇ ਅਰਥ ਵੇਖੋ ਕਿ ਹੇ ਜਿੰਦੇ! ਜੇ ਸਦਾ ਅਜਿਹੇ ਕੰਮ ਹੀ ਕਰਦੇ ਰਹਿਣੈ ਤੇ ਨਾਮ ਨਹੀਂ ਸਿਮਰਨਾ ਤਾਂ ਫਿਰ ਮਨ 'ਚ ਗਿਲਾ ਨਾ ਕਰਨਾ ਜਮ ਨੂੰ ਦੋਸ਼ ਨਾ ਦੇਣਾ ਕਿ ਉਹ ਕਿਉਂ ਆ ਗਿਐ, ਇਵੇਂ ਜਮ ਨੇ ਖ਼ਲਾਸੀ ਨਹੀਂ ਕਰਨੀ। ਹੇ ਜਿੰਦੇ! ਪਵਿੱਤੈਰ ਵਾਸ਼ਨਾ-ਰਹਿਤ ਅਵਸਥਾ ਨਾਲ ਜਾਣ-ਪਛਾਣ ਪਾ। ਨਾਮਦੇਵ ਬੇਨਤੀ ਕਰਦੇ ਕਿ ਸਭ ਰਸਾਂ ਦਾ ਮੂਲ-ਰਸ ਨਾਮ-ਅੰਮ੍ਰਿਤ ਹੀ ਪੀਣਾ ਚਾਹੀਦੈ ਇਹ ਨਾਮ-ਅੰਮ੍ਰਿਤ ਹੀ ਮੇਰਾ ਰਾਜਾ ਰਾਮ ਚੰਦ ਹੈ। ਜਿਵੇਂ-ਗੁਰ ਈਸ਼ਰ ਗੁਰ ਗੋਰਖ ਬਰਮਾ ਗੁਰ ਪਾਰਬਤੀ ਮਾਈ॥ ਮੇਰੇ ਵਾਸਤੇ ਮੇਰਾ ਗੁਰੂ ਹੀ ਈਸ਼ਰ, ਗੋਰਖ, ਬੈਰਹਮਾ ਤੇ ਪਾਰਬਤੀ ਮਾਂ ਭਾਵ ਸਭ ਕੁਝ ਹੈ।

**ਨੋਟ-** ਇਸ ਸ਼ਬਦ ਦਾ ਹਵਾਲਾ ਦੇ ਕੇ ਭਗਤ-ਬਾਣੀ ਦਾ ਵਿਰੋਧੀ ਲਿਖਦਾ ਹੈ ਕਿ ਭਗਤ ਨਾਮਦੇਵ ਜੀ ਕਿਸੇ ਸਮੇ ਸੈਰੀ ਰਾਮ ਚੰਦ ਦੇ ਉਪਾਸ਼ਕ ਰਹੇ ਫਿਰ ਕਿਸ਼ਨ-ਉਪਾਸ਼ਨਾ ਵੱਲ ਜੁੱਟ ਗਏ। ਇਸ ਲਈ ਵਿਰੋਧੀ ਲਿਖਦੈ ਕਿ-ਪੁਰਾਣੇ ਸਮੇ ਤੋਂ ਇਹ ਰਿਵਾਜ ਚਲਿਆ ਆਉਂਦੈ ਕਿ ਜੋ ਰਾਮਚੰਦ ਜੀ ਦਾ ਉਪਾਸ਼ਕ ਉਹ ਕਿਸ਼ਨ ਜੀ ਦਾ ਭਗਤ ਨਹੀਂ ਜੋ ਕਿਸ਼ਨ ਦਾ ਉਹ ਰਾਮ ਚੰਦ ਦਾ ਉਪਾਸ਼ਕ ਨਹੀਂ ਬਣ ਸਕਦਾ। ਇਸੇ ਕਰਕੇ ਰਾਧੇ-ਕਿਸ਼ਨ ਅਤੇ ਸੀਤਾ-ਰਾਮ ਜਾਪ ਵਾਲੇ ਆਪਸ 'ਚ ਹੀ ਈਰਖਾ-ਵਿਰੋਧ ਰੱਖਦੇ ਹਨ।

ਭਗਤ ਨਾਮਦੇਵ ਜੀ ਨੇ ਸੀਤਾ-ਰਾਮ ਛੱਡਣ ਵੇਲੇ ਸੈਰੀ ਰਾਮਚੰਦ ਦੀ ਨਿਰਾਦਰੀ 'ਚ ਬਹੁਤ ਕਰਕੇ ਸ਼ਬਦ ਵਰਤੇ ਨੇ ਜਿਵੇਂ-ਪਾਂਡੇ ਤੁਮਰਾ ਰਾਮਚੰਦ ਸੋ ਭੀ ਆਵਤ ਦੇਖਿਆ ਥਾ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ਇਹ ਕੈਸਾ ਵੱਡਾ ਮੇਹਣਾ ਹੈ! ਪਰ ਕਿਸ਼ਨ ਜੀ ਦੇ ਜੀਵਨ 'ਤੇ ਰੰਚਕ ਮਾਤੈਰ ਭੀ ਟੀਕਾ-ਟਿੱਪਣੀ ਨਹੀਂ ਕੀਤੀ। ਸੋ ਭਗਤ ਜੀ ਦੀ ਬਾਣੀ ਵਿਚੋਂ ਕਿਤੇ ਭੀ ਸਿੱਧ ਨਹੀਂ ਹੁੰਦਾ ਕਿ ਉਹ ਕਿਸੇ ਸਮੇ ਸੈਰੀ ਰਾਮਚੰਦ ਦੇ ਪੁਜਾਰੀ ਸਨ। ਇਸ ਲਈ ਵਿਰੋਧੀ ਲੇਖਕ ਨੇ ਜੋ ਕਰੜੇ ਮੇਹਣੇ ਵਾਲੀ ਗੱਲ ਲਿਖੀ ਉਹ ਵੀ ਦਰੁਸਤ ਨਹੀਂ। ਇਹ ਤੁਕਾਂ ਭਗਤ ਨਾਮਦੇਵ ਜੀ ਦੇ ਗੌਂਡ ਰਾਗ ਵਿੱਚ ਦਿੱਤੇ ਅਖ਼ੀਰਲੇ ਸਤਵੇਂ ਸ਼ਬਦ ਚੋਂ ਹਨ। ਉਸ ਸ਼ਬਦ ਦੀ ਪਹਿਲੀ ਤੁਕ ਹੈ ਕਿ-ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕਉ ਸਮਝਾਊ ਰੇ॥ ਜਰਾ ਧਿਆਨ ਦਿਓ ਕਿ ਭਗਤ ਜੀ ਨੇ ਤਾਂ ਕਿਸੇ ਭੀ ਅਵਤਾਰ ਦੇ ਜੀਵਨ ਬਾਰੇ ਆਪਣੇ ਵਲੋਂ ਕੋਈ ਟੀਕਾ-ਟਿੱਪਣੀ ਨਹੀਂ ਕੀਤੀ ਸਗੋਂ ਉਹਨਾਂ ਤਾਂ ਗਾਇਤੈਰੀ, ਮਹਾਦੇਵ ਅਤੇ ਸੈਰੀ ਰਾਮਚੰਦ ਦੇ ਆਪਣੇ ਹੀ ਉਪਾਸ਼ਕਾਂ ਵਲੋਂ ਲਿਖੇ ਅਸ਼ਰਧਾ ਪੈਦਾ ਕਰਨ ਵਾਲੇ ਖ਼ਿਆਲਾਂ ਦਾ ਹਵਾਲਾ ਦੇ ਕੇ ਆਖਿਐ ਕਿ ਪੂਜਾ ਵੀ ਕਰਦੇ ਤੇ ਸ਼ੱਕ ਵੀ ਕਰਦੇ ਹੋ ਇਹ ਭਗਤੀ ਨਹੀਂ ਹੈ। ਜੇ ਸੈਰੀ ਕਿਸ਼ਨ ਜੀ ਦੇ ਉਪਾਸ਼ਕਾਂ ਨੇ ਸੈਰੀ ਕਿਸ਼ਨ ਜੀ ਉੱਤੇ ਭੀ ਕੋਈ ਉਹੋ ਜਿਹੇ ਦੂਸ਼ਣ ਲਾਏ ਹੁੰਦੇ ਤਾਂ ਭਗਤ ਨਾਮਦੇਵ ਜੀ ਉਹਨਾਂ ਦਾ ਜ਼ਿਕਰ ਵੀ ਇੱਥੇ ਕਰ ਦੇਂਦੇ। ਸੋ ਗੁਰਬਾਣੀ ਵਿਚਾਰ ਲਈ ਭਾਵ ਅਰਥਾਂ ਦੀ ਵੀ ਅਤਿਅੰਤ ਲੋੜ ਹੈ।

# ਸੰਸਾਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਚਲੱਣ ਦੀ ਲੋੜ੍ਹ- ਗਿਆਨੀ ਹਰਪ੍ਰੀਤ ਸਿੰਘ

## ਨਿਊਯਾਰਕ ਦੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿੱਖੇ ਸਿੰਘ ਸਾਹਿਬ ਦਾ ਵਿਸ਼ੇਸ ਸਨਮਾਨ

**ਸਿਆਟਲ 4 ਮਈ ( ਹਰਮਨਪ੍ਰੀਤ ਸਿੰਘ )** - ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁੱਖ ਸਮਾਗਮ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿੱਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਹਨਾਂ ਸਮਾਗਮਾਂ ਵਿੱਚ ਵਿਸ਼ੇਸ ਤੌਰ ਤੇ ' ਪੁੱਜੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਨੇਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਸਮੁੱਚੀ ਮਾਨਵਤਾ ਲਈ ਕੀਤੇ ਪਰਉਪਕਾਰਾਂ ਦਾ ਜਿਕਰ ਕਰਦਿਆਂ ਉਹਨਾਂ ਵੱਲੋਂ ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਖਾਤਰ ਦਿੱਤੀ ਕੁਰਬਾਨੀ ਯਾਦ ਕਰਵਾਉਂਦਿਆਂ ਸੰਸਾਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਚਲੱਣ ਲਈ ਕਿਹਾ।ਉਹਨਾਂ ਸਥਾਨਕ ਗੁਰੂ ਘਰ ਦੇ ਪ੍ਰਬੰਧਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਉਹਨਾਂ 400 ਸਾਲਾ ਸਮਾਗਮ ਰੱਖ ਕੇ ਅਮਰੀਕਾ ਵਾਸੀਆਂ ਨੂੰ ਉਹਨਾਂ ਦੀ ਵਿਚਾਰਧਾਰਾ ਦਾ ਗਿਆਨ ਕਰਵਾਉਣ ਦਾ ਉਪਰਾਲਾ ਕੀਤਾ ਹੈ। ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਪ੍ਰਧਾਨ ਬਲਦੇਵ ਸਿੰਘ ਗਿਲਜੀਆ ਅਤੇ ਸੁਖਜਿੰਦਰ ਸਿੰਘ ਸੁਭਾਨਪੁਰ ਜਰਨਲ ਸਕੱਤਰ ਦੀ ਅਗਵਾਈ ਵਿੱਚ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦਾ ਸਨਮਾਨ ਕੀਤਾ ਅਤੇ ਉਹਨਾਂ ਨਾਲ ਆਏ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ ਦਾ ਵੀ ਸਨਮਾਨ ਕੀਤਾ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪੰਰਤ ਗੁਰਪ੍ਰੀਤ ਸਿੰਘ ਬਲਜਵਾਲ ਅਤੇ ਬੱਚਿਆਂ ਦੇ ਜੱਥੇ ਵੱਲੋਂ ਰਸ਼ ਭਿੰਨੇ ਕੀਰਤਨ ਰਾਹੀਂ ਸੰਹਤਾਂ ਨੂੰ ਨਿਹਾਲ ਕੀਤਾ ਗਿਆ। ਪ੍ਰਦੀਪ ਸਿੰਘ ਕਥਾਵਾਚਕ ਨੇ ਕਥਾ ਰਾਹੀਂ ਗੁਰੂ ਸਾਹਿਬ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ। ਪ੍ਰਸ਼ਿਧ ਢਾਡੀ ਮੋਹਣ ਸਿੰਘ ਬਡਾਵਾ ਦੇ ਜੱਥੇ ਨੇ ਡਾਡੀ ਬਾਰਾਂ ਰਾਹੀਂ ਸੰਗਤਾਂ ਦਾ ਪਿਆਰ ਹਾਸ਼ਲ ਕੀਤਾ।ਗਿਆਨੀ ਜਸਪਾਲ ਸਿੰਘ ਹੈੱਡ ਗ੍ਰੰਥੀ ਵੱਲੋਂ ਹੁਕਮਨਾਮਾ ਲਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਘਵੀਰ ਸਿੰਘ ਸੁਭਾਨਪੁਰ, ਰਘਵੀਰ ਸਿੰਘ ਬੱਬੀ, ਦਲੇਰ ਸਿੰਘ, ਗਰੀਬ ਸਿੰਘ ਕਾਕੀ, ਹਰਪ੍ਰੀਤ ਸਿੰਘ ਤੂਰ, ਹਿੰਮਤ ਸਿੰਘ ਸਰਪੰਚ, ਮਾਸਟਰ ਮਹਿੰਦਰ ਸਿੰਘ, ਕੁਲਦੀਪ ਸਿੰਘ ਖਾਲਸਾ, ਦਿਲਬਾਗ ਸਿੰਘ ਚੇਅਰਮੈਨ, ਗੁਰਮੇਜ ਸਿੰਘ, ਪ੍ਰੀਤਮ ਸਿੰਘ ਗਿਲਜੀਆ ਅਤੇ ਪ੍ਰਭਜੀਤ ਸਿੰਘ ਰੌਕੀ ਦਸੂਹਾ ਹਾਜਰ ਸਨ।




ਸੰਗਤਾਂ ਦੀ ਸੇਵਾ ਲਈ ਭਾਰੀ ਗਿਣਤੀ ਵਿੱਚ ਸਟਾਲ ਵੀ ਲਗਾਏ ਗਏ।ਗੁਰੂ ਘਰ ਵਿੱਚ ਇੱਕ ਸਾਲ ਲਗਾਤਾਰ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਚਲਾਉਣ ਦਾ ਫੈਸਲਾ ਕੀਤਾ ਗਿਆ ਅਤੇ ਭਾਰਤ ਵਿੱਚ ਆਕਸ਼ੀਜਨ ਦੀਆਂ ਮਸ਼ੀਨਾ ਭੇਜਣ ਦਾ ਐਲਾਨ ਵੀ ਗੁਰੂ ਘਰ ਵੱਲੋਂ ਕੀਤਾ ਗਿਆ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਓਕਲਾਹੋਮਾ ਸਟੇਟ ਹਾਊਸ ਵੱਲੋਂ ਖਾਲਸਾ ਸਾਜਨਾ ਦਿਵਸ, ਕਿਸਾਨ ਸੰਘਰਸ਼ ਅਤੇ ਸਿੱਖ ਨਸਲਕੁਸ਼ੀ ਨੂੰ ਮਾਨਤਾ

**ਸੈਕਰਾਮੈਂਟੋ–** ਓਕਲਾਹੋਮਾ ਵਿੱਚ ਬੇਸ਼ੱਕ ਸਿੱਖਾਂ ਦੀ ਅਬਾਦੀ ਬਾਕੀ ਅਮਰੀਕਾ ਦੇ ਰਾਜਾਂ ਦੇ ਮੁਕਾਬਲੇ ਬਹੁਤ ਘੱਟ ਹੈ ਪਰ ਜਿੱਥੇ ਕਿਤੇ ਵੀ ਸਿੱਖ ਕੌਮ ਬੈਠੀ ਹੈ ਉੱਥੇ ਆਪਣੇ ਜਜਬਾਤਾਂ ਦੀ ਤਰਜਮਾਨੀ ਜ਼ਰੂਰ ਕਰਦੀ ਹੈ। ਉਕਲਹੋਮਾ ਵਿੱਚ ਪਿਛਲੇ ਇੱਕ ਸਾਲ ਤੋਂ ਲਗਾਤਾਰ ਵਰਲਡ ਸਿੱਖ ਪਾਰਲੀਮੈਂਟ ਦੀ ਜਰਨਲ ਸੈਕਟਰੀ ਹਰਮਨ ਕੌਰ ਦੇ ਯਤਨਾਂ ਸਦਕਾ ਅੱਜ ਚੱਲਦੇ ਸ਼ੈਸ਼ਨ ਵਿੱਚ ਸਟੇਟ ਵੱਲੋਂ ਸਿੱਖ ਨਸਲਕੁਸ਼ੀ ਰੈਸੋਲਿਊਸ਼ਨ ਪਾਇਆ ਗਿਆ, ਅਮਰੀਕਾ ਦੇ ਵੱਖ ਵੱਖ ਹੋਰ ਸੂਬਿਆਂ ਵਿੱਚ ਵੀ ਨਸਲਕੁਸ਼ੀ ਰੈਸੋਲਿਊਸ਼ਨ ਪਵਾਏ ਜਾ ਚੁੱਕੇ ਹਨ, ਇਸੇ ਹੀ ਸ਼ੈਸ਼ਨ ਵਿੱਚ ਖਾਲਸਾ ਸਾਜਨਾਂ ਦਿਵਸ ਨੂੰ ਵੀ ਸਟੇਟ ਵੱਲੋਂ ਮਾਨਤਾ ਦਿੱਤੀ ਗਈ ਅਤੇ ਭਾਰਤ ਸਰਕਾਰ ਵੱਲੋਂ ਕਿਸਾਨ ਸੰਘਰਸ਼ ਦੌਰਾਨ ਕਿਸਾਨਾਂ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਦੀ ਵੀ ਨਿਖੇਧੀ ਕੀਤੀ ਗਈ । ਇਸ ਸ਼ੈਸ਼ਨ ਦੌਰਾਨ ਅਸੈਂਬਲੀ ਮੈਂਬਰ ਏਰਿਕ ਰੋਬਰਟ ਵੱਲੋਂ ਜੂਨ 1984 ਭਾਰਤ ਵਿੱਚ ਹੋਈ ਸਿੱਖਾਂ



ਕਦੀ ਨਸਲਕੁਸ਼ੀ ਨੂੰ ਵੀ ਯਾਦ ਕੀਤਾ। ਇਸ ਮੌਕੇ ਟੈਕਸਸ ਸਟੇਟ ਤੋਂ ਸਰਦਾਰ ਸੁਰਿੰਦਰ ਸਿੰਘ ਗਿੱਲ ਅਤੇ ਸਾਥੀ , ਸਿੱਖ ਕਾਕਸ ਦੇ ਨੁਮਾਇੰਦੇ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵੀ ਵੱਧ ਚੱੜ ਕੇ ਸਾਥ ਦਿੱਤਾ। ਸਰਦਾਰ ਹਿੰਮਤ ਸਿੰਘ ਕੋਆਰਡੀਨੇਟਰ ਵਰਲਡ ਸਿੱਖ ਪਾਰਲੀਮੈਂਟ ਖ਼ਾਸ ਤੌਰ ਤੇ ਪਹੁੰਚੇ ਹੋਏ ਸਨ ਉਹਨਾਂ ਹਰਮਨ ਕੌਰ ਵੱਲੋਂ ਕੌਮੀ ਪ੍ਰਤੀ ਕੀਤੇ ਜਾ ਰਹੇ ਕੰਮਾਂ ਦੀ ਸਰਾਹਨਾ ਕੀਤੀ ਅਤੇ ਹੋਰ ਨੌਜਵਾਨ ਸਿੱਖ ਬੱਚਿਆਂ ਨੂੰ ਵੀ ਅੱਗੇ ਹੋ ਕਿ ਹਰਮਨ ਕੌਰ ਵਾਂਗ ਕੌਮੀ ਕਾਰਜਾਂ ਵਿੱਚ ਅੱਗੇ ਲੱਗਣ ਲਈ ਪ੍ਰੇਰਿਆ ਅਤੇ ਕਿਹਾ ਕਿ ਸਿੱਖ ਕੌਮ ਨੂੰ ਅਜਿਹੇ ਨੌਜਵਾਨ ਬੱਚੇ ਬੱਚੀਆਂ ਦੀ ਅੱਜ ਬਹੁਤ ਜ਼ਰੂਰਤ ਹੈ ਜੋ ਕੌਮ ਦੇ ਮਾਣ ਦੇ ਲਈ ਮੂਹਰੇ ਹੋ ਕੇ ਕੰਮ ਕਰਨ।

ਵਰਲਡ ਸਿੱਖ ਪਾਰਲੀਮੈਂਟ ਹਮੇਸ਼ਾ ਨੌਜਵਾਨ ਬੱਚੇ ਬੱਚੀਆਂ ਨੂੰ ਪ੍ਰੇਰਿਤ ਕਰਦੀ ਹੈ ਅਤੇ ਇਸ ਮੌਕੇ ਸਮੁੱਚੀ ਕੌਮ ਨੂੰ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਖਾਲਸਾ ਸਾਜਨਾਂ ਦਿਵਸ ਦੀਆ ਵਧਾਈਆਂ ਦਿੱਤੀਆਂ ਗਈਆਂ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਮੀਡੀਆ ਸਪੋਕਸਮੈਨ ਸ਼ ਹਰਜਿੰਦਰ ਸਿੰਘ, ਡਾ ਪ੍ਰਿਤਪਾਲ ਸਿੰਘ ਅਤੇ ਨਿਊਜਰਸੀ ਤੋਂ ਸ ਜਗਰਾਜ ਸਿੰਘ ਨੇ ਵਰਲਡ ਸਿੱਖ ਪਾਰਲੀਮੈਂਟ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ।

# ਸਨ ਡਇਏਗੋ ਸਮੁੰਦਰੀ ਕੰਢੇ 'ਤੇ ਕਿਸ਼ਤੀ ਪਲਟਣ ਨਾਲ 3 ਮੌਤਾਂ-27 ਜ਼ਖਮੀ, ਮਨੁੱਖੀ ਤਸਕਰੀ ਦਾ ਸ਼ੱਕ

**ਸੈਕਰਾਮੈਂਟੋ 3 ਮਈ–** ਸਨ ਡਇਏਗੋ (ਕੈਲੀਫੋਰਨੀਆ) ਸਮੁੰਦਰੀ ਕੰਢੇ 'ਤੇ ਇਕ ਕਿਸ਼ਤੀ ਦੇ ਪਲਟਣ ਨਾਲ ਘੱਟੋ ਘੱਟ 3 ਜਣਿਆਂ ਦੀ ਮੌਤ ਹੋ ਗਈ ਤੇ 27 ਹੋਰ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸ਼ੱਕ ਕੀਤਾ ਜਾਂਦਾ ਹੈ ਕਿ ਕਿਸ਼ਤੀ ਰਾਹੀਂ ਮਨੁੱਖੀ ਤਸਕਰੀ ਦਾ ਯਤਨ ਕੀਤਾ ਜਾ ਰਿਹਾ ਸੀ। ਫਾਇਰ ਰੈਸਕਿਊ ਲਾਈਫਗਾਰਡ ਲੈਫਟੀਨੈਂਟ ਰਿਕ ਰੋਮੀਰੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਤਵਾਰ ਤੜਕਸਾਰ ਸੂਚਨਾ ਮਿਲਣ 'ਤੇ ਅੱਗ ਬੁਝਾਊ ਅਮਲਾ, ਕੋਸਟ ਗਾਰਡ ਤੇ ਹੋਰ ਏਜੰਸੀਆਂ ਦੇ ਅਧਿ-ਕਾਰੀ ਮੌਕੇ ਉਪਰ ਪੁੱਜੇ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲੀ ਸੀ





ਕਿ ਇਕ ਵਪਾਰਕ ਕਿਸ਼ਤੀ ਸੰਕਟ ਵਿਚ ਹੈ। ਪਹਿਲੀ ਸੂਚਨਾ ਵਿਚ ਕਿਹਾ ਗਿਆ ਸੀ ਕਿ ਕਿਸ਼ਤੀ ਵਿਚ 3 ਜਾਂ 4 ਵਿਅਕਤੀ ਹਨ ਪਰੰਤੂ ਮੌਕੇ 'ਤੇ ਪੁੱਜੇ ਅਧਿਕਾਰੀਆਂ ਨੇ ਦੱਸਿਆ ਕਿ ਕਿਸ਼ਤੀ ਵਿਚ ਗਿਣਤੀ ਕਿਤੇ ਜਿਆਦਾ ਹੈ। ਉਨ੍ਹਾਂ ਦੱਸਿਆ ਕਿ ਬਚਾਅ ਕਾਰਵਾਈ ਵਿਚ 7 ਵਿਅਕਤੀਆਂ ਨੂੰ ਪਾਣੀ ਵਿਚੋਂ ਕੱਢਿਆ ਗਿਆ। ਇਨ੍ਹਾਂ ਵਿਚੋਂ 3 ਵਿਅਕਤੀ ਡੁੱਬਣ ਕਾਰਨ ਮਰ ਚੁੱਕੇ ਸਨ ਜਦ ਕਿ 22 ਹੋਰ ਤੈਰਕੇ ਬਾਹਰ ਆਉਣ ਵਿਚ ਸਫਲ ਹੋ ਗਏ। ਉਨ੍ਹਾਂ ਦੱਸਿਆ ਕਿ ਕੁਲ 27 ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਦੇ ਵੱਖ ਵੱਖ ਤਰਾਂ ਦੇ ਜ਼ਖਮ ਹਨ। ਜ਼ਿਆਦਾਤਰ ਪੀੜਤ ਤੁਰਕੇ ਐਂਬੂਲੈਂਸ ਤੱਕ ਗਏ। ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਬਚਾਏ ਵਿਅਕਤੀਆਂ ਤੋਂ ਪੁੱਛਗਿੱਛ ਵੀ ਕੀਤੀ ਜਾਵੇਗੀ।

# ਭਾਰਤੀ ਵਿਦਿਆਰਥੀ ਅਮਰੀਕਾ ਦੀ ਯਾਤਰਾ ਛੋਟ ਸੂਚੀ ਵਿਚ ਸ਼ਾਮਿਲ, 4 ਮਈ ਤੋਂ ਲਾਗੂ ਹੋਣਗੀਆਂ ਭਾਰਤੀਆਂ ਉਪਰ ਯਾਤਰਾ ਪਾਬੰਦੀਆਂ

**ਸੈਕਰਾਮੈਂਟੋ 3 ਮਈ–** ਭਾਰਤ ਉਪਰ ਯਾਤਰਾ ਪਾਬੰਦੀਆਂ ਜੋ 4 ਮਈ ਤੋਂ ਲਾਗੂ ਹੋਣਗੀਆਂ, ਦੇ ਐਲਾਨ ਤੋਂ ਬਾਅਦ ਬਾਇਡਨ ਪ੍ਰਸ਼ਾਸ਼ਨ ਨੇ ਇਕ ਹੋਰ ਐਲਾਨ ਕਰਦਿਆਂ ਵਿਦਿਆਰਥੀਆਂ ਦੀਆਂ ਵਿਸ਼ੇਸ਼ ਸ਼੍ਰੇਣੀਆਂ, ਉੱਚ ਸਿੱਖਿਆ ਸ਼ਾਸਤਰੀਆਂ ਤੇ ਪੱਤਰਕਾਰਾਂ ਨੂੰ ਨਵੀਆਂ ਯਾਤਰਾ ਪਾਬੰਦੀਆਂ ਤੋਂ ਬਾਹਰ ਰਖਿਆ ਗਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਭਾਰਤ



ਉਪਰ ਕੌਮੀ ਹਿੱਤਾਂ ਦੇ ਮੱਦੇਨਜਰ ਉਹ ਹੀ ਪਾਬੰਦੀਆਂ ਲਾਗੂ ਹੋਣਗੀਆਂ ਜੋ ਕੋਵਿਡ-19 ਮਹਾਂਮਾਰੀ ਦੇ ਮੱਦੇਨਜਰ ਸਾਰੇ ਖੇਤਰਾਂ 'ਤੇ ਆਵਾਜਾਈ ਉਪਰ ਇਸ ਸਮੇਂ ਲਾਗੂ ਹਨ। ਵਿਭਾਗ ਅਨੁਸਾਰ ਅਮਰੀਕਾ ਵਿਚ ਪੜਾਈ ਲਈ ਆਉਣ ਵਾਲੇ ਵਿਦਿਆਰਥੀ, ਕੁਝ ਵਿਸ਼ੇਸ਼ ਉੱਚ ਸਿੱਖਿਅਕ ਤੇ ਉਹ ਵਿਅਕਤੀ ਜੋ ਕੋਵਿਡ-19 ਦੇ ਦੌਰ ਵਿਚ ਅਹਿਮ ਬੁਨਿਆਦੀ ਢਾਂਚਾ ਮੁਹੱਈਆ ਕਰਾਉਣ ਦੇ ਵਰਗ ਵਿਚ ਆਉਂਦੇ ਹਨ, ਨੂੰ ਪਾਬੰਦੀਆਂ ਤੋਂ ਛੋਟ ਹੋਵੇਗੀ। ਉਹ ਅਮਰੀਕਾ ਆ ਸਕਣਗੇ। ਇਨ੍ਹਾਂ ਵਿਚ ਉਹ ਸਾਰੇ ਯੋਗ ਬੇਨਤੀਕਰਤਾ ਸ਼ਾਮਿਲ ਹਨ ਜੋ ਇਸ ਸਮੇਂ ਭਾਰਤ, ਬਰਾਜ਼ੀਲ, ਚੀਨ, ਇਰਾਨ ਤੇ ਦੱਖਣੀ ਅਫ਼ਰੀਕਾ ਵਿਚ ਹਨ। ਵਿਦੇਸ਼ ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਨਵੇਂ ਨਿਯਮ ਅਮਰੀਕੀ ਸ਼ਹਿਰੀਆਂ, ਕਾਨੂੰਨੀ ਸਥਾਈ ਵਾਸੀਆਂ ਤੇ ਅਮਰੀਕਾ ਦੇ ਗੈਰ ਸ਼ਹਿਰੀ ਨਾਗਰਿਕਾਂ ਉਪਰ ਲਾਗੂ ਨਹੀਂ ਹੋਣਗੇ।

ਇਹ ਨਿਯਮ ਅਮਰੀਕੀ ਨਾਗਰਿਕ ਦੇ ਗੈਰ ਨਾਗਰਿਕ ਜੀਵਨ ਸਾਥੀ ਜਾਂ ਕਾਨੂੰਨੀ ਸਥਾਈ ਵਾਸੀਆਂ ਉਪਰ ਵੀ ਲਾਗੂ ਨਹੀਂ ਹੋਣਗੇ। ਜਾਰੀ ਰਲੀਜ ਵਿਚ ਕਿਹਾ ਗਿਆ ਹੈ ਕਿ ਵਿਦੇਸ਼ ਵਿਭਾਗ ਕੌਮਾਂਤਰੀ ਸਥਿਤੀ ਨੂੰ ਸਾਹਮਣੇ ਰਖ ਕੇ ਹੋਰ ਵੀਜ਼ੇ ਜਾਰੀ ਕਰਨ ਦੇ ਢੰਗ ਤਰੀਕੇ ਲੱਭਣ ਲਈ ਨਿਰੰਤਰ ਯਤਨ ਕਰ ਰਿਹਾ ਹੈ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :

Dharminder Singh

Cell : 530-870-6600

Fax : (530) 870-1429

532, Houston St.

West Sacramento, CA 95691




Email: myfuturetruck@gmail.com

'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com



ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਫਰਿਜ਼ਨੋ ਵਿਖੇ ਸਿੱਖਸ ਫਾਰ ਹਮਿਊਨਟੀ ਸੰਸਥਾ ਵੱਲੋਂ ਕੋਵਿਡ-19 ਦੀ ਵੈਕਸੀਨ ਦੇ ਲੱਗੇ ਕੈਂਪ 'ਤੇ ਲੋਕਾਂ ਨੇ ਲਵਾਏ ਟੀਕੇ

**ਫਰਿਜ਼ਨੋ, (ਕੈਲੀਫੋਰ-ਨੀਆਂ)-** ਦੁਨੀਆ ਵਿੱਚ ਜਦ ਵੀ ਕਦੇ ਸਮਾਜ ਸੇਵਾ ਜਾਂ ਲੋੜਬੰਦਾ ਦੀ ਮਦਦ ਦੀ ਗੱਲ ਆਉਂਦੀ ਹੈ ਤਾਂ ਪੰਜਾਬੀ ਭਾਈਚਾਰਾ ਸਭ ਤੋਂ ਅੱਗੇ ਹੋ ਸੇਵਾਵਾ ਨਿਭਾਉਂਦਾ ਹੈ। ਕਰੋਨਾ ਮਹਾਮਾਰੀ ਦੇ ਦੌਰਾਨ ਦੁਨੀਆਂ ਭਰ ਵਿੱਚ ਪੰਜਾਬੀ, ਖ਼ਾਸਕਰ ਸਿੱਖ ਭਾਈਚਾਰੇ ਨੇ ਲੋੜਵੰਦਾ ਲਈ ਲੰਗਰਾਂ ਆਦਿਕ ਦੀਆ ਸੇਵਾਵਾ ਪ੍ਰਦਾਨ ਕੀਤੀਆਂ ਅਤੇ ਕਰ ਰਹੇ ਹਨ। ਹੁਣ ਕਰੋਨਾ ਦੀ ਵੈਕਸੀਨ ਆਉਣ ਤੋਂ ਬਾਅਦ ਉਸ ਨੂੰ ਲੋਕਾ ਨੂੰ ਫਰੀ ਵੈਕਸੀਨ ਦੇਣ ਲਈ ਕੈਂਪਾਂ ਦੇ ਪ੍ਰਬੰਧ ਵੀ ਇੰਨਾਂ ਦੁਆਰਾਂ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿੱਖੇ ਸਿੱਖਸ ਫਾਰ ਹਮਿਉਨਟੀ ਸੰਸਥਾ ਵੱਲੋਂ ਕੋਵਿੱਡ ਵੈਕਸੀਨ ਕੈਂਪ ਲਗਵਾਇਆ ਗਿਆ। ਸਿੱਖਸ ਫਾਰ ਹਮਿਉਨਟੀ ਸੰਸਥਾ ਅਕਸਰ ਲੋੜਵੰਦ ਲੋਕਾਂ ਦੀ ਸੇਵਾ ਲਈ ਕੈਂਪ ਵਗੈਰਾ ਲਾਉਂਣ ਕਰਕੇ ਚਰਚਾ ਵਿੱਚ ਰਹਿੰਦੀ ਹੈ। ਇਸ ਕੈਂਪ ਦੌਰਾਨ ਵੱਡੀ ਗਿਣਤੀ ਵਿਚ ਪੰਜਾ-ਬੀਆਂ ਨੇ ਇਸ ਟੀਕਾਕਰਨ ਵਿੱਚ ਹਿੱਸਾ ਲਿਆ। ਇਸ ਕੈਂਪ ਵਿੱਚ ਫਾਇਜ਼ਰ ਦਵਾਈ ਦੀ ਪਹਿਲੀ ਡੋਜ਼ ਦਿੱਤੀ ਗਈ 'ਤੇ 23 ਮਈ ਨੂੰ ਦੂਸਰੀ ਡੋਜ਼ ਦਿੱਤੀ ਜਾਵੇਗੀ। ਇਸ ਮੌਕੇ ਸਿੱਖਸ ਫਾਰ ਹਮਿਉਨਟੀ ਸੰਸਥਾ ਦੇ ਮੋਢੀ ਮੈਂਬਰ ਪਰਮਿੰਦਰ ਸਿੰਘ ਸ਼ਾਹੀ ਨੇ ਦੱਸਿਆ ਕਿ ਇਸ ਟੀਕਾਕਰਨ ਦੌਰਾਨ ਬਹੁਤ ਸਾਰੇ ਉਹ ਲੋਕ ਸਾਹਮਣੇ ਆਏ ਜਿਹੜੇ ਬਿਨਾਂ ਪੇਪਰਾਂ ਤੋਂ ਅਮਰੀਕਾ



ਵਿੱਚ ਰਹਿ ਰਹੇ ਹਨ ਜਾਂ ਭਾਸ਼ਾ ਬੋਲਣ ਦੀ ਪ੍ਰੌਬਲਮ ਹੈ। ਇਸ ਮੌਕੇ ਰਣਜੀਤ ਗਿੱਲ ਨੇ ਸਿੱਖਸ ਫਾਰ ਹਮਿਉਨਟੀ ਦਾ ਕੈਂਪ ਲਾਉਣ ਲਈ ਧੰਨਵਾਦ ਕੀਤਾ, ਅਤੇ ਲੋਕਾਂ ਨੂੰ ਵੈਕਸੀਨ ਲਗਵਾਉਣ ਦੀ ਬੇਨਤੀ ਕੀਤੀ। ਇਸ ਮੌਕੇ ਪੱਤਰਕਾਰ ਨੀਟਾ ਮਾਛੀਕੇ ਨੇ ਸਿੱਖਸ ਫਾਰ ਹਮਿਉਨਟੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸੇ ਦੌਰਾਨ ਸਾਡੀ ਟੀਮ ਵੱਲੋਂ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਵਿਖੇ ਲੱਗੇ ਕੈਂਪ ਦੌਰਾਨ ਸਿਹਤ ਕਰਮੀਆਂ ਨਾਲ ਵੀ ਗੱਲ-ਬਾਤ ਕੀਤੀ ਜਿਸ ਵਿੱਚ ਸਿਹਤ ਮਾਹਰਾਂ ਦੀ ਇਹ ਸਲਾਹ ਸਾਹਮਾਣੇ ਆਈ ਕਿ ਸਾਨੂੰ ਵਹਿਮਾਂ-ਭਰਮਾ ਅਤੇ ਬੇਕਾਰ ਅਫਵਾਹਾ 'ਚੋ ਬਾਹਰ ਨਿਕਲ ਕੋਵਿੱਡ ਵੈਕਸੀਨ ਜ਼ਰੂਰ ਲੈਣੀ ਚਾਹੀਦੀ ਹੈ। ਜਿਸ ਨਾਲ ਅਸੀਂ ਆਪਣੀ, ਆਪਣੇ ਪਰਿਵਾਰ ਅਤੇ ਆਲੇ-ਦੁਆਲੇ ਦੇ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾ ਸਕੀਏ।

ਅਮਰੀਕਾ ਵਿੱਚ ਲਾਏ ਜਾ ਰਹੇ ਤਿੰਨੋਂ ਕਿਸਮ ਦੇ ਟੀਕੇ, ਜਿੰਨਾਂ ਵਿੱਚ ਫਾਈਜ਼ਰ, ਮੈਡਰੋਨਾ ਜਾਂ ਜੌਨਸਨ ਐਂਡ ਜੌਨਸਨ ਸਿਹਤ ਵਿਭਾਗ ਵੱਲੋਂ ਮਾਨਤਾ ਪ੍ਰਾਪਤ ਹਨ। ਇਹ ਤੁਹਾਡੀ ਸਿਹਤ ਲਈ ਲਾਹੇਵੰਦ ਹਨ, ਸੋ ਕਿਸੇ ਵੀ ਟੀਕੇ ਦੀ ਡੋਜ਼ ਤੁਸੀਂ ਲੈ ਸਕਦੇ ਹੋ। ਪ੍ਰਬੰਧਕਾਂ ਅਨੁਸਾਰ ਭਵਿੱਖ ਵਿੱਚ ਲੱਗਣ ਵਾਲੇ ਸਿਹਤ ਸੇਵਾਵਾ ਕੈਂਪਾਂ ਬਾਰੇ ਸੰਗਤਾਂ ਨੂੰ ਜਲਦ ਦੱਸਿਆ ਜਾਵੇਗਾ।

# ਕੋਰੋਨਾ ਟੀਕਾ ਲਗਾਉਣ ਲਈ ਕੀਤੀ 200 ਡਾਲਰ ਦੀ ਪੇਸ਼ਕਸ਼

**ਫਰਿਜ਼ਨੋ (ਕੈਲੀਫੋਰਨੀਆ), 23 ਅਪ੍ਰੈਲ 2021-** ਅਮਰੀਕਾ ਦੀ ਸਿਹਤ ਬੀਮਾ ਕੰਪਨੀ ਸਿਗਨਾ ਨੇ ਵੀਰਵਾਰ ਨੂੰ ਹੋਰ ਵੱਡੀਆਂ ਕਾਰਪੋਰੇਸ਼ਨਾਂ ਦੀ ਤਰ੍ਹਾ ਕੋਵਿਡ -19 ਟੀਕਾ ਲਗਵਾਉਣ ਲਈ ਆਪਣੇ ਲੱਗਭਗ 65,000 ਅਮਰੀਕੀ ਕਰਮਚਾਰੀਆਂ ਨੂੰ 200 ਡਾਲਰ ਦੀ ਪੇਸ਼ਕਸ ਦੀ ਘੋਸ਼ਣਾ ਕੀਤੀ ਹੈ। ਇਸ ਸਿਹਤ ਬੀਮਾ ਕੰਪਨੀ ਦੇ ਅਨੁਸਾਰ ਕੋਰੋਨਾ ਟੀਕ-ਾਕਰਨ ਮੁਹਿੰਮ ਦੌਰਾਨ ਪੂਰੀ ਤਰ੍ਹਾਂ ਟੀਕੇ ਲਗਵਾਉਣ ਵਾਲੇ ਕਰਮਚਾਰੀ ਆਪਣੇ ਸਿਹਤ ਖਰਚਿਆਂ ਦੇ ਖਾਤਿਆਂ ਵਿੱਚ 200 ਡਾਲਰ ਪ੍ਰਾਪਤ ਕਰਨਗੇ। ਇਸ ਸਮੇਂ ਅਮਰੀਕਾ ਵਿੱਚ ਇੱਕ ਦਿਨ ਵਿੱਚ 3 ਮਿਲੀਅਨ ਤੋਂ ਵੱਧ ਟੀਕੇ ਲਗਾਏ ਜਾ ਰਹੇ ਹਨ ਅਤੇ ਦੇਸ਼ ਵਿੱਚ ਰੋਜ਼ਾਨਾ ਔਸਤਨ 67,000 ਨਵੇਂ ਲਾਗ ਲੱਗ ਰਹੇ ਹਨ। ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ(ਸੀ ਡੀ ਸੀ) ਦੇ ਅਨੁਸਾਰ, 50% ਤੋਂ ਵੱਧ ਬਾਲਗਾਂ ਨੇ ਘੱਟੋ ਘੱਟ ਆਪਣੀ ਪਹਿਲੀ ਖੁਰਾਕ ਪ੍ਰਾਪਤ ਕੀਤੀ ਹੈ, ਅਤੇ 34% ਤੋਂ ਵੱਧ ਪੂਰੀ ਤਰ੍ਹਾਂ ਟੀਕੇ ਲਗਾਏ ਗਏ ਹਨ। ਇਸਦੇ ਇਲਾਵਾ ਜਾਨਸ ਹੌਪਕਿਨਜ਼ ਯੂਨੀਵਰਸਿਟੀ ਦੇ ਅਨੁਸਾਰ ਲੱਗਭਗ 570,000 ਅਮਰੀਕੀ ਲੋਕਾਂ ਦੀ ਮੌਤ ਕੋਵਿਡ -19 ਨਾਲ ਹੋਈ ਹੈ। ਟੀਕਾਕਰਨ ਦੇ ਸੰਬੰਧ ਵਿੱਚ ਮੋਰਨਿੰਗ ਕੰਸਲਟ ਦੇ ਅਨੁਸਾਰ, ਬਹੁਤ ਸਾਰੇ ਅਮਰੀਕੀ ਟੀਕਾ ਲਗਵਾਉਣ ਲਈ ਝਿਜਕਦੇ ਹਨ। ਮੋਰਨਿੰਗ ਕੰਸਲਟ ਹਰ ਹਫ਼ਤੇ 30,000 ਤੋਂ ਵੱਧ ਲੋਕਾਂ 'ਤੇ ਟੀਕੇ ਲਈ ਸਰਵੇਖਣ ਕਰਦਾ ਹੈ। ਜਦਕਿ ਡੇਟਾ ਇੰਟੈਲੀਜੈਂਸ ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ, 48% ਕਾਲੇ ਅਮਰੀਕੀ ਘਰ ਵਿੱਚ ਬੱਚਿਆਂ ਅਤੇ 50% ਔਰਤਾਂ ਦੇ ਨਾਲ, ਟੀਕਾ ਪ੍ਰਾਪਤ ਕਰਨ ਲਈ ਅਨਿਸ਼ਚਿਤ ਜਾਂ ਤਿਆਰ ਨਹੀਂ ਹਨ। ਦੇਸ਼ ਵਿੱਚ ਵੱਡੀਆਂ ਕੰਪਨੀਆਂ ਜਿਵੇ ਕਿ ਵਾਲਮਾਰਟ, ਟਾਰਗੇਟ, ਕਰੋਗਰ ਅਤੇ ਪਬਲਿਕਸ ਆਦਿ ਟੀਕਾਕਰਨ ਲਈ ਕਰਮਚਾਰੀਆਂ ਨੂੰ ਲੁਭਾਉਣ ਲਈ ਨਕਦੀ ਅਤੇ ਹੋਰ ਪ੍ਰੋਤਸਾਹਨ ਪੇਸ਼ ਕਰ ਰਹੀਆਂ ਹਨ।

# 100 ਸਾਲ ਪਹਿਲਾਂ ਜ਼ਬਤ ਹੋਈ ਜ਼ਮੀਨ ਹੋਵੇਗੀ ਵਾਪਿਸ

**ਫਰਿਜ਼ਨੋ (ਕੈਲੀਫੋਰਨੀਆ), 23 ਅਪ੍ਰੈਲ 2021-** ਦੱਖਣੀ ਕੈਲੀਫੋਰਨੀਆ ਵਿੱਚ ਇੱਕ ਬੀਚ ਫਰੰਟ ਦੀ ਜ਼ਮੀਨ ਦਾ ਇੱਕ ਹਿੱਸਾ ਜਿਹੜਾ ਕਿ ਇੱਕ ਕਾਲੇ ਪਰਿਵਾਰ ਤੋਂ 97 ਸਾਲ ਪਹਿਲਾਂ ਜ਼ਬਤ ਕੀਤਾ ਗਿਆ ਸੀ, ਨੂੰ ਉਨ੍ਹਾਂ ਦੇ ਵੰਸ਼ਜ ਨੂੰ ਵਾਪਸ ਕਰਨ ਲਈ ਤੈਅ ਕੀਤਾ ਗਿਆ ਹੈ। ਇੱਕ ਕਾਲੇ ਜੋੜੇ ਵਿੱਲਾ ਅਤੇ ਚਾਰਲਸ ਬਰੂਸ ਨੇ 1912 ਵਿੱਚ ਮੈਨਹੱਟਨ ਬੀਚ 'ਤੇ ਜ਼ਮੀਨ ਖਰੀਦੀ ਸੀ, ਪਰ ਕਈ ਸਾਲਾਂ ਬਾਅਦ ਉਨ੍ਹਾਂ ਦੀ ਜਾਇਦਾਦ ਨੂੰ ਸ਼ਹਿਰ ਦੁਆਰਾ ਜ਼ਬਤ ਕਰ ਲਿਆ ਸੀ। ਪਰ ਮੰਗਲਵਾਰ ਨੂੰ, ਲਾਸ ਏਂਜਲਸ ਕਾਉਂਟੀ ਬੋਰਡ ਸੁਪਰਵਾਈਜ਼ਰਾਂ ਨੇ ਵਿੱਲਾ ਅਤੇ ਚਾਰਲਸ ਬਰੂਸ ਦੇ ਉੱਤਰਾਧਿਕਾਰੀਆਂ ਨੂੰ ਇਹ ਜਾਇਦਾਦ ਵਾਪਿਸ ਕਰਨ ਲਈ 5-0 ਨਾਲ ਵੋਟ ਦਿੱਤੀ। ਬਰੂਸ ਨੇ ਇਸ ਜ਼ਮੀਨ ਨੂੰ 1,225 ਡਾਲਰ ਵਿੱਚ ਖਰੀਦਿਆ ਸੀ, ਜਿਸਦੀ ਕੀਮਤ ਹੁਣ ਲੱਖਾਂ ਡਾਲਰ ਵਿੱਚ ਹੋ ਸਕਦੀ ਹੈ। ਉਨ੍ਹਾਂ ਨੇ ਕਾਲੇ ਵਸਨੀਕਾਂ ਦੀ ਸੇਵਾ ਲਈ ਬਰੂਸ ਬੀਚ ਵਜੋਂ ਜਾਣਿਆ ਜਾਣ ਵਾਲਾ ਇੱਕ ਰਿਜੋਰਟ ਬਣਾਇਆ ਸੀ। ਬਰੂਸ ਅਤੇ ਉਨ੍ਹਾਂ ਦੇ ਗ੍ਰਾਹਕਾਂ ਨੂੰ ਉਨ੍ਹਾਂ ਦੇ ਗੋਰੇ ਗੁਆਂਢੀਆਂ ਦੁਆਰਾ ਤੰਗ-ਪ੍ਰੇਸ਼ਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਧਮਕਾਇਆ ਗਿਆ ਸੀ। 1924 ਵਿੱਚ, ਮੈਨਹੱਟਨ ਬੀਚ ਸ਼ਹਿਰ ਨੇ ਇਸ ਜੋੜੀ ਨੂੰ ਆਪਣੀ ਜ਼ਮੀਨ ਨੂੰ ਪਾਰਕ ਵਿਚ ਬਦਲਣ ਲਈ ਮਜਬੂਰ ਕੀਤਾ ਅਤੇ 1929 ਵਿੱਚ ਜਾਇਦਾਦ ਜ਼ਬਤ ਕਰ ਲਈ, ਹਾਲਾਂਕਿ, ਇਹ ਕਈ ਦਹਾਕਿਆਂ ਤੋਂ ਖਾਲੀ ਹੈ।

ਮੰਗਲਵਾਰ ਦੀ ਵੋਟ ਤੋਂ ਬਾਅਦ, ਲਾਸ ਏਂਜਲਸ ਕਾਉਂਟੀ ਦਾ ਚੀਫ ਐਗਜ਼ੀਕਿਊਟਿਵ ਦਫਤਰ, ਬਰੂਸ ਪਰਿਵਾਰ ਨੂੰ ਜਾਇਦਾਦ ਵਾਪਿਸ ਕਰਨ ਲਈ ਇੱਕ ਯੋਜਨਾ ਅਤੇ ਸਮਾਂ ਰੇਖਾ ਨਾਲ 60 ਦਿਨਾਂ ਦੇ ਅੰਦਰ ਇੱਕ ਰਿਪੋਰਟ ਦਾਇਰ ਕਰੇਗਾ। ਲਾਸ ਏਂਜਲਸ ਕਾਉਂਟੀ ਲਾਈਫਗਾਰਡ ਟ੍ਰੇਨਿੰਗ ਹੈਡਕੁਆਟਰ ਇਸ ਸਮੇਂ ਜ਼ਮੀਨ 'ਤੇ ਸਥਿਤ ਹੈ। ਇਸ ਲਈ ਕਾਉਂਟੀ ਨੂੰ ਹੁਣ ਬਰੂਸ ਪਰਿਵਾਰ ਤੋਂ ਜਾਇਦਾਦ ਕਿਰਾਏ ਤੇ ਦੇਣ ਜਾਂ ਲਾਈਫਗਾਰਡ ਦੀ ਸਹੂਲਤ ਤਬਦੀਲ ਕਰਨ ਲਈ ਯੋਜਨਾਵਾਂ ਦਾ ਹੱਲ ਕਰਨਾ ਪਵੇਗਾ।


AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hay-ward, CA 94544



Prop: Jasbir Singh Takhar
510-755-2132

Harmandeep Singh



L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables





New folding bed verities


ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।







Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਸਾਬਕਾ ਰਾਸ਼ਟਰਪਤੀ ਟਰੰਪ ਦਾ ਮੈਕਸੀਕੋ ਦੀ ਸਰਹੱਦ ਉਪਰ ਕੰਧ ਉਸਾਰੀ ਪ੍ਰਾਜੈਕਟ ਬਾਇਡਨ ਨੇ ਕੀਤਾ ਰੱਦ

## ਕੰਧ ਉਸਾਰੀ ਲਈ ਰੱਖੇ ਫੰਡ ਦੀ ਵਰਤੋਂ ਫੌਜ ਦੇ ਪ੍ਰਾਜੈਕਟਾਂ ਉਪਰ ਕੀਤੀ ਜਾਵੇਗੀ

**ਸੈਕਰਾਮੈਂਟੋ 1 ਮਈ** - ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੇ ਲੰਘੇ ਦਿਨ ਸਾਰੇ ਸਰਹੱਦੀ ਕੰਧ ਉਸਾਰੀ ਪ੍ਰਾਜੈਕਟ ਰੱਦ ਕਰ ਦਿੱਤੇ। ਬਾਇਡਨ ਨੇ ਇਕ ਆਦੇਸ਼ ਜਾਰੀ ਕਰਕੇ ਮੈਕਸੀਕੋ ਨਾਲ ਲੱਗਦੀ ਸਰਹੱਦ ਉਪਰ ਕੰਧ ਦੀ ਉਸਾਰੀ ਨੂੰ ਰੋਕ ਦਿੱਤਾ ਹੈ। ਇਹ ਆਦੇਸ਼ ਉਸ ਆਦੇਸ਼ ਦਾ ਹੀ ਹਿੱਸਾ ਹੈ ਜਿਸ ਉਪਰ ਰਾਸ਼ਟਰਪਤੀ ਨੇ ਜਨਵਰੀ ਵਿਚ ਸਹੀ ਪਾਈ ਸੀ।

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਰਹੱਦ ਉਪਰ ਕੰਧ ਉਸਾਰੀ ਨੂੰ ਆਪਣੀ ਸਰਹੱਦੀ ਨੀਤੀ ਦਾ ਪ੍ਰਮੁੱਖ ਹਿੱਸਾ ਬਣਾਇਆ ਸੀ ਤੇ ਉਸ ਨੇ ਅਮਰੀਕਾ-ਮੈਕਸੀਕੋ ਸਰਹੱਦ ਉਪਰ ਕੰਧ ਦੀ ਉਸਾਰੀ ਲਈ ਫੌਜ ਦੇ ਫੰਡ ਵਰਤਣ ਨੂੰ ਪ੍ਰਵਾਨਗੀ ਦਿੱਤੀ ਸੀ। ਕਾਂਗਰਸ ਦੇ ਦੋਨਾਂ ਸਦਨਾਂ ਵਿਚ ਕੰਧ ਉਸਾਰੀ ਪ੍ਰਾਜੈਕਟ ਦਾ ਜਬਰਦਸਤ ਵਿਰੋਧ ਹੋਇਆ ਸੀ ਪਰ ਤਤਕਾਲ ਰਾਸ਼ਟਰਪਤੀ ਟਰੰਪ ਆਪਣੇ ਇਸ ਪ੍ਰਮੁੱਖ ਪ੍ਰਾਜੈਕਟ ਨੂੰ ਸ਼ੁਰੂ ਕਰਵਾਉਣ ਵਿਚ ਸਫਲ ਰਿਹਾ ਸੀ। ਪੈਂਟਾਗਨ ਦੇ ਡਿਪਟੀ ਬੁਲਾਰੇ ਜਮਾਲ ਬਰਾਊਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਰਖਿਆ ਵਿਭਾਗ ਨੇ ਸਰਹੱਦੀ ਕੰਧ ਉਸਾਰੀ ਪ੍ਰਾਜੈਕਟਾਂ ਨੂੰ ਰੱਦ ਕਰਨ ਲਈ ਸਾਰੀ ਲੋੜੀਂਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨਾਂ ਕਿਹਾ ਕਿ ਅੱਜ ਦੀ ਕਾਰਵਾਈ ਤੋਂ ਇਹ ਗੱਲ ਸਪਸ਼ਟ ਹੋਈ ਹੈ ਕਿ ਬਾਇਡਨ ਪ੍ਰਸ਼ਾਸਨ ਰਾਸ਼ਟਰ ਦੀ ਸੁਰੱਖਿਆ ਤੇ ਫੌਜੀਆਂ ਅਤੇ ਉਨਾਂ ਦੇ ਪਰਿਵਾਰਾਂ ਦੇ ਸਮਰਥਨ ਪ੍ਰਤੀ ਵਚਨਬੱਧ ਹੈ। ਹੁਣ ਇਸ ਫੰਡ ਦੀ ਵਰਤੋਂ ਫੌਜ ਦੇ ਮੁਲਤਵੀ ਕੀਤੇ ਪ੍ਰਾਜੈਕਟਾਂ ਦੀ ਉਸਾਰੀ ਲਈ ਕੀਤੀ ਜਾਵੇਗੀ। ਰਖਿਆ ਵਿਭਾਗ ਨੇ ਕਿਹਾ ਹੈ ਕਿ ਉਹ ਮੁਲਤਵੀ ਕੀਤੇ ਪ੍ਰਾਜੈਕਟਾਂ ਉਪਰ ਨਜਰਸਾਨੀ ਕਰੇਗਾ ਤੇ ਉਨਾਂ ਵਿਚੋਂ ਤਰਜੀਹ ਵਾਲੇ ਪ੍ਰਾਜੈਕਟਾਂ ਦੀ ਚੋਣ ਕੀਤੀ ਜਾਵੇਗੀ।

ਇਥੇ ਇਹ ਵੀ ਜਿਕਰਯੋਗ ਹੈ ਕਿ ਦੱਖਣੀ ਸਰਹੱਦ ਰਸਤੇ ਅਮਰੀਕਾ ਵਿਚ ਆਉਣ ਵਾਲੇ ਬੱਚਿਆਂ, ਪਰਿਵਾਰਾਂ ਤੇ ਹੋਰ ਲੋਕਾਂ ਦੀ ਵਧੀ ਗਿਣਤੀ ਦੇ ਮੱਦੇਨਜਰ ਬਾਇਡਨ ਪ੍ਰਸ਼ਾਸਨ ਇਮੀਗ੍ਰੇਸ਼ਨ ਵਿਭਾਗ ਦੇ ਦਬਾਅ ਹੇਠ ਸੀ। ਹੋਮਲੈਂਡ ਸਕਿਉਰਟੀ ਵਿਭਾਗ ਨੇ ਕਿਹਾ ਹੈ ਕਿ ਉਹ ਟੈਕਸਸ ਦੀ ਰਿਓ ਗਰਾਂਡੇ ਵੈਲੀ ਤੇ ਸੈਨ ਡਇਏਗੋ ਵਿਚ ਕੰਧ ਉਸਾਰੀ ਕਾਰਨ ਪੈਦਾ ਹੋਏ ਮੁੱਦਿਆਂ ਨੂੰ ਹੱਲ ਕਰੇਗਾ।

# ਮਾਨਸਿਕ ਬਿਮਾਰੀ ਤੋਂ ਪੀੜਤ ਅਦਾਕਾਰ ਜੌਹਨੀ ਕਰਾਅਫੋਰਡ ਦੀ ਕੋਰੋਨਾ ਨੇ ਲਈ ਜਾਨ

**ਸੈਕਰਾਮੈਂਟੋ 2 ਮਈ**- 'ਦ ਰਾਈਫਲਮੈਨ' ਵਿਚ ਮਾਰਕ ਮੈਕੇਨ ਨਾਮੀ ਬੱਚੇ ਦੀ ਨਿਭਾਈ ਭੂਮਿਕਾ ਤੋਂ ਪ੍ਰਸਿੱਧ ਹੋਏ ਅਦਾਕਾਰ ਜੌਹਨੀ ਕਰਾਅਫੋਰਡ ਦੀ ਮੌਤ ਹੋ ਗਈ। ਹਾਲਾਂ ਕਿ ਉਹ ਮਾਨਸਿਕ ਬਿਮਾਰੀ ਤੋਂ ਵੀ ਪੀੜਤ ਸਨ ਪਰ ਉਸ ਦੀ ਮੌਤ ਕੋਰੋਨਾ ਕਾਰਨ ਹੋਈ ਦੱਸੀ ਜਾ ਰਹੀ ਹੈ। ਉਹ 75 ਸਾਲ ਦੇ ਸਨ। ਅਦਾਕਾਰ ਦੀ ਵੈੱਬ ਸਾਈਟ ਅਨੁਸਾਰ ਉਸ ਦੀ ਮੌਤ ਸਮੇ ਉਸ ਦੀ ਪਤਨੀ ਕੋਲ ਸੀ। ਕਰਾਫੋਰਡ ਏ ਬੀ ਸੀ ਲੜੀਵਾਰ ' ਦ ਰਾਈਫਲਮੈਨ' ਵਿਚ ਨਿਭਾਈ ਬੱਚੇ ਦੀ ਭੂਮਿਕਾ ਤੋਂ ਬਾਅਦ ਚਰਚਾ ਵਿਚ ਆਏ ਸਨ। ਇਸ ਭੂਮਿਕਾ ਕਾਰਨ ਉਹ ਲੜੀਵਾਰ ਨਾਟਕ ਵਰਗ ਵਿੱਚ ਸਰਬੋਤਮ ਸਹਾਇਕ ਕਲਾਕਾਰ ਵਜੋਂ ਐਮੀ ਪੁਰਸਕਾਰ ਲਈ ਨਾਮਜ਼ਦ ਹੋਏ ਸਨ। 1950 ਵਿਆਂ ਵਿਚ ਜੌਹਨੀ ਨੇ ' ਦ ਲੌਂਗ ਰੇਂਜਰ', ਦ ਕਾਊਂਟ ਆਫ ਮੋਨਟ ਕ੍ਰਿਸਟੋ ਤੇ ' ਦ ਲੋਰੇਟਾ ਯੰਗ ਸ਼ੋਅ' ਸਮੇਤ ਅਨੇਕਾਂ ਟੀ ਵੀ ਲੜੀਵਾਰਾਂ ਵਿਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਇਸ ਤੋਂ ਇਲਾਵਾ ਇਕ ਗਾਇਕ ਵਜੋਂ ਵੀ ਜੌਹਨੀ ਨੇ ਸਰੋਤਿਆਂ ਦੇ ਦਿਲਾਂ ਉਪਰ ਆਪਣੀ ਛਾਪ ਛੱਡੀ। 1952 ਵਿਚ ਉਸ ਵੱਲੋਂ



ਗਾਇਆ ਗੀਤ 'ਕਿੰਡੀ'ਜ ਬਰਥਡੇਅ' ਬਹੁਤ ਪ੍ਰਸਿੱਧ ਹੋਇਆ ਸੀ। ਉਸ ਨੇ 2004 ਵਿਚ 'ਹੈਲਬਵਾਏ' ਫਿਲਮ ਵਿਚ ' ਈਜ਼ੀ ਕਮ ਈਜ਼ੀ ਗੋ' ਗੀਤ ਗਾ ਕੇ ਦਰਸ਼ਕਾਂ ਤੋਂ ਵਾਹ ਵਾਹ ਖੱਟੀ ਸੀ। ਮਨੋਰੰਜਨ ਜਗਤ ਦੀਆਂ ਪ੍ਰਸਿੱਧ ਸਖਸ਼ੀਅਤਾਂ ਨੇ ਜੌਹਨੀ ਕਰਾਅਫੋਰਡ ਦੀ ਮੌਤ ਉਪਰ ਅਫਸੋਸ ਪ੍ਰਗਟ ਕੀਤਾ ਹੈ। 'ਹੈਪੀ ਡੇਜ਼' ਅਦਾਕਾਰ ਸਕਾਟ ਬੇਓ ਨੇ ਕਿਹਾ ਹੈ ' ਮੇਰਾ ਮਿੱਤਰ ਜੌਹਨੀ ਕਰਾਫੋਰਡ ਨਹੀਂ ਰਿਹਾ। ਮੈ ਉਸ ਦੀ ਪਤਨੀ ਚਾਰਲੋਟ ਦੇ ਦੁੱਖ ਵਿਚ ਸ਼ਰੀਕ ਹਾਂ।

ਜੌਹਨੀ ਅਸਲ ਕੌਅ ਬਵਾਏ ਸੀ। ਉਹ ਹਮੇਸ਼ਾਂ ਮੇਰੇ ਚੇਤਿਆਂ ਵਿਚ ਰਹੇਗਾ।' ਅਦਾਕਾਰ ਬਰੂਸ ਬਾਕਸਲੀਟਨਰ ਨੇ ਕਿਹਾ ਹੈ 'ਜੌਹਨੀ ਇਕ ਬਹੁਤ ਹੀ ਦਿਆਲੂ ਕਿਸਮ ਦਾ ਇਨਸਾਨ ਸੀ। ਮੈ ਉਸ ਦੇ ਮੂੰਹ ਵਿਚੋਂ ਕਦੀ ਵੀ ਗਲਤ ਸ਼ਬਦ ਨਹੀਂ ਸੁਣਿਆ। ਉਹ ਮੇਰੇ ਲਈ ਪ੍ਰੇਰਨਾ ਸੀ ਤੇ 80 ਵਿਆਂ ਤੋਂ ਮੇਰਾ ਮਿੱਤਰ ਸੀ।"

# ਆਸਕਰ ਪੁਰਸਕਾਰ ਜੇਤੂ ਅਦਾਕਾਰਾ ਉਲਿੰਪੀਆ ਡੂਕਾਕਿਸ ਨਹੀਂ ਰਹੀ



**ਸੈਕਰਾਮੈਂਟੋ 2 ਮਈ**- ਆਸਕਰ ਪੁਰਸਕਾਰ ਜੇਤੂ ਅਦਾਕਾਰਾ ਉਲਿੰਪੀਆ ਡੂਕਾਕਿਸ ਜੋ ' ਸਟੀਲ ਮੈਗਨੋ-ਲੀਅਸ' ਤੇ 'ਮੂਨਸਟਰੱਕ' ਵਰ-ਗੀਆਂ ਫਿਲਮਾਂ ਵਿਚ ਨਿਭਾਈਆਂ ਯਾਦਗਾਰੀ ਭੂਮਿਕ-ਾਵਾਂ ਲਈ ਜਾਣੀ ਜਾਂਦੀ ਹੈ, ਦੀ ਲੰਘੇ ਦਿਨ ਮੌਤ ਹੋਈ ਗਈ। ਉਹ 89 ਸਾਲਾਂ ਦੀ ਸੀ। ਉਸ ਨੇ ਆਖਰੀ ਸਾਹ ਨਿਊਯਾਰਕ ਸ਼ਹਿਰ ਵਿਚ ਆਪਣੀ ਰਿਹਾਇਸ਼ ਵਿਚ ਲਏ। ਉਸ ਦੀ ਮੌਤ ਦੇ ਕਾਰਨ ਬਾਰੇ ਤੁਰੰਤ ਪਤਾ ਨਹੀਂ ਲੱਗ ਸਕਿਆ। ਡੂਕਾਕਿਸ ਨੇ ਆਪਣੀ ਅਦਾਕਾਰੀ ਦੀ ਸ਼ੁਰੂਆਤ ਨਾਟਕਾਂ ਤੋਂ ਕੀਤੀ ਸੀ। ਬਾਅਦ ਵਿਚ ਉਸ ਨੇ ਅਨੇਕਾਂ ਫਿਲਮਾਂ ਵਿਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। 1987 ਵਿਚ 'ਮੂਨ ਸਟਰੱਕ' ਵਿਚ ਸਹਾਇਕ ਅਦਾਕਾਰਾ ਵਜੋਂ ਨਿਭਾਈ ਭੂਮਿਕਾ ਲਈ ਉਸ ਨੂੰ ਆਸਕਰ ਪੁਰਸਕਾਰ ਮਿਲਿਆ ਸੀ।


RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834





Chicago's Pizza with a Twist
Call: 1-209-398-2221









Parvinder Dhesi
Kulwant Sandhu
1471 B St., Unit B, Livingston, CA 95334

# ਪਿੰਡ ਰਾਮਗੜ੍ਹ ਪੁੱਜੇ ਭਾਜਪਾ ਐਸ.ਸੀ.ਮੋਰਚਾ ਦੇ ਪੰਜਾਬ ਪ੍ਰਧਾਨ ਰਾਜਕੁਮਾਰ ਅਟਵਾਲ

## ਕਤਲ ਹੋਏ ਨੌਜਵਾਨ ਦੇ ਪਰਿਵਾਰ ਨਾਲ ਕੀਤਾ ਹਮਦਰਦੀ ਦਾ ਪ੍ਰਗਟਾਵਾ

**ਫਗਵਾੜਾ (ਬੀ.ਕੇ.ਰੱਤੂ)** ਫਗਵਾੜਾ ਦੇ ਨਜਦੀਕੀ ਪਿੰਡ ਰਾਮਗੜ੍ਹ ਵਿਖੇ ਬੀਤੇ ਦਿਨੀਂ ਆਪਸੀ ਰੰਜਿਸ਼ ਤਹਿਤ ਦਲਿਤ ਪਰਿਵਾਰ ਦੇ ਨੌਜਵਾਨ ਦੀ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੋਈ ਹੱਤਿਆ ਤੋਂ ਬਾਅਦ ਅੱਜ ਭਾਜਪਾ ਐਸ.ਸੀ. ਮੋਰਚਾ ਪੰਜਾਬ ਦੇ ਪ੍ਰਧਾਨ ਰਾਜਕੁਮਾਰ ਅਟਵਾਲ ਪਿੰਡ ਰਾਮਗੜ੍ਹ ਪੁੱਜੇ ਉਹਨਾਂ ਦੇ ਨਾਲ ਸੀਨੀਅਰ ਭਾਜਪਾ ਆਗੂ ਤੇਜਸਵੀ ਭਾਰਦਵਾਜ, ਮਨਜੀਤ ਚੌਧਰੀ ਤੇ ਲੱਕੀ ਸਰਵਟਾ ਵੀ ਸਨ। ਰਾਜਕੁਮਾਰ ਅਟਵਾਲ ਨੇ ਪੀੜ੍ਹਤ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੁੱਖ ਅਤੇ ਸ਼ੋਕ ਦੀ ਇਸ ਘੜੀ ਵਿਚ ਪਰਿਵਾਰ ਦੇ ਨਾਲ ਹੈ। ਉਹਨਾਂ ਜਿੱਥੇ ਦੋਸ਼ੀਆਂ ਲਈ ਸਖਤ ਸਜਾ ਦੀ ਮੰਗ ਕੀਤੀ ਉੱਥੇ ਹੀ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ




ਰਾਜ 'ਚ ਦਲਿਤਾਂ ਉਪਰ ਲਗਾਤਾਰ ਅਤਿਆਚਾਰ ਹੋ ਰਿਹਾ ਹੈ। ਸੂਬੇ ਵਿਚ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ ਜਿਸ ਕਰਕੇ ਸਮਾਜ ਵਿਰੋਧੀ ਅਨਸਰਾਂ ਦੇ ਹੌਸਲੇ ਬੁਲੰਦ ਹਨ। ਉਹਨਾਂ ਕੈਪਟਨ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਦਲਿਤਾਂ ਨੂੰ ਸਿਆਸੀ ਮੋਹਰਾ ਬਣਾ ਕੇ ਵੋਟ ਬੈਂਕ ਵਜੋਂ ਇਸਤੇਮਾਲ ਕਰਨ ਵਾਲੀ ਕਾਂਗਰਸ ਪਾਰਟੀ ਦੇ ਆਗੂ ਇਸ ਕਤਲ ਕਾਂਡ ਨੂੰ ਲੈ ਕੇ ਚੁੱਪ ਕਿਉਂ ਹਨ। ਪਰਿਵਾਰ ਦੀ ਆਰਥਕ ਸਹਾਇਤਾ ਦੀ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕਰਦਿਆਂ ਰਾਜਕੁਮਾਰ ਅਟਵਾਲ ਨੇ ਕਿਹਾ ਕਿ ਪੀੜ੍ਹਤ ਪਰਿਵਾਰ ਨੂੰ ਹਰ ਹਾਲ ਵਿਚ ਨਿਆ ਦੁਆਇਆ ਜਾਵੇਗਾ। ਰਾਸ਼ਟਰੀ ਐਸ.ਸੀ. ਕਮੀਸ਼ਨ ਦੇ ਨੋਟਿਸ ਵਿਚ ਵੀ ਉਹ ਮਾਮਲੇ ਨੂੰ ਲਿਆਉਣਗੇ ਅਤੇ ਪਰਿਵਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਪਸ਼ਟ ਕਿਹਾ ਕਿ ਪੰਜਾਬ ਵਿਚ ਦਲਿਤਾਂ ਨਾਲ ਧੱਕੇਸ਼ਾਹੀ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਪਰਿਵਾਰ ਦੀਆਂ ਮੰਗਾਂ ਨੂੰ ਲੈ ਕੇ ਹਰ ਪੱਧਰ ਤੇ ਸੰਘਰਸ਼ ਵਿਚ ਪੂਰੀ ਤਰ੍ਹਾਂ ਨਾਲ ਖੜੀ ਹੈ।

# ਜਿਲਾ ਕਪੂਰਥਲਾ 'ਚ ਸਥਾਪਤ ਕੰਟਰੋਲ ਰੂਮ ਰਾਹੀਂ ਕੋਰੋਨਾ ਪੀੜਤਾਂ ਦੀ ਕੀਤੀ ਜਾਵੇਗੀ ਹਰ ਸੰਭਵ ਮਦਦ - ਦਲਜੀਤ ਰਾਜੂ

## ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨਾਲ ਕੀਤੀ ਵਰਚੁਅਲ ਮੀਟਿੰਗ

**ਫਗਵਾੜਾ 3 ਮਈ (ਬੀ.ਕੇ.ਰੱਤੂ)–** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਲੋਂ ਕੋਵਿਡ-10 ਕੋਰੋਨਾ ਮਹਾਂਮਾਰੀ ਦੀ ਰੋਕਥਾਮ ਅਤੇ ਲੋੜਵੰਦਾਂ ਤੱਕ ਜਰੂਰੀ ਸਹੂਲਤਾਂ ਪਹੁੰਚਾਉਣ ਦੇ ਮਕਸਦ ਨਾਲ ਜਿਲ੍ਹਾ ਪੱਧਰ ਤੇ ਗਠਿਤ ਕੰਟਰੋਲ ਰੂਮ ਨਾਲ ਸਬੰਧਤ ਕਮੇਟੀਆਂ ਦੇ ਮੈਂਬਰਾਂ ਨਾਲ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵਲੋਂ ਵਰਚੁਅਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਹਨਾਂ ਕਮੇਟੀ ਮੈਂਬਰਾਂ ਨੂੰ ਜਰੂਰੀ ਹਦਾਇਤਾਂ ਦਿੱਤੀਆਂ। ਇਸ ਵਰਚੁਅਲ ਮੀਟਿੰਗ ਵਿਚ ਹਿੱਸਾ ਲੈਣ ਉਪਰੰਤ ਜਿਲ੍ਹਾ ਕਪੂਰਥਲਾ ਦੀ ਕਮੇਟੀ ਦੇ ਮੈਂਬਰ ਅਤੇ ਬਲਾਕ ਕਾਂਗਰਸ ਫਗਵਾੜਾ ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਨੇ ਪੱਤਰਕਾਰਾਂ ਨਾਲ



ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਸੂਬੇ ਵਿਚ ਕੋਵਿਡ-19 ਮਹਾਂਮਾਰੀ ਨੂੰ ਲੈ ਕੇ ਪੂਰੀ ਗੰਭੀਰਤਾ ਦਿਖਾ ਰਹੀ ਹੈ। ਸਰਕਾਰ ਵਲੋਂ ਜਿੱਥੇ 15 ਮਈ ਤੱਕ ਲਾਕਡਾਊਨ ਦਾ ਐਲਾਨ ਕੀਤਾ ਗਿਆ ਹੈ ਉੱਥੇ ਹੀ ਆਮ ਲੋਕਾਂ ਨੂੰ ਰੋਜ਼ਾਨਾ ਖਪਤ ਦੀਆਂ ਵਸਤੂਆਂ ਦੀ ਸਪਲਾਈ ਅਤੇ ਸਿਹਤ ਸਹੂਲਤਾਂ ਦਾ ਵੀ ਖਾਸ ਖਿਆਲ ਰੱਖਿਆ ਗਿਆ ਹੈ। ਉਹਨਾਂ ਇਕ ਵਾਰ ਫਿਰ ਦੁਹਰਾਇਆ ਕਿ ਜਿਲ੍ਹਾ ਕਪੂਰਥਲਾ ਵਿਚ ਸਥਾਪਤ ਕੰਟਰੋਲ ਰੂਮ ਰਾਹੀਂ ਹਰ ਲੋੜਵੰਦ ਨੂੰ ਮਹਾਂਮਾਰੀ ਦੇ ਇਸ ਦੌਰ ਵਿਚ ਹਰ ਸੰਭਵ ਸਹਾਇਤਾ ਪਹੁੰਚਾਉਣ ਦਾ ਉਪਰਾਲਾ ਕੀਤਾ ਜਾਵੇਗਾ।

# ਡਾਕਟਰ ਨੇਕੀ ਜੀਰੀਐਟਰਿਕ ਸੁਸਾਇਟੀ ਆਫ ਇੰਡੀਆ ਦੇ ਸਲਾਹਕਾਰ ਬਣੇ



ਲਿਮਕਾ ਬੁੱਕ ਵਿਚ ਨਾਮ ਦਰਜ ਕਰਵਾ ਚੁੱਕੀ ਅੰਤਰ ਰਾਸ਼ਟਰੀ ਪੱਧਰ ਦੀ ਮੈਡੀਕਲ ਖੇਤਰ ਦੀ ਨਾਮਵਰ ਸ਼ਖਸੀਅਤ ਡਾਕਟਰ ਨਿਰੰਕਾਰ ਸਿੰਘ ਨੇਕੀ ਪ੍ਰੋਫੈਸਰ ਮੈਡੀਸਨ ਸਰਕਾਰੀ ਮੈਡੀਕਲ ਕਾਲਜ ਅਤੇ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਨੂੰ ਜੀਰੀਐਟਰਿਕ ਖੇਤਰ ਵਿਚ ਪਾਏ ਗਏ ਵਡਮੁੱਲੇ ਯੋਗਦਾਨ ਨੂੰ ਮੁੱਖ ਰੱਖਦੇ ਹੋਏ ਜੀਰੀਐਟਰਿਕ ਸੁਸਾਇਟੀ ਆਫ ਇੰਡੀਆ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ, ਜਿਸ ਦੀ ਲਿਖਤੀ ਸੂਚਨਾ ਸੁਸਾਹਿਟੀ ਦੇ ਜਨਰਲ ਸਕੱਤਰ ਡਾ. ਓ. ਪੀ. ਸ਼ਰਮਾ ਨਵੀਂ ਦਿੱਲੀ ਨੇ ਡਾਕਟਰ ਨੇਕੀ ਨੂੰ ਭੇਜੀ ਹੈ। ਇੱਥੇ ਇਹ ਵਰਣਨਯੋਗ ਹੈ ਕਿ ਡਾਕਟਰ ਨੇਕੀ ਇਸ ਸੁਸਾਇਟੀ ਦੇ ਰਾਸ਼ਟਰੀ ਪ੍ਰਧਾਨ, ਰਾਸ਼ਟਰੀ ਮੀਤ ਪ੍ਰਧਾਨ, ਐਗਜੈਕਟਿਵ ਕਮੇਟੀ ਮੈਂਬਰ, ਪੈਟਰਨ ਅਤੇ ਜੋਨਲ ਕੋਆਰਡੀਨੇਟਰ ਵੀ ਰਹਿ ਚੁੱਕੇ ਹਨ ਅਤੇ ਡਾਕਟਰ ਨੇਕੀ ਦੀਆਂ ਅਨੇਕਾਂ ਰਚਨਾਵਾਂ ਜੋ ਕਿ ਜਿਰੀਐਟਰਿਕ ਅਤੇ ਜੀਰੀਐਨਟੋਸੋਜ਼ ਖੇਤਰ ਨਾਲ ਸਬੰਧਤ ਹਨ, ਡਾਕਟਰੀ ਕਿਤਾਬਾਂ ਅਤੇ ਮੈਡੀਕਲ ਰਸਾਲਿਆਂ ਵਿਚ ਛਪ ਚੁੱਕੀਆਂ ਹਨ। ਡਾ. ਨੇਕੀ ਦੀ ਇਸ ਪ੍ਰਾਪਤੀ ਨਾਲ ਅੰਮ੍ਰਿਤਸਰ ਦਾ ਨਾਮ ਪੂਰੀ ਦੁਨੀਆ ਵਿਚ ਉੱਚਾ ਹੋਇਆ ਹੈ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹੇੜੂ ਵਿਖੇ ਦਾਖਲੇ ਵਿੱਚ ਲਗਾਤਾਰ ਵਾਧਾ

## 12 ਵਿਦਿਆਰਥੀ ਨਿੱਜੀ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲ ਵਿੱਚ ਦਾਖ਼ਲ ਹੋਏ






**ਫਗਵਾੜਾ 3 ਮਈ (ਬੀ.ਕੇ.ਰੱਤੂ)**–ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੋਰੋਨਾ ਮਹਾਮਾਰੀ ਕਾਰਨ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਬੁਲਾਇਆ ਨਹੀਂ ਜਾ ਰਿਹਾ ਪਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਪੜੈਹਾਉਣ ਲਈ ਆਨਲਾਈਨ ਸਿੱਖਿਆ ਦੇਣ ਦਾ ਉਪਰਾਲਾ ਕੀਤਾ ਹੋਇਆ ਹੈ। ਸੂਚਨਾ ਤਕਨਾਲੋਜੀ ਦੀ ਵਰਤੋਂ ਕਰਦਿਆਂ ਵੱਖ-ਵੱਖ ਤਰੈਹਾਂ ਦੇ ਵੀਡੀਓ ਐਪ ਦੀ ਵਰਤੋਂ ਕਰਕੇ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਰੋਜ਼ਾਨਾ ਪੜੈਹਾ ਰਹੇ ਹਨ। ਇਸ ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹੇੜੂ ਦੇ ਸਕੂਲ ਮੁਖੀ ਰਿੰਤੂ ਚੋਪੜਾ ਨੇ ਦੱਸਿਆ ਕਿ ਉਹਨਾਂ ਦੇ ਸਕੂਲ ਵਿੱਚ ਅਧਿਆਪਕ ਸਕੂਲ ਆ ਕੇ ਬੱਚਿਆਂ ਨੂੰ ਰੋਜ਼ਾਨਾ ਜ਼ੂਮ ਐਪ , ਗੂਗਲ ਮੀਟ ਰਾਹੀਂ ਪੜਾ ਰਹੇ ਹਨ ਜਿਸਦੇ ਫਲਸਰੂਪ ਮਾਪਿਆਂ ਵੱਲੋਂ ਕੀਤੇ ਜਾ ਰਹੇ ਪੈਰਚਾਰ ਨਾਲ ਇਸ ਸਾਲ ਸਕੂਲ ਦਾ ਦਾਖ਼ਲਾ ਪਿਛਲੇ ਸਾਲ ਨਾਲੋਂ ਵੱਧ ਗਿਆ ਹੈ। ਉਹਨਾਂ ਕਿਹਾ ਕਿ ਪਿਛਲੇ ਸਾਲ ਸਕੂਲ ਵਿੱਚ ਬੱਚਿਆਂ ਦੀ ਗਿਣਤੀ 212ਸੀ ਪਰ ਹੁਣ ਸੈਸ਼ਨ 2021-22 ਵਿੱਚ ਵੱਧ ਕੇ ਇਹ ਗਿਣਤੀ 236 ਹੋ ਗਈ। ਇਸ ਸੈਸ਼ਨ ਦੇ ਪਹਿਲੇ ਮਹੀਨੇ ਵਿੱਚ ਹੀ ਕਾਫੀ ਵਾਧਾ ਦਰਜ ਕੀਤਾ ਗਿਆ ਹੈ। ਉਹਨਾਂ ਕਿਹਾ ਕਿ 12 ਵਿਦਿਆਰਥੀ ਇਸ ਸਾਲ ਨਿੱਜੀ ਸਕੂਲਾਂ ਨੂੰ ਛੱਡ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹੇੜੂ ਵਿੱਚ ਆਏ ਹਨ।ਉਨੈਹਾਂ ਨੇ ਖਾਸ ਤੌਰ 'ਤੇ ਆਪਣੇ ਸਾਰੇ ਅਧਿਆਪਕਾਂ ਲਖਵੀਰ ਚੰਦ, ਕੌਸੀਆ, ਹਰਦੀਪ ਕੌਰ, ਸੁਖਵਿੰਦਰ ਕੌਰ, ਨਮਰਤਾ ਵਾਲਿਆਂ, ਰੀਨਾ ਕੁਮਾਰੀ, ਮੇਘਨਾ ਦਾ ਜ਼ੈਕਰ ਕੀਤਾ ਜੋ ਕਿ ਦਿਨ ਰਾਤ ਸਕੂਲ ਦੀ ਬਿਹਤਰੀ ਦੇ ਕੰਮ ਕਰ ਰਹੇ ਹਨ।

# ਕੈਪਟਨ ਸਰਕਾਰ ਦੇ ਰਾਜ 'ਚ ਦਲਿਤਾਂ ਉਪਰ ਲਗਾਤਾਰ ਅਤਿਆਚਾਰ ਹੋ ਰਹੇ ਹਨ- ਲੱਕੀ ਸਰਵਟਾ

**ਫਗਵਾੜਾ 3 ਮਈ (ਬੀ.ਕੇ.ਰੱਤੂ)**–ਫਗਵਾੜਾ ਦੇ ਨਜਦੀਕੀ ਪਿੰਡ ਰਾਮਗੜ ਵਿਖੇ ਦਲਿਤ ਨੌਜਵਾਨ ਦੀ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੋਈ ਹੱਤਿਆ ਦੀ ਨਿਖੇਧੀ ਕਰਦਿਆਂ ਸੀਨੀਅਰ ਭਾਜਪਾ ਵਰਕਰ ਲੱਕੀ ਸਰਵਟਾ ਨੇ ਅੱਜ ਇੱਥੇ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਰਾਜ 'ਚ ਦਲਿਤਾਂ ਉਪਰ ਲਗਾਤਾਰ ਅਤਿਆਚਾਰ ਹੋ ਰਿਹਾ ਹੈ ਜਿਸਨੂੰ ਲੈ ਕੇ ਸਮੁੱਚੇ ਸਮਾਜ ਵਿਚ ਡਰ ਦਾ ਮਾਹੌਲ ਹੈ। ਸਮਾਜ ਵਿਰੋਧੀ ਅਨਸਰਾਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਹੈ ਕਿਉਂਕਿ ਸੱਤਾ ਧਿਰ ਦੀ ਸ਼ਹਿ ਮਿਲ ਰਹੀ ਹੈ। ਉਹਨਾਂ ਕੈਪਟਨ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਇਹ ਸਰਕਾਰ ਸੂਬੇ ਵਿਚ ਕਾਨੂੰਨ ਵਿਵਸਥਾ ਬਣਾਉਣ ਵਿਚ ਪੂਰੀ ਤਰਾਂ ਫ਼ੇਲ੍ਹ ਹੋਈ ਹੈ। ਦਲਿਤਾਂ ਅਤੇ ਕਿਸਾਨਾਂ ਦੀ ਹਿਤੈਸ਼ੀ ਸਰਕਾਰ ਹੋਣ ਦਾ ਦਾਅਵਾ ਕਰਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾ ਤਾਂ ਦਲਿਤਾਂ ਨੂੰ ਸਮਾਜਿਕ ਸੁਰੱਖਿਆ ਹੀ ਦੇ ਸਕੇ ਤੇ ਨਾ ਕਿਸਾਨਾਂ ਨੂੰ ਮੰਡੀਆਂ ਵਿਚ ਚੰਗੀਆਂ ਸਹੂਲਤਾਂ ਦੇਣ ਵਿਚ ਸਫਲ ਹੋਏ ਜਿਸ ਕਰਕੇ



ਅੱਜ ਬਾਰਦਾਨੇ ਦੀ ਘਾਟ ਦੇ ਚਲਦਿਆਂ ਖੁੱਲੇ ਅਸਮਾਨ ਹੇਠਾਂ ਮੰਡੀਆਂ 'ਚ ਕਣਕ ਦੀ ਫਸਲ ਬੇਮੌਸਮੀ ਬਰਸਾਤ ਨਾਲ ਖਰਾਬ ਹੋ ਰਹੀ ਹੈ। ਉਹਨਾਂ ਜਿੱਥੇ ਰਾਮਗੜ ਵਿਚ ਕਤਲ ਹੋਏ ਰਾਮ ਲੁਭਾਇਆ ਨਾਮਕ ਨੌਜਵਾਨ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਉੱਥੇ ਹੀ ਕੈਪਟਨ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਪਰਿਵਾਰ ਨੂੰ ਉਚਿਤ ਮੁਆਵਜ਼ੇ ਦਾ ਬੰਦੋਬਸਤ ਕੀਤਾ ਜਾਵੇ। ਕਤਲ ਦੇ ਦੂਸਰੇ ਦੋਸ਼ੀ ਦੀ ਤੁਰੰਤ ਗ੍ਰਿਫਤਾਰੀ ਹੋਵੇ ਅਤੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਸਖ਼ਤ ਸਜਾਵਾਂ ਦੁਆਈਆਂ ਜਾਣ। ਲੱਕੀ ਸਰਵਟਾ ਨੇ ਕੌਮੀ ਐਸ.ਸੀ. ਕਮੀਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਤੋਂ ਵੀ ਪੁਰਜ਼ੋਰ ਅਪੀਲ ਕੀਤੀ ਕਿ ਪੀੜਤ ਪਰਿਵਾਰ ਦੀ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਕਰਦਿਆਂ ਇਨਸਾਫ ਦਿੱਤਾ ਜਾਵੇ। ਉਹਨਾਂ ਕਿਹਾ ਕਿ ਦਲਿਤਾਂ ਨਾਲ ਧੱਕੇਸ਼ਾਹੀ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਰੰਗ ਕਰਮੀ ਤੇ ਵੀਡੀਓ ਡਾਇਰੈਕਟਰ ਨੂੰ ਰਾਮ ਭੋਗਪੁਰੀਆ ਨੂੰ ਸਦਮਾ, ਮਾਤਾ ਦਾ ਦੇਹਾਂਤ



**ਭੋਗਪੁਰ /ਸ਼ਾਮ ਚੁਰਾਸੀ (ਕੁਲਦੀਪ ਚੁੰਬਰ)–** ਯੂ ਐਸ ਏ ਵੱਸਦੇ ਪ੍ਰਵਾਸੀ ਭਾਰਤੀ ਪ੍ਰਸਿੱਧ ਰੰਗ ਕਰਮੀ ਤੇ ਵੀਡੀਓ ਡਾਇਰੈਕਟਰ ਰਾਮ ਭੋਗਪੁਰੀਆ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦ ਉਹਨਾਂ ਦੇ ਪੂਜਨੀਕ ਬੀਬੀ ਸ਼੍ਰੀਮਤੀ ਕੇਵਲ ਕੌਰ (77) ਪਤਨੀ ਸਵ. ਸ਼੍ਰੀ ਚਾਨਣ ਰਾਮ ਬੀਤੀ 30 ਅਪ੍ਰੈਲ 21 ਨੂੰ ਅਕਾਲ ਚਲਾਣਾ ਕਰ ਗਏ ਓਹਨਾਂ ਨਮਿਤ ਭੋਗ ਅਤੇ ਅੰਤਿਮ ਅਰਦਾਸ ਕੋਵਿਡ 19 ਦੀ ਮਹਾਂਮਾਰੀ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਵਿਖ਼ੇ 9 ਮਈ ਨੂੰ ਹੋਵੇਗੀ ਓਹ ਆਪਣੇ ਪਿੱਛੇ ਤਿੰਨ ਬੇਟੀਆਂ ਹੰਸ ਕੁਮਾਰੀ, ਪਵਨ ਕੁਮਾਰੀ, ਪਿੰਕੀ ਰਾਣੀ , ਦੋ ਬੇਟੇ ਬਲਰਾਮ ਜੀ ਅਤੇ ਰਾਮ ਜੀ ਭੋਗਪੁਰੀਆ ਯੂ ਐਸ ਏ, ਵਿਕਰਮ ਪੋਤਰਾ ਤੋਂ ਇਲਾਵਾ ਦੋਹਤੇ , ਦੋਹਤਰੀਆਂ ਦਾ ਖੁਸ਼ਹਾਲ ਪਰਿਵਾਰ ਛੱਡ ਗਏ ਜੋ ਗੁਰੂ ਦੇ ਭਾਣੇ ਵਿਚ ਇਸ ਵਿਛੋੜੇ ਨੂੰ ਸਹਿ ਰਹੇ ਹਨ।

# ਪੱਤਰਕਾਰ ਪਰਵਿੰਦਰਜੀਤ ਸਿੰਘ ਨੂੰ ਸਦਮਾ, ਪਿਤਾ ਦਾ ਦੇਹਾਂਤ



**ਫਗਵਾੜਾ (ਬੀ.ਕੇ.ਰੱਤੂ)–** ਪ੍ਰਸਿੱਧ ਪੱਤਰਕਾਰ ਅਤੇ ਕਾਲਮਨਵੀਸ, ਸਕੇਪ ਸਾਹਿੱਤਕ ਸੰਸਥਾ ਦੇ ਜਨਰਲ ਸਕੱਤਰ ਅਤੇ 'ਅੱਜ ਦਾ ਪੰਜਾਬ' ਈ-ਪੇਪਰ ਦੇ ਸੰਪਾਦਕ ਪਰਵਿੰਦਰਜੀਤ ਸਿੰਘ ਦੇ ਪਿਤਾ ਸ੍ਰ: ਵਰਿੰਦਰਜੀਤ ਸਿੰਘ ਜੀ ਕੱਲ ਰਾਤ ਸਦੀਵੀਂ ਵਿਛੋੜਾ ਦੇ ਗਏ। ਵਰਿੰਦਰਜੀਤ ਸਿੰਘ ਸਾਬਕਾ ਬੈਂਕ ਅਧਿਕਾਰੀ ਸਨ ਅਤੇ ਲੰਮਾ ਸਮਾਂ ਸਟੇਟ ਬੈਂਕ ਆਫ਼ ਪਟਿਆਲਾ ਵਿੱਚ ਨੌਕਰੀ ਕਰਦੇ ਰਹੇ। ਉਹ 68 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਸਪੁੱਤਰ ਪਰਵਿੰਦਰਜੀਤ ਸਿੰਘ, ਸੁਪਤਨੀ ਅਤੇ ਇੱਕ ਸਪੁੱਤਰੀ ਛੱਡ ਗਏ ਹਨ। ਉਹਨਾ ਦਾ ਸਸਕਾਰ ਅੱਜ ਹਦੀਆਬਾਦ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਪੰਜਾਬੀ ਕਾਲਮ-ਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ, ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਰਵਿੰਦਰ ਚੋਟ ਪ੍ਰਧਾਨ ਸਕੇਪ ਸਾਹਿੱਤਕ ਸੰਸਥਾ, ਐਡਵੋਕੇਟ ਐਸ.ਐਲ. ਵਿਰਦੀ, ਲੇਖਕ ਬਲਦੇਵ ਰਾਜ ਕੋਮਲ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ ਅਤੇ ਪੱਤਰਕਾਰਤਾ ਨਾਲ ਜੁੜੀਆਂ ਸਖ਼ਸ਼ੀਅਤਾਂ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਨੇ ਉਹਨਾ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ ਵਲੋਂ ਅਮੋਲਕ ਸਿੰਘ ਜੰਮੂ ਨੂੰ ਭਾਵ ਭਿੰਨੀ ਸ਼ਰਧਾਂਜਲੀ

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਇਕ ਵਿਸ਼ੇਸ ਮੀਟਿੰਗ ਫਰਿਜ਼ਨੋ ਵਿਚ ਪਿਛਲੇ ਦਿਨੀ ਸਾਥੋ ਹਮੇਸ਼ਾ ਲਈ ਵਿਛੜ ਗਏ ਪੰਜਾਬ ਟਾਈਮਜ਼ ਅਖਬਾਰ ਦੇ ਸੰਪਾਦਕ ਸ੍ਰ ਅਮੋਲਕ ਸਿੰਘ ਜੰਮੂ ਨੂੰ ਭਾਵਭਿਨੀ ਸ਼ਰਧਾਜਲੀ ਭੇਟ ਕੀਤੀ ਗਈ। ਸਮੂਹ ਹਾਜ਼ਰ ਮੈਬਰਾਂ ਨੇ ਸ੍ਰ ਜੰਮੂ ਦੇ ਪਰਿਵਾਰ ਨਾਲ ਹਮਦਰਦੀ ਪਰਗਟ ਕੀਤੀ ਅਤੇ ਸ੍ਰ ਅਮੋਲਕ ਸਿੰਘ ਜੰਮੂ ਹੋਰਾਂ ਦੀਆਂ ਸਮਾਜ ਪ੍ਰਤੀ ਸਵੇਵਾਂ ਨੂੰ ਯਾਦ ਕੀਤਾ ਗਿਆ। ਉਨਾਂ ਵਲੋਂ ਪੰਜਾਬੀ ਪਤਰਕਾਰੀ ਦੇ ਖੇਤਰ ਵਿਚ ਸਥਾਪਤ ਕੀਤੇ ਮਿਆਰੀ ਮਾਪਦੰਡਾ ਦੀ ਪ੍ਰਸੰਸਾ ਕੀਤੀ ਗਈ। ਸ੍ਰ ਅਮੋਲਕ ਸਿੰਘ ਸਿੰਘ ਨੇ ਸੰਨ 2000 ਤੋਂ ਪੰਜਾਬ ਟਾਇਮਜ਼ ਨੂੰ ਕੁਝ ਸਫਿਆ ਦੇ ਪੇਪਰ ਤੋਂ ਸ਼ੁਰੂ ਕਰ ਕੇ ਅੱਜ ਅਮਰੀਕਾ ਭਰ ਵਿਚ ਇਕ ਨਵੀਆਂ ਉਚਾਈਆ ਤੇ ਪਹੁੰਚਾਇਆ। ਉਹ ਨੇ ਆਪਣੀ ਦਰਿੜਤਾ, ਲਗਨ ਅਤੇ ਮੇਹਨਤ ਨਾਲ ਆਪਣੀ ਖਰਾਬ ਸੇਹਤ ਦੇ ਬਾਵਜੂਦ ਉਹਨਾਂ ਉਚਾਈਆ ਨੂੰ ਛੋਹਿਆ ਜਿਹੜੀਆਂ ਕਿਸੇ ਸੇਹਮੰਦ ਇਨਸਾਨ ਲਈ ਵੀ ਆਸਾਨ ਨਹੀ। ਉਨਾਂ ਨੇ ਆਪਣੀ ਹਫਤਾਵਾਰੀ ਅਖਬਾਰ ਨੂੰ ਉਚ ਮਿਆਰ ਤੇ ਪਹੁੰਚਾਇਆ ਜਿਥੇ ਉਹ ਹਰ ਚੰਗੇ ਲੇਖਕ ਲਈ ਇਕ ਮਿਕਨਾਤੀਸ ਬਣ ਗਿਆ। ਉਹਨਾਂ ਨੇ ਨਵੇਂ ਲੇਖਕਾਂ ਨੂੰ ਵੀ ਹਮੇਸ਼ਾ ਹੌਸਲਾ ਅਤੇ ਵਧੀਆਂ ਲਿਖਣ ਦੀ ਪ੍ਰੇਰਨਾ ਦਿਤੀ।



ਸਮੂਹ ਮੈਬਰਾਂ ਨੇ ਇਸ ਗਲ ਨੂੰ ਵੀ ਯਾਦ ਕੀਤਾ ਕਿ ਕਿਵੇਂ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਨੇ ਵੀ ਆਪਣਾ ਸਫਰ ਪੰਜਾਬ ਟਾਇਮਜ਼ ਦੇ ਨਾਲ ਹੀ ਸੰਨ 2000 ਵਿਚ ਸ਼ੁਰੂ ਕੀਤਾ ਸੀ ਅਤੇ ਪਿਛਲੇ 20 ਸਾਲਾਂ ਦੇ ਇਸ ਸਫਰ ਵਿਚ ਪੰਜਾਬ ਟਾਇਮਜ ਅਖਬਾਰ ਫੋਰਮ ਦੇ ਸਾਰੇ ਪ੍ਰੋਗਰਾਮਾ ਵਿਚ ਸਹਾਈ ਰਿਹਾ ਹੈ ਫਿਰ ਉਹ ਭਾਵੇ ਕਿਸੇ ਪ੍ਰੋਗਰਾਮ ਦੀ ਗਲ ਨੂੰ ਲੋਕਾਂ ਵਿਚ ਪਹੁੰਚ-ਾਉਣ ਲਈ ਖਬਰਾਂ ਅਤੇ ਇਸਤਿਹਾਰ ਹੋਣ ਜਾਂ ਪ੍ਰੋਗਰਾਮਾ ਤੋਂ ਬਾਅਦ ਇਕ ਵਿਸਥਾਰਿਤ ਰਿਪੋਰਟ ਅਤੇ ਤਸਵੀਰਾਂ। ਸ੍ਰ ਜੰਮੂ ਸਾਡੀਆਂ ਭੇਜੀਆਂ ਖਬਰਾਂ ਨੂੰ ਆਪਣੀ ਛੋਹ ਨਾਲ ਰੋਚਿਕ ਤੇ ਪੜਣਯੋਗ ਬਣਾ ਦਿੰਦੇ ਸਨ। ਸਮੂਹ ਪੰਜਾਬੀ ਭਾਈਚਾਰਾ ਪੰਜਾਬੀ ਪਤਰਕਾਰੀ ਵਿਚ ਉਨਾਂ ਦੀ ਘਾਟ ਨੂੰ ਹਮੇਸ਼ਾ ਮਹਿਸੂਸਦਾ ਰਹੇਗਾ ਅਤੇ ਉਨਾਂ ਦੀਆਂ ਸਮਾਜ, ਪੰਜਾਬੀ ਬੋਲੀ ਅਤੇ ਅਮਰੀਕਾ ਵਿਚ ਵਸਦੀ ਪੰਜਾਬੀ ਕਮਿਉਨਟੀ ਪ੍ਰਤੀ ਉਨਾਂ ਦੀਆਂ ਸਵੇਵਾ ਨੂੰ ਹਮੇਸ਼ਾ ਯਾਦ ਰਖੇਗਾ।ਮੀਟਿੰਗ ਨੇ ਆਸ ਪਰਗਟ ਕੀਤੀ ਕਿ ਉਨਾਂ ਵਲੋਂ ਆਪਣੀ ਲਗਨ ਨਾਲ ਉਸਾਰਿਆ ਪੰਜਾਬ ਟਾਇਮਜ ਵਰਗਾ ਮਿਆਰੀ ਅਖਬਾਰ ਹਮੇਸ਼ਾ ਛਪਦਾ ਅਤੇ ਵਧਦਾ ਫੁਲਦਾ ਰਹੇਗੇ ਅਤੇ ਸਮਾਜ ਵਿਚ ਉਸਾਰੂ ਅਤੇ ਅਗਾਹਵਧੂ ਪਹੁੰਚ ਦੀ ਮਿਸ਼ਾਲ ਬਲੂੰਦ ਰਖੇਗਾ।

# 'ਨਿਊਜ਼ੀਲੈਂਡ ਹਾਈ ਕਮਿਸ਼ਨ ਇਨ ਇੰਡੀਆ' ਨੇ ਸਟਾਫ ਮੈਂਬਰ ਲਈ ਮੰਗੀ ਆਕਸੀਜਨ ਤੇ ਫਿਰ..?

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** 'ਮੇਰਾ ਭਾਰਤ ਮਹਾਨ' ਨਾ ਹੋ ਕੇ ਅੱਜ ਕੱਲ੍ਹ ਕਰੋਨਾ ਦੀ ਮਾਰ ਝਲਦਿਆਂ ਹਰ ਇਕ ਦੀ ਜਾਨ ਲੈਣ ਵਾਲਾ ਬਣਿਆ ਹੋਇਆ ਹੈ। ਆਕ-ਸੀਜਨ ਸਿਲੰਡਰਾਂ ਦੀ ਐਨੀ ਥੁੜ੍ਹ ਪੈਦਾ ਹੋ ਗਈ ਹੈ ਕਿ ਵੱਡੇ-ਵੱਡੇ ਅਦਾਰੇ ਸਰਕਾਰੀ ਆਸ ਤੋਂ ਪਰ੍ਹੇ ਹੋ ਸੋਸ਼ਲ ਮੀਡੀਆ ਉਤੇ ਵਿਸ਼ਵਾਸ਼ ਕਰਨ ਲੱਗੇ ਹਨ ਕਿ ਸ਼ਾਇਦ ਸਰਕਾਰੀ ਸਾਧਨਾਂ ਤੋਂ ਪਹਿਲਾਂ ਕੋਈ ਉਥੇ ਆਕਸੀਜਨ ਪਹੁੰਚਾ ਦੇਵੇ ਅਤੇ ਕਿਸੀ ਦੀ ਜਾਨ ਬਚ ਜਾਵੇ।

ਗੱਲ ਹੈ ਨਵੀਂ ਦਿੱਲੀ ਸਥਿਤ ਨਿਊਜ਼ੀਲੈਂਡ ਹਾਈ ਕਮਿਸ਼ਨ ਦੀ। ਪਿਛਲੇ ਇਕ ਸਾਲ ਤੋਂ ਇਹ ਕਮਿਸ਼ਨ ਆਪਣਾ ਕੀਵੀ ਸਟਾਫ ਅਤੇ ਸਥਾਨਿਕ ਸਟਾਫ ਆਪਣੇ ਹੀ ਕੰਪਾਊਡ ਦੇ ਵਿਚ ਰੱਖ ਰਿਹਾ ਹੈ ਤਾਂ ਕਿ ਕਰੋਨਾ ਤੋਂ ਬਚਿਆ ਜਾ ਸਕੇ। ਬੀਤੇ ਦਿਨੀਂ ਉਨ੍ਹਾਂ ਦਾ ਇਕ ਸਥਾਨਕ ਸਟਾਫ ਮੈਂਬਰ ਬਿਮਾਰ ਹੋ ਗਿਆ ਅਤੇ ਉਸਨੂੰ ਤੁਰੰਤ ਆਕਸੀਜਨ ਦੀ ਲੋੜ ਸੀ। ਹਾਈ ਕਮਿਸ਼ਨ ਨੇ ਨੈਸ਼ਨਲ ਯੂਥ ਕਾਂਗਰਸ ਦੇ ਪ੍ਰਧਾਨ ਸਿਰੀਨਿਵਾਸ ਬੀ.ਵੀ. ਨੂੰ ਹੈਸ਼ ਟੈਗ ਕਰਦਿਆਂ ਸੋਸ਼ਲ ਸਫੇ ਉਤੇ ਆਕਸੀਜਨ ਦੇ ਸਿਲੰਡਰ ਦੀ ਤੁਰੰਤ ਲੋੜ ਲਈ ਪੋਸਟ ਪਾ ਦਿੱਤੀ। ਟਵੀਟ ਨੇ ਕੰਮ ਕੀਤਾ ਅਤੇ ਸਿਲੰਡਰ ਤਾਂ ਜਲਦੀ ਹੀ ਦੱਸ ਕੇ ਪਹੁੰਚਾ ਦਿੱਤਾ ਗਿਆ ਪਰ ਹਾਈ ਕਮਿਸ਼ਨ ਵੱਲੋਂ ਅਪਣਾਇਆ ਗਿਆ ਇਹ ਤਰੀਕਾ ਰਾਜਸੀ ਤਰੀਕਿਆਂ 'ਤੇ ਖਰਾ ਨਹੀਂ ਉਤਰਿਆ ਜਿਸ ਕਰਕੇ ਮਾਮਲਾ ਮੀਡੀਆ ਰਾਹੀਂ ਤੁਰਦਾ-ਤੁਰਦਾ ਨਿਊਜ਼ੀਲੈਂਡ ਸਰਕਾਰ ਤੱਕ ਪਹੁੰਚ ਗਿਆ। ਪ੍ਰਧਾਨ ਮੰਤਰੀ ਮਾਣਯੋਗ ਜੈਸਿੰਡਾ ਆਰਡਨ ਨੂੰ ਇਸ ਸਬੰਧੀ ਸਫਾਈ ਦੇਣੀ ਪਈ ਹੈ ਅਤੇ ਕਹਿਣਾ ਪਿਆ ਕਿ ਹਾਈ ਕਮਿਸ਼ਨ ਦਾ ਇਹ ਤਰੀਕਾ ਠੀਕ ਨਹੀਂ ਸੀ। ਨਿਯਮਾਂ ਅਨੁਸਾਰ ਭਾਰਤ ਦੀ ਸਰਕਾਰ ਤੱਕ ਪਹੁੰਚ ਕਰਨੀ ਬਣਦੀ ਸੀ ਅਤੇ ਉਨ੍ਹਾਂ ਨੇ ਇਸਦਾ ਯੋਗ ਪ੍ਰਬੰਧ ਕਰਨਾ ਸੀ। ਬਿਮਾਰ ਵਿਅਕਤੀ ਦੀ ਸਿਹਤਯਾਬੀ ਲਈ ਪ੍ਰਧਾਨ ਮੰਤਰੀ ਨੇ ਦੁਆ ਕੀਤੀ ਹੈ।





ਹਾਈ ਕਮਿਸ਼ਨ ਨਿਊਜ਼ੀਲੈਂਡ ਨੇ ਇਸ ਤਰ੍ਹਾਂ ਦਾ ਟਵੀਟ ਕਰਨ ਉਤੇ ਵੀ ਮਾਫੀ ਮੰਗੀ ਹੈ। ਮਾਫੀ ਮੰਗਣ ਦਾ ਕਾਰਨ ਹੈ ਕਿ ਜਦੋਂ ਸਹੀ ਰਸਤਾ ਸੀ ਤਾਂ ਟੇਢਾ-ਮੇਢਾ ਰਸਤਾ ਕਿਉਂ ਚੁਣਿਆ ਗਿਆ। ਹਾਈ ਕਮਿਸ਼ਨ ਨੇ ਉਸ ਟਵੀਟ ਨੂੰ ਬਦਲ ਕੇ ਦੁਬਾਰਾ ਪਾ ਦਿੱਤਾ ਹੈ। ਸੋ ਆਕਸੀਜਨ ਲਈ ਟਵੀਟ ਕੀ ਕੀਤਾ...ਬੱਸ ਐਵੇਂ ਰੌਲਾ ਪੈ ਗਿਆ। ਹੋ ਸਕਦਾ ਹੈ ਤੁਰੰਤ ਪਹੁੰਚੇ ਸਿਲੰਡਰ ਨਾਲ ਕਿਸੀ ਦੀ ਜਾਨ ਬਚ ਗਈ ਹੋਵੇ ਪਰ ਕਈ ਵਾਰ ਮਸਲਾ ਨਿਯਮਾਂ ਦਾ ਆ ਜਾਂਦਾ ਹੈ।

# ਪੰਜਾਬੀ ਨੌਜਵਾਨ ਪੁਸ਼ਪਿੰਦਰ ਸਿੰਘ ਦਿੱਲੀ ਤੋਂ ਵਾਇਆ ਅਮਰੀਕਾ ਹੋ ਵਾਪਸ ਪਰਤਿਆ ਨਿਊਜ਼ੀਲੈਂਡ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** '28 ਅਪ੍ਰੈਲ ਅੱਧੀ ਰਾਤ ਤੋਂ ਇੰਡੀਆ ਤੋਂ ਨਿਊਜ਼ੀਲੈਂਡ ਦੇ ਨਾਗਰਿਕ ਵਾਪਿਸ ਆ ਸਕਦੇ ਹਨ ਜਾਂ ਉਨ੍ਹਾਂ ਦੇ ਨੇੜੇਲੇ ਰਿਸ਼ਤੇਦਾਰ ਜਿਵੇਂ ਪਾਰਟਨਰ ਆਦਿ, ਜਿਨ੍ਹਾਂ ਕੋਲ ਵੈਲਿਡ ਵੀਜ਼ਾ ਹੈ। ਪਰ ਆਉਣ ਕਿੱਦਾ? ਇਸ ਬਾਰੇ ਸਰਕਾਰ ਨੇ ਕੋਈ ਦਿਸ਼ਾ ਨਿਰਦੇਸ਼ ਨਹੀਂ ਦਿਤੇ ਸਨ ਅਤੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਸੀ। ਪਹਿਲਾਂ-ਪਹਿਲ ਲੋਕ ਡੁਬਈ ਰਾਹੀਂ ਆ ਰਹੇ ਸਨ ਪਰ ਹੁਣ ਇਹ ਫਲਾਈਟਾਂ ਵੀ ਦਿੱਲੀ ਤੋਂ ਬੰਦ ਨਾਲ ਦੀਆਂ ਹਨ। ਜਿਸ ਕਰਕੇ ਕਹਿਣ ਨੂੰ ਸੌਖਾ ਪਰ ਭਾਰਤ ਆਉਣਾ ਔਖਾ ਹੋਇਆ ਪਿਆ ਹੈ। &;ਕੁਝ ਫਲਾਈਟਾਂ ਅਮਰੀਕਾ ਨੂੰ ਜਾ ਰਹੀਆਂ ਸਨ ਅਤੇ ਉਥੋਂ ਐਲ. ਏ ਤੋਂ ਏਅਰ ਨਿਊਜ਼ੀਲੈਂਡ ਦੀ ਫਲਾਈਟ ਔਕਲੈਂਡ ਆ ਰਹੀ &;ਸੀ। ਇਸ ਨੌਜਵਾਨ ਨੂੰ ਜਦੋਂ ਕੋਈ ਹੀਲਾ ਵਸੀਲਾ ਨਾ ਬਣਦਾ ਦਿਸਿਆ ਤਾਂ ਇਸਨੇ ਵਾਇਆ ਅਮਰੀਕਾ ਆਉਣਾ ਹੀ ਠੀਕ ਸਮਝਿਆ ਅਤੇ 6000 ਡਾਲਰ ਦੇ ਕਰੀਬ ਖਰਚ ਕਰਕੇ ਇਹ ਨੌਜਵਾਨ ਲਗਪਗ ਤਿੰਨ ਦਿਨਾਂ ਬਾਅਦ ਇਥੇ ਪਹੁੰਚਿਆ ਹੈ। ਇਸ ਪੰਜਾਬੀ ਨੌਜਵਾਨ ਪੁਸ਼ਪਿੰਦਰ ਸਿੰਘ ਨੇ ਆਪਣੀ ਹੱਡਬੀਤੀ ਦਸਦਿਆ ਕਿਹਾ ਕਿ ਉਹ 30 ਮਾਰਚ ਨੂੰ ਆਪਣੀ ਦਾਦੀ ਜੀ ਦੇ ਬਿਮਾਰ ਹੋਣ ਉਤੇ ਦਿੱਲੀ ਗਿਆ ਸੀ ਅਤੇ ਵਾਪਿਸੀ ਦੀ ਟਿਕਟ 15 ਅਪ੍ਰੈਲ ਦੀ ਸੀ ਪਰ ਉਸ ਵੇਲੇ ਇੰਡੀਆ ਤੋਂ ਕੋਈ ਨਾਗਰਿਕ ਵੀ ਇਥੇ ਆਉਣਾ ਬੰਦ ਕਰ ਦਿੱਤਾ ਗਿਆ ਸੀ। ਇਸ ਨੌਜਵਾਨ ਨੇ ਏਮੀਰੇਟਸ ਦੀ ਫਲਾਈਟ ਲਈ ਹੋਈ ਸੀ ਅਤੇ ਵਾਪਿਸੀ ਵਾਲੇ ਪੈਸੇ ਵੀ ਹੁਣ ਫਸ ਗਏ ਹਨ। ਉਸਨੇ ਆਪਣਾ ਤਜ਼ਰਬਾ ਸਾਂਝਾ ਕਰਦਿਆਂ ਭਾਰਤੀ ਸੰਸਥਾਵਾਂ ਨੂੰ ਇਸ ਗੱਲ ਲਈ ਅੱਗੇ ਆਉਣ ਲਈ ਬੇਨਤੀ ਕੀਤੀ ਹੈ ਕਿ ਉਹ ਸਰਕਾਰ ਉਤੇ ਦਬਾਅ ਪਾ ਕੇ ਦੁਬਾਰਾ ਕੁਝ ਰੀਪੈਟਰੀਏਸ਼ਨ ਫਲਾਈਟਾਂ ਦਾ ਪ੍ਰਬੰਧ ਕਰਨ ਤਾਂ ਕਿ ਜਿਹੜੇ ਲੋਕ ਨਿਊਜ਼ੀਲੈਂਡ ਦੇ ਨਾਗਰਿਕ ਹੋਣ ਦੇ ਬਾਵਜੂਦ ਇਥੇ ਨਹੀਂ ਪਹੁੰਚ ਸਕਦੇ, ਉਹ ਆਰਾਮ ਦੇ ਨਾਲ ਇਥੇ ਪਹੁੰਚ ਸਕਣ। ਜੇਕਰ ਖਰਚਾ ਅਮਰੀਕਾ ਤੱਕ ਵੀ ਓਨਾ ਹੀ ਹੋ ਰਿਹਾ ਹੈ ਤਾਂ ਕਿਉਂਨਾ ਇਹ ਪੈਸਾ ਦੇਸ਼ ਦੀ ਏਅਰਲਾਈਨ ਨੂੰ ਜਾਵੇ।



ਨਿਊਜ਼ੀਲੈਂਡ ਸਰਕਾਰ ਅਤੇ ਭਾਰਤ ਸਰਕਾਰ ਆਪਸੀ ਸਹਿਯੋਗ ਦੇ ਨਾਲ ਇਸ ਵਿਸ਼ੇ ਉਤੇ ਕੰਮ ਕਰਨ ਅਤੇ ਦੁਬਾਰਾ ਕੁਝ ਵਿਸ਼ੇਸ਼ ਫਲਾਈਟਾਂ ਚਲਾਉਣ ਦਾ ਪ੍ਰਬੰਧ ਕਰਨ। ਇਸ ਵੇਲੇ ਸੈਂਕੜਿਆਂ ਦੇ ਹਿਸਾਬ ਨਾਲ ਨਿਊਜ਼ੀਲੈਂਡ ਦੇ ਨਾਗਰਿਕ ਇੰਡੀਆ ਫਸੇ ਹੋਏ ਹਨ ਅਤੇ ਜਿਨ੍ਹਾਂ ਕੋਲ ਸਿਰਫ ਪੀ. ਆਰ. ਹੈ ਉਹ ਇਸ ਤੋਂ ਵੀ ਜਿਆਦਾ ਹਨ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-13J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦੀ ਦਾਸਤਾਨ ਨੂੰ ਯਾਦ ਕਰਦਿਆਂ ਅੱਜ ਵੀ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ

102 ਸਾਲ ਪਹਿਲਾਂ 13 ਅਪ੍ਰੈਲ 1919 ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ, ਪੰਜਾਬ (ਹਿੰਦੋਸਤਾਨ)'ਚ ਅੰਗਰੇਜ਼ ਸਾਮਰਾਜ ਦੇ ਜਨਰਲ ਡਾਇਰ ਨੇ ਜੱਲ੍ਹਿਆਂਵਾਲਾ ਬਾਗ਼ 'ਚ ਸੈਂਕੜੇ ਸ਼ਾਂਤਮਈ ਅੰਦੋਲਨ ਕਾਰੀਆਂ ਉੱਤੇ ਅੰਧਾ-ਧੁੰਦ ਗੋਲੀਆਂ ਚਲਾਕੇ ਸ਼ਹੀਦ ਕਰ ਦਿੱਤਾ। ਹਿੰਦੋਸਤਾਨ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ 'ਚ ਨੂੜਕੇ ਰੱਖਣ ਲਈ ਸਿਡਨੀ ਰੌਲਟ ਜੋ ਇੰਗਲੈਂਡ ਦੇ ਬਾਦਸ਼ਾਹ ਦਾ ਕਾਨੂੰਨੀ ਸਲਾਹਕਾਰ ਸੀ, ਵਲੋਂ 19 ਮਾਰਚ 1915 ਦੇ ਕਾਨੂੰਨ ' ਡਿਫੈਂਸ ਆਫ਼ ਇੰਡੀਆ ਐਕਟ ' ਨੂੰ ਸੋਧਕੇ 19 , ਮਾਰਚ 1919 ਨੂੰ' ਰੌਲਟ ਐਕਟ ' ਨਾਂਅ ਦਾ ਕਾਨੂੰਨ ਬਣਾਕੇ ਆਪਣਾ ਫਾਸ਼ੀਵਾਦੀ ਚਿਹਰਾ ਦਿਖਾਇਆ।

ਜਿਸ ਦੀਆਂ ਧਰਾਵਾਂ ਸਨ- 1. ਕਿਸੇ ਵੀ ਸ਼ੱਕੀ ਨੂੰ ਜੋ ਦੋ ਸਾਲ ਤੋਂ ਸੂਬੇ ਵਿੱਚ ਰਹਿ ਰਿਹਾ ਹੋਵੇ ਬਿਨ੍ਹਾਂ ਮੁਕੱਦਮਾ ਚਲਾਇਆਂ ਦੋ ਸਾਲ ਦੀ ਕੈਦ ਹੋਵੇਗੀ ।2. ਪੁਲਿਸ ਕਿਸੇ ਸ਼ੱਕੀ ਵਿਅਕਤੀ ਅਤੇ ਉਸ ਦੇ ਘਰ ਦੀ ਬਿਨ੍ਹਾਂ ਵਾਰੰਟ ਤਲਾਸ਼ੀ ਲੈ ਸਕਦੀ ਹੈ ।3. ਮੀਡਿਆ ਨੂੰ ਰਾਜਨੀਤਕ ਘਟਨਾਵਾਂ ਛਾਪਣ ਦੇ ਦੋਸ਼ 'ਚ ਵਰੰਟ ਤੋਂ ਬਿਨ੍ਹਾਂ ਫੜ ਕੇ ਅਣਮਿੱਥੇ ਸਮੇਂ ਲਈ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ । 4. ਮੁਕੱਦਮੇ ਦੀ ਸੁਣਵਾਈ ਲਈ ਜਿਊਰੀ ਨਹੀਂ ਕੈਮਰੇ ਸਾਹਮਣੇ ਹੋਵੇਗੀ। 5. ਕੈਦੀਆਂ ਨੂੰ ਕੇਸ ਜਾਂ ਗਵਾਹਾਂ ਵਾਰੇ ਜਾਨਣ ਦਾ ਕੋਈ ਹੱਕ ਨਹੀਂ ਸੀ। 6. ਕੈਦੀਆਂ ਨੂੰ ਰਿਹਾਈ ਤੋਂ ਪਹਿਲਾਂ ਜ਼ਮਾਨਤ ਭਰਨੀ ਪੈਂਦੀ ਸੀ ਕਿ ਮੁੱੜ ਕਿਸੇ ਰਾਜਨੀਤਿਕ , ਧਾਰਮਿਕ ਅਤੇ ਵਿਦਿਅਕ ਮਸਲਿਆਂ 'ਚ ਹਿੱਸਾ ਨਹੀਂ ਲੈਣਗੇ।

ਇਹ ਰੌਲਟ ਐਕਟ ਨੂੰ ਤਿੰਨ ਸ਼ਬਦਾਂ 'ਚ ਲਿਖਿਆ, ਪੜ੍ਹਿਆ ਤੇ ਦੇਖਿਆ ਜਾ ਸਕਦਾ ਹੈ :- ਨਾ ਅਪੀਲ , ਨਾ ਦਲੀਲ ਅਤੇ ਨਾ ਵਕੀਲ।

ਇਸ ਕਾਨੂੰਨ (ਰੌਲਟ ਐਕਟ) ਨੂੰ ਵਾਪਿਸ ਕਰ-ਾਉਣ ਲਈ ਵਿਧਾਨ ਸਭਾ ਦੇ ਮੈਂਬਰ ਪੰਡਿਤ ਮਦਨ ਮੋਹਨ ਮਾਲਵੀਆ, ਡਾ. ਸੈਫੂਲਦੀਨ ਕਿੱਚਲੂ ਅਤੇ ਡਾ. ਸਤਿਆਪਾਲ ਦੇ ਵਿਰੋਧ ਕਰਨ ਦੇ ਬਾਵਜੂਦ ਵੀ ਪਾਸ ਕਰ ਦਿੱਤਾ।

ਅੰਗਰੇਜ਼ ਹਕੂਮਤ ਵਲੋਂ ਕੀਤੇ ਜਿਲ੍ਹਆਂਵਾਲਾ ਬਾਗ਼ ਦੇ ਵਹਿਸ਼ੀ ਖ਼ੂਨੀ ਸਾਕੇ ਵਿੱਚ ਵੱਖ-ਵੱਖ ਰਿਪੋਰਟਾਂ ਅਨੁਸਾਰ 1500 ਸੌ ਤੋਂ ਵੱਧ ਸ਼ਾਂਤਮਈ ਅੰਦੋਲਨ ਕਾਰੀ ਸ਼ਹੀਦ ਹੋਏ ਅਤੇ ਇਸ ਤੋਂ ਵੱਧ ਜ਼ਖ਼ਮੀ ਹੋਏ ਸਨ , 412 ਸ਼ਹੀਦਾਂ ਦੇ ਨਾਮ ਦੀ ਲਿਸਟ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ ਗ਼ਦਰੀ ਲਹਿਰਾਂ ਦੀ ਹਿੱਸੇਦਾਰੀ' ਡ਼ਾ ਗੁਰੂਮੇਲ ਸਿੱਧੂ ਦੀ ਕਿਤਾਬ 'ਚ ਪੜ੍ਹੀ ਜਾ ਸਕਦੀ ਹੈ। ਇਸ ਵਹਿਸ਼ੀ ਕਾਰੇ ਦੀ ਰਹਿੰਦੀ ਦੁਨੀਆਂ ਤੱਕ ਨਿੰਦਿਆ ਕੀਤੀ ਜਾਂਦੀ ਰਹੇਗੀ।

ਜਿਲ੍ਹਆਂਵਾਲਾ ਬਾਗ਼ ਦੇ ਖ਼ੂੰਨੀ ਸਾਕੇ ਦੀ ਪੁਰਜੋਰ ਨਿੰਦਿਆ ਕਰਦੇ ਹੋਏ ਸ਼ਾਂਤਮਈ ਆਜ਼ਾਦੀ ਸੰਗਰਾਮੀਆਂ ਨੂੰ ਸ਼ਰਧਾਂਜ਼ਲੀ ਪੇਸ਼ ਕਰਦੇ ਹਾਂ।

ਕਿਸਾਨ, ਖੇਤੀ ਦੇ ਵਿਰੁੱਧ ਕੇਂਦਰ ਸਰਕਾਰ ਵਲੋਂ ਬਣਾਏ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਿਸ ਕਰਾਉਣ ਲਈ ਸ਼ਾਂਤਮਈ ਅੰਦੋਲਨ ਕਰ ਰਹੇ ਹਨ ਦਾ ਸਮੱਰਥਨ ਕਰਦੇ ਹੋਏ ਅਪੀਲ ਕਰਦੇ ਹਾਂ ਕਿ ਸਾਰੇ ਮਜ਼ਦੂਰ, ਕਿਸਾਨ, ਮੁਲਾਜ਼ਮ ਅਤੇ ਹਰੇਕ ਭਾਰਤੀ ਨਾਗਰਿਕ ਨੂੰ 'ਏਕੇ' ਦਾ ਸਬੂਤ ਦਿੰਦੇ ਹੋਏ ਵਿਸ਼ਾਲ ਪਲੇਟ ਫ਼ਾਰਮ ਬਣਾਉਣ ਦੀ ਲੋੜ ਹੈ।

ਸ਼ਹੀਦਾਂ ਨੂੰ ਪ੍ਰਣਾਮ!
ਇੱਕੋ ਇੱਕ ਠੀਕ ਰਾਹ, ਏਕੇ ਤੇ ਸੰਘਰਸ਼ ਦਾ!
ਸਾਹਿਬੇ ਕਮਾਲ ਸਰਬੰਸਦਾਨੀ ਗੁਰੂ ਗੋਬਿੰਦ ਦੇ
ਦੱਸੇ ਰਾਹ ਨੂੰ ਧਿਆਨ ਵਿੱਚ ਰੱਖੋ।
ਜਿੱਤ ਤੁਹਾਡੀ ਉਡੀਕ ਕਰ ਰਹੀ ਹੈ।
ਵਲੋਂ :-ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ

# ਗ਼ਦਰੀ ਬਾਬਾ ਸ. ਗੁਰਮੁੱਖ ਸਿੰਘ 'ਲੱਲਤੋਂ" ਸਦੀਵੀ ਵਿਛੋੜਾ ਦੇ ਗਏ

13 ਮਾਰਚ 1977 ਨੂੰ ਗ਼ਦਰੀ ਬਾਬਾ ਸ. ਗੁਰਮੁੱਖ ਸਿੰਘ "ਲੱਲਤੋਂ" ਪੁੱਤਰ ਸ. ਹੁਸ਼ਨਾਕ ਸਿੰਘ ਪਿੰਡ ਲੱਲਤੋਂ ਜ਼ਿਲ੍ਹਾ ਲੁਧਿਆਣਾ ਬੀਮਾਰੀ ਦੀ ਤਾਬ ਨਾ ਝੱਲਦੇ ਹੋਏ ਜਲੰਧਰ ਹਸਪਤਾਲ 'ਚ ਸਦੀਵੀ ਵਿਛੋੜਾ ਦੇ ਗਏ ਅਤੇ ਸ਼ਹੀਦਾਂ ਦੀ ਕਤਾਰ 'ਚ ਸ਼ਾਮਲ ਹੋ ਗਏ। ਬਾਬਾ ਗੁਰਮੁੱਖ ਸਿੰਘ ਦੇ ਤਿੰਨ ਭਰਾ ਸਨ। ਪਹਿਲੇ ਸ. ਚੜ੍ਹਤ ਸਿੰਘ ਘਰ ਦੇ ਕੰਮਾਂ ਲਈ ਦੂਸਰੇ ਸ. ਗੁਰਮੁੱਖ ਸਿੰਘ ਪੜ੍ਹਾਈ ਵਾਸਤੇ ਅਤੇ ਤੀਜੇ ਆਤਮਾ ਸਿੰਘ ਨੂੰ ਫੌਜ 'ਚ ਭਰਤੀ ਕਰਾਕੇ ਪਿਤਾ ਜਿ ਵਲੋਂ ਘਰ ਅਤੇ ਸਮਾਜ ਦੀ ਖ਼ੁਸ਼ਹਾਲੀ ਦਾ ਦਿਸ਼ਟੀਕੋਣ ਦਿਖਾਇਆ। ਬਾਬਾ ਗੁਰਮੁੱਖ ਸਿੰਘ ਨੇ ਹਾਈ ਸਕੂਲ ਪਾਸ ਕਰ ਲਿਆ ਤੇ ਹੁਣ ਥੋੜ੍ਹੇ ਪੈਸਿਆਂ ਦੀ ਨੌਕਰੀ ਨਾ ਕਰਨੇ ਦੇ ਬਦਲ ਵਿੱਚ ਬਾਕੀਆਂ ਵਾਂਗ ਕਮਾਈ ਕਰਨ ਲਈ ਕੈਨੇਡਾ ਜਾਣ ਲਈ ਲੁਧਿਆਣੇ ਤੋਂ ਰੇਲ ਗੱਡੀ ਫੜ ਕਲਕੱਤਾ ਬੰਦਰਗਾਹ ਪਹੁੰਚੇ।ਬਹਿਰੀ ਜਹਾਜ਼ ਦੀ ਟਿਕਟ ਲੈ ਕੇ ਕੈਨੇਡਾ ਜਾਣ ਵਾਲੇ ਸਮੁੰਦਰੀ ਜਹਾਜ਼ 'ਚ ਸਵਾਰ ਹੋ ਗਏ, ਅਜੇ ਜਹਾਜ਼ ਹਾਂਗਕਾਂਗ ਪਹੁੰਚਿਆ ਹੀ ਸੀ ਕਿ ਮਨਹੂਸ ਖ਼ਬਰ ਮਿਲ ਗਈ ਕਿ ਕੈਨੇਡਾ ਹਕੂਮਤ ਨੇ ਹਿੰਦੋਸਤਾਨੀਆਂ ਦਾ ਦਾਖ਼ਲਾ ਬੰਦ ਕਰ ਦਿੱਤਾ। ਕੈਨੇਡਾ ਸਿਰਫ਼ ਗੋਰਿਆਂ ਲਈ ਮਹਿਦੂਦ ਹੈ।ਹਾਂਗਕਾਂਗ ਇੱਕ ਹੱਬ (ਬੰਦਰਗਾਹ) ਸੀ ਜਿੱਥੋਂ ਮੁਸਾਫ਼ਰ ਫਿਜ਼ੀ , ਕੈਨੇਡਾ, ਨਿਊਜ਼ੀਲੈਂਡ ਅਤੇ ਆਸਟਰੇਲੀਆ ਆਦਿ ਦੇਸ਼ਾਂ ਨੂੰ ਬਹਿਰੀ ਜਹਾਜ਼ ਰਾਹੀਂ ਜਾਂਦੇ ਸਨ। ਕੈਨੇਡਾ ਜਾਣ ਵਾਲੇ ਕਈ ਮੁਸਾਫ਼ਰ ਹੁਣ ਉੱਥੇ ਹੀ ਫਸੇ ਹੋਏ ਸਨ ਅਤੇ ਹਾਂਗਕਾਂਗ ਦੇ ਗੁਰਦੁਆਰੇ 'ਚ ਠਹਿਰ ਕੇ ਕੈਨੇਡਾ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਸਨ। ਚਿੱਠੀ ਪੱਤਰ ਵੀ ਗੁਰੂਘਰ ਦੇ ਪਤੇ ਉੱਤੇ ਆਉਣੇ ਸ਼ੁਰੂ ਹੋ ਗਏ, ਬਹੁਤਾ ਸਮਾਂ ਗੁਰਮੁੱਖ ਸਿੰਘ ਹੀ ਦੂਸਰਿਆਂ ਨੂੰ ਚਿੱਠੀਆਂ ਪੜ੍ਹਕੇ ਸੁਣਾਉਂਦੇ ਤੇ ਆਪ ਵੀ ਦੁੱਖੀ ਹੁੰਦੇ ਹੋਏ ਅੰਗਰੇਜ਼ ਸਾਮਰਾਜ ਵਲੋਂ ਹੋ ਰਹੇ ਵਿਕਰਿਆਂ ਪ੍ਰਤੀ ਸੋਚਦੇ। ਹਾਂਗਕਾਂਗ ਤੋਂ ਕਾਮਾਗਾਟਾ ਮਾਰੂ ਜਹਾਜ਼ 'ਚ ਬਾਕੀ ਮੁਸਾਫ਼ਰਾਂ ਨਾਲ ਨੌਜਵਾਨ ਗੁਰਮੁੱਖ ਸਿੰਘ ਵੀ ਕੈਨੇਡਾ ਜਾਣ ਲਈ ਸਵਾਰ ਹੋ ਗਿਆ। ਜਹਾਜ਼ ਕੈਨੇਡਾ ਦੇ ਸਮੁੰਦਰ 'ਚ ਪਹੁੰਚ ਤਾਂ ਗਿਆ ਪਰ ਸਰਕਾਰ ਨੇ ਯਾਤਰੀਆਂ ਨੂੰ ਉੱਤਰਨ ਤੋਂ ਨਾਂਹ ਕਰ ਦਿੱਤੀ। ਵੱਧ ਕਮਾਈ ਦੇ ਸੁਪਨੇ ਚੂਰ ਹੋ ਗਏ ਜਦੋਂ 4 ਅਪਰੈਲ 1913 ਨੂੰ ਹਾਂਗਕਾਂਗ ਤੋਂ ਤੁਰਿਆ ਕਾਮਾਗਾਟਾ ਮਾਰੂ ਜਹਾਜ਼ 14 ਸਤੰਬਰ 1914 ਨੂੰ ਮੁੜ ਹਿੰਦੋਸਤਾਨ ਦੇ ਬੱਜ ਬੱਜ ਘਾਟ (ਕਲਕੱਤਾ) ਦੇ ਸਾਹਿਲ 'ਤੇ ਪੁੱਜ ਗਿਆ ਅਤੇ ਇਸ ਦੁਖ਼ਦਾਈ ਸਫ਼ਰ ਨੇ ਨੌਜਵਾਨ ਗੁਰਮੁੱਖ ਸਿੰਘ ਨੂੰ ਗ਼ਦਰ ਪਾਰਟੀ ਦਾ ਇੱਕ ਜਰਨੈਲ ਬਣਾ ਦਿੱਤਾ ਜੋ ਸਿਰੜੀ ਯੋਧਾ ਬਾਬਾ ਗੁਰਮੁੱਖ ਸਿੰਘ ' ਲੱਲਤੋਂ ' ਕਰਕੇ ਜਾਣਿਆ ਗਿਆ।

ਗ਼ਦਰੀ ਬਾਬਾ ਗੁਰਮੁੱਖ ਸਿੰਘ ਨੇ ਬੜੇ ਸਿਰੜ ਨਾਲ ਅਤੇ ਡੱਟਕੇ ਅੰਗਰੇਜ਼ ਸਾਮਰਾਜ ਵਿਰੁੱਧ ਲੜਾਈ ਲੜੀ, ਕਈ ਵਾਰ ਜੇਲ੍ਹ ਯਾਤਰਾ ਕੀਤੀ, ਦੋ ਵਾਰ ਅੰਡੇਮਾਨ ਦੀ ਅਣ-ਮਨੁੱਖੀ ਵਿਵਹਾਰ ਵਾਲੀ ਜੇਲ੍ਹ ਦੀ ਸਜ਼ਾ ਕੱਟੀ, ਪੰਜਾਬ ਦੀਆਂ ਜੇਲ੍ਹਾਂ ਦਾ ਕੋਈ ਵੀ ਜੇਲ੍ਹਰ ਬਾਬਾ ਜੀ ਨੂੰ ਰੱਖਣ ਲਈ ਰਾਜ਼ੀ ਨਹੀਂ ਸੀ, ਸਮੇਤ ਕੜੀਆਂ ਅਤੇ ਬੇੜੀਆਂ ਮਦਰਾਸ ਦੀ ਤ੍ਰਿਚਨਾਪਲੀ ਜੇਲ੍ਹ ਤੋਂ ਅਕੋਲਾ ਜੇਲ੍ਹ 'ਚ ਲੈ ਕੇ ਜਾ ਰਹੀ ਪੁਲੀਸ ਗ਼ਾਰਦ ਨੂੰ ਝਕਾਨੀ ਦੇ ਕੇ ਤੇਜ਼ ਰਫ਼ਤਾਰ ਰੇਲ ਗੱਡੀ 'ਚੋਂ ਛਾਲ ਮਾਰ ਕੇ ਫ਼ਰਾਰ ਹੋ ਗਏ ਤੇ ਪੰਜਾਬ ਦੇ ਮਾਹਿਲਪੁਰ (ਹੁਸਿਆਰਪੁਰ) ਦੇ ਇਲਾਕੇ 'ਚ ਪਹੁੰਚਕੇ ਆਪਣੇ ਸਾਥੀਆਂ ਨੂੰ ਮਿਲੇ।

ਸ਼ਹੀਦ ਕਰਤਾਰ ਸਿੰਘ ਸਰਾਭਾ, ਬਾਬਾ ਸੋਹਨ ਸਿੰਘ ਭਕਨਾ , ਬਾਬਾ ਭਗਤ ਸਿੰਘ ਬਿਲਗ਼ਾ, ਬਾਬਾ ਪਿਆਰਾ ਸਿੰਘ ਲੰਗੇਰੀ, ਬਾਬਾ ਵਿਸਾਖਾ ਸਿੰਘ ਦਦੇਹਰ, ਭਾਈ ਪਰਮਾਨੰਦ, ਤੇਜਾ ਸਿੰਘ ਸਮੁੰਦਰੀ, ਹਰਚੰਦ ਸਿੰਘ ਰਈਸ, ਨਿਧਾਨ ਸਿੰਘ ਚੁੱਘਾ, ਪੰਡਿਤ ਕਾਂਸ਼ੀ ਰਾਮ, ਰਹਿਮਤ ਅਲੀ, ਭਗਤ ਸਿੰਘ ਉਰਫ ਗਾਂਧਾ ਸਿੰਘ, ਉੱਤਮ ਸਿੰਘ ਹਾਂਸ, ਮਾਸਟਰ ਉਧਮ ਸਿੰਘ ਅਤੇ ਬਾਬਾ ਅਮਰ ਸਿੰਘ ਸੰਧਵਾਂ ਆਦਿ ਆਜ਼ਾਦੀ-ਏ -ਹਿੰਦੋਸਤਾਨ ਵਿੱਚ ਆਪ ਦੇ ਯੁੱਧ ਸਾਥੀ ਸਨ। ਬਾਬਾ ਜੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਉਸਾਰੀ ਨੂੰ ਪੂਰੀ ਕਰਨ ਲਈ ਪਿੰਡ ਛੱਡਕੇ ਜਲੰਧਰ ਆ ਗਏ ਸਨ। ਸਿਹਤ ਦੀ ਖ਼ਰਾਬੀ ਕਰਕੇ ਸ. ਹਜ਼ਾਰਾ ਸਿੰਘ 'ਹਮਦਮ' ਆਪ ਜਿ ਨੂੰ ਹਸਪਤਾਲ ਲੈ ਗਏ ਪਰ ਉਮਰ ਦਾ ਤਕਾਜ਼ਾ ਅਤੇ ਦਵਾਈ ਦਾ ਨਾ ਅਸਰ ਹੋਣ ਕਰਕੇ ਦਮ ਤੋੜ ਗਏ। ਆਖ਼ਰੀ ਸਾਹ ਤੱਕ ਦੇਸ਼ ਹਿਤੈਸ਼ੀ ਰਹੇ, ਲੁੱਟ- ਖਸੁੱਟ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਆਜ਼ਾਦੀ ਦੇ ਸ਼ਹੀਦਾਂ ਦੇ ਮਾਣ ਇੱਜ਼ਤ ਲਈ ਜੂਝਦੇ ਰਹੇ। ਬਾਬਾ ਗੁਰਮੁੱਖ ਸਿੰਘ ਲੱਲਤੋਂ ਨੂੰ ਖ਼ੁਸ਼ਹਾਲ ਅਤੇ ਲੁੱਟ ਰਹਿਤ ਸਮਾਜ ਦੇ ਦ੍ਰਿਸ਼ਟੀਕੋਣ ਵਾਲੇ ਸੰਗਰਾਮੀ ਸਦਾ ਆਪਣੀਆਂ ਯਾਂਦਾ ਦਾ ਹਿੱਸਾ ਬਣਾਕੇ ਰੱਖਣਗੇ। ਗ਼ਦਰ ਲਹਿਰ ਦੇ ਸਿਰੜੀ ਅਤੇ ਨਿਰਭੈ ਯੋਧੇ ਨੂੰ ਯਾਦ ਕਰਦਿਆਂ ਸ਼ਰਧਾਂਜ਼ਲੀ ਪੇਸ਼ ਕਰਦੇ ਹਾਂ।

**ਵਲੋਂ-**
**ਇੰਡੋ -ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**

# ਕਿਸਾਨਾਂ ਦੇ ਹੱਕੀ ਅੰਦੋਲਨ 'ਚ ਵਿਸ਼ਾਲ ਏਕੇ ਨੂੰ ਅਹਿਮ ਮੰਨਣਾ ਸਮੇਂ ਦੀ ਲੋੜ!

ਭਾਰਤ ਵਿੱਚ ਖੇਤੀ ਨੂੰ ਨਿਗਲਣ ਲਈ ਪੈਂਤੜੇ ਬਣਾ ਰਹੀ ਸਰਾਲ ਰੂਪੀ ਕੇਂਦਰ ਸਰਕਾਰ ਦੀਆਂ ਏਜੰਸੀਆਂ ਕਿਸਾਨਾਂ ਵਲੋਂ ਕਾਲੇ ਕਾਨੂੰਨਾਂ ਖ਼ਿਲਾਫ਼ ਹੱਕੀ ਅੰਦੋਲਨ ਨੂੰ ਖ਼ਤਮ ਕਰਨ ਲਈ ਪੱਬਾਂ ਭਾਰ ਹੋਈਆਂ ਦਿੱਸ ਰਹੀਆਂ ਹਨ।

ਪੰਜਾਬੀਓ, ਤੁਸੀਂ ਹਿੰਦੋਸਤਾਨ ਦੀ ਧਰਤੀ ਦਾ ਮਾਣ ਹੋ। ਜਦੋਂ ਦੇਸ਼ ਦੀ ਆਜ਼ਾਦੀ ਦਾ ਘੋਲ ਸੀ ਤਾਂ ਵੀ ਤੁਸੀਂ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ। ਅੱਜ ਅੰਗਰੇਜ਼ ਸਾਮਰਾਜ ਕੋਲੋਂ ਆਜ਼ਾਦ ਕਰਾਏ ਦੇਸ਼ ਨੂੰ ਧੰਨ-ਕੁਬੇਰਾਂ ਦੇ ਚਾਟੜੇ ਗ਼ੁਲਾਮੀ ਦੇ ਜੂਲੇ ਥੱਲੇ ਦੇਣ ਲਈ ਸਕੀਮਾਂ ਘੜ ਰਹੇ ਹਨ। ਸਾਨੂੰ ਸਮੇਂ ਦੀ ਲੋੜ ਨੂੰ ਸਮਝਕੇ ਛੋਟੇ ਮੋਟੇ ਆਪਸੀ ਤਨਾਅ ਇੱਕ ਪਾਸੇ ਰੱਖਕੇ ਚਲ ਰਹੇ ਦੇਸ਼ ਪੱਧਰੀ ਕਿਸਾਨਾਂ ਦੇ ਹੱਕੀ ਸੰਘਰਸ਼ ਨੂੰ ਕਾਮਯਾਬ ਕਰਨਾ ਚਾਹੀਦਾ ਹੈ।

ਯਾਦ ਰਹੇ ਅੰਗਰੇਜ਼ ਢਾਈ ਸੌ ਸਾਲ ਤੋਂ ਵੱਧ ਹਿੰਦੋਸਤਾਨ ਉੱਤੇ ਰਾਜ ਕਰਕੇ ਜਾਂਦਾ ਜਾਂਦਾ ਸਾਡੀ ਤਾਕਤ ਦੇ ਟੋਟੇ ਕਰਕੇ ਦੋ ਦੇਸ਼ ਬਣਾ ਗਿਆ , ਕਾਰਨ ਸੀ ਕਿ ਜੇ ਇਕੱਠੇ ਰਹਿ ਗਏ ਤਾਂ ਬਾਹਰਲੇ ਦੇਸ਼ਾਂ ਦੇ ਲੋਕ ਇਸ ਧਰਤੀ ਉੱਤੇ ਕੰਮ ਕਰਨ ਲਈ ਆਉਣਗੇ। ਇਹ ਅਣਮਨੁੱਖੀ ਚਾਲਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਇੱਕ-ਮੁੱਠ ਹੋ ਕੇ ਤਕੜਾ ਕਰਨਾ ਚਾਹੀਦਾ ਹੈ।

ਅੱਜ ਗ਼ੋਰੀ ਸਰਕਾਰ ਦੇ ਪੈਂਤੜੇ ਵਰਤ ਰਹੇ ਇਹ ਅਕ੍ਰਿਘਣੀਏ ਸੱਤਾ 'ਚ ਬੈਠੇ ਹੋਏ ਹਨ ਅਤੇ ਹਿੰਦੋਸਤਾਨ ਦੇ ਅਲੰਬਰਦਾਰ ਦਸ ਰਹੇ ਹਨ। ਵੈਸੇ ਤਾਂ ਹਿੰਦੋਸਤਾਨ ਦੇ ਕਈ ਸੂਬਿਆਂ ਦੇ ਯੋਧਿਆਂ ਨੇ ਆਜ਼ਾਦੀ ਦੇ ਹਵਨ-ਕੁੰਡ ਵਿੱਚ ਆਪਣੀਆਂ ਅਹੂਤੀਆਂ ਪਾ ਕੇ ਆਜ਼ਾਦੀ ਦੀ ਅਗ਼ਨੀ ਨੂੰ ਪ੍ਰਚੰਡ ਕੀਤਾ ਸੀ ਪਰ ਕਈ ਐਸੇ ਸੂਬੇ ਵੀ ਹਨ ਜਿੰਨ੍ਹਾਂ ਨੇ ਅੰਗਰੇਜ਼ ਸਾਮਰਾਜ ਦੀ ਉਮਰ ਲੰਮੇਰੀ ਕੀਤੀ ਸੀ ਤੇ ਅੱਜ ਵੀ ਰਾਜਸੱਤਾ ਦੀਆਂ ਮੌਜ਼ਾਂ ਮਾਣ ਰਹੇ ਹਨ।

ਸਾਨੂੰ ਅੱਖਾਂ ਖੋਹਲਣ ਦੀ ਲੋੜ ਹੈ ਕਿ ਪਹਿਲੇ ਗ਼ੋਰੇ ਅੰਗਰੇਜ਼ ਤੇ ਅੱਜ ਦੇ ਕਾਲੇ ਸਾਮਰਾਜਿਆਂ ਵਲੋਂ ਲੋਕਾਂ ਨੂੰ ਲੁੱਟਣ ਦੇ ਦਾਅ-ਪੇਚ ਇੱਕ ਹੀ ਹਨ। ਪੰਜਾਬੀਓ ਅਤੇ ਦੇਸ਼ ਦੇ ਬਾਕੀ ਹਿੱਸੇ ਦੇ ਹੱਕਾਂ ਲਈ ਲੜ ਰਹੇ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਸੰਗਰਾਮੀਓ "ਪਾੜੋ ਤੇ ਰਾਜ ਕਰੋ" ਦੇ ਪੈਂਤੜੇ ਤੋਂ ਸੁਚੇਤ ਰਹੋ ਤੇ ਆਪਸੀ ਰੰਜ਼ਿਸ਼ਾਂ ਨੂੰ ਖ਼ੂਹ-ਖਾਤੇ 'ਚ ਸੁੱਟਕੇ ਇਨਕਲਾਬੀ ਤਾਕਤ ਨੂੰ ਫ਼ੌਲਾਦੀ ਰੂਪ ਦੇਵੋ । ਜਿੱਤ ਤੁਹਾਡੇ ਪੈਰ ਚੁੰਮਣ ਲਈ ਉਡੀਕ ਕਰ ਰਹੀ ਹੈ।

ਏਕੇ ਦੀ ਮਹਾਨਤਾ ਦੀ ਅਹਿਮੀਅਤ ਨੂੰ ਹਰ ਦਮ ਯਾਦ ਰੱਖੋ!
'ਦੁਨੀਆ ਭਰ ਦੇ ਕਿਰਤੀਓ ਇੱਕ ਹੋ ਜਾਵੋ!
'ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ'!

**ਵਲੋਂ :- ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**

## ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਟ੍ਰੈਕ 'ਤੇਰਾ ਗੋਰਾ ਠੋਕਣਾ' ਨਾਲ ਹਾਜ਼ਰ ਹੋਈ ਗਾਇਕ ਜੋੜੀ ਮਨਵੀਰ ਰਾਣਾ - ਰਿਹਾਨਾ ਭੱਟੀ




**ਹੁਸ਼ਿਆਰਪੁਰ /ਸ਼ਾਮ ਚੁਰਾਸੀ (ਕੁਲਦੀਪ ਚੁੰਬਰ) -** ਅਮਰ ਸ਼ਹੀਦ ਊਧਮ ਸਿੰਘ ਜੀ ਨੂੰ ਸਮਰਪਿਤ ਟ੍ਰੈਕ 'ਤੇਰਾ ਗੋਰਾ ਠੋਕਣਾ'ਨਾਲ ਇੱਕ ਵਾਰ ਫਿਰ ਹਾਜ਼ਰ ਹੋਈ ਗਾਇਕ ਜੋੜੀ ਮਨਵੀਰ ਰਾਣਾ- ਰਿਹਾਨਾ ਭੱਟੀ ਪ੍ਰਾਈਮ ਬੀਟ ਨਿਊਜੀਲੈਂਡ ਦੇ ਬੈਨਰ ਹੇਠ ਡਾਇਰੈਕਟਰ ਡਾ. ਵਿਜੇ ਸਿੱਧਮ ਤੇ ਰਾਜ ਨਿਊਜੀਲੈਂਡ ਦੀ ਇਸ ਪੇਸ਼ਕਸ਼ ਨੂੰ ਯੂ ਟਿਊਬ ਚੈਨਲ ਤੇ ਰਿਲੀਜ਼ ਕਰ ਦਿੱਤਾ ਗਿਆ ਇਸ ਟ੍ਰੈਕ ਨੂੰ ਸੋਨੂ ਚਾਹਲ ਨੇ ਕਲਮਬੱਧ ਕੀਤਾ, ਜਦਕਿ ਸੰਗੀਤ ਅਮਦਾਦ ਅਲੀ ਅਤੇ ਵੀਡੀਓ ਮੁਨੀਸ਼ ਠੁਕਰਾਲ ਨੇ ਬਣਾਇਆ ਹੈ ਇਸ ਟ੍ਰੈਕ ਦਾ ਪੋਸਟਰ ਸੰਖੇਪ ਢੰਗ ਨਗਰ ਨਿਗਮ ਫਗਵਾੜਾ ਦੇ ਕਮਿਸ਼ਨਰ ਰਾਜੀਵ ਸ਼ਰਮਾ, ਕਰ ਵਿਭਾਗ ਜਲੰਧਰ ਦੇ ਅਸਸਿਟੈਂਟ ਸ. ਬਲਕਾਰ ਸਿੰਘ ਅਤੇ ਸ. ਤਰਨਜੀਤ ਸਿੰਘ ਕਿੰਨੜਾ ਸੰਪਾਦਕ ਸੰਗੀਤ ਦਰਪਣ, ਗਾਇਕ ਜੋੜੀ ਆਤਮਾ ਬੁੱਡੇਵਾਲੀਆ- ਅਮਨ ਰੋਜ਼ੀ, ਸੰਗੀਤਕਾਰ ਅਮਦਾਦ ਅਲੀ ਵਲੋਂ ਗਾਇਕ ਜੋੜੀ ਦੀ ਹਾਜ਼ਰੀ ਵਿਚ ਰਿਲੀਜ਼ ਕੀਤਾ ਗਿਆ।

## ਮਜ਼ਦੂਰ ਦਿਵਸ

ਰਾਮਾ ਅੱਜ ਫੇਰ ਰੋਜ਼ਾਨਾ ਵਾਂਗੂੰ ਲੇਬਰ ਚੌਂਕ ਤੇ ਆ ਕੇ ਖੜ੍ਹ ਗਿਆ। ਰਾਮੇ ਕੋਲੋਂ ਲੰਘਦੇ ਉਸਦੇ ਪਿੰਡ ਦੇ ਆੜ੍ਹਤੀਏ ਸੰਭੂ ਨਾਥ ਨੇ ਕਿਹਾ, ''ਰਾਮੇ ਅੱਜ ਛੁੱਟੀ ਕਰ ਲੈਂਦਾ, ਅੱਜ ਮਜ਼ਦੂਰ ਦਿਵਸ ਆ। ਅਸੀਂ ਮਨਾ ਰਹੇ ਆ ਮਜ਼ਦੂਰ ਦਿਵਸ ਮੰਤਰੀ ਸਾਹਿਬ ਵੀ ਆ ਰਹੇ ਨੇ ਆ ਚੱਲੀਏ।

ਰਾਮੇ ਨੇ ਨਾਂਹ ਵਿਚ ਸਿਰ ਹਿਲਾਉਂਦੇ ਹੋਏ ਕਿਹਾ, ''ਲਾਲਾ ਜੀ ਆਹ ਦਿਵਸ-ਦੂਵਸ ਜੇ ਤਾਂ ਵੱਡੇ ਲੋਕਾਂ ਦੇ ਹੁੰਦੇ ਨੇ, ਸਾਡੀ ਤਾਂ ਦਿਹਾੜੀ ਹੁੰਦੀ ਹੈ। ਉਹ ਜੇ ਲੱਗ ਗਈ ਨਹੀਂ ਤਾਂ ਨਾ ਸਹੀ। ਆਹ ਥੋਡੇ ਮੰਤਰੀਆਂ ਦੇ ਭਾਸ਼ਣਾਂ ਨਾਲ ਸਾਡੇ ਟੱਬਰ ਦਾ ਢਿੱਡ ਨਹੀਂ ਭਰਨਾ।

**- ਹਰਵਿੰਦਰ ਸਿੰਘ ਰੁੜਕੀ**
91-96140-37915

## ਗਾਇਕ ਕੰਠ ਕਲੇਰ ਤੇ ਸੁਦੇਸ਼ ਕੁਮਾਰੀ ਲੈ ਕੇ ਹਾਜ਼ਰ ਹੋ ਰਹੇ ਟ੍ਰੈਕ 'ਦਰਦ-ਏ- ਦਾਸਤਾਂ '- ਬਿੱਲਾ ਯੂਕੇ

**ਹੁਸ਼ਿਆਰਪੁਰ /ਸ਼ਾਮ ਚੁਰਾਸੀ- (ਕੁਲਦੀਪ ਚੁੰਬਰ) -** ਪ੍ਰਸਿੱਧ ਮਿਸ਼ਨਰੀ ਗੀਤਕਾਰ ਖੁਸ਼ਵਿੰਦਰ ਬਿੱਲਾ ਯੂ ਕੇ ਦੇ ਲਿਖੇ ਹੋਏ ਗੀਤ 'ਦਰਦ -ਏ-ਦਾਸਤਾਂ 'ਨੂੰ ਲੈ ਕੇ ਹਾਜ਼ਰ ਹੋ ਰਹੇ ਨੇ ਗਾਇਕ ਕੰਠ ਕਲੇਰ ਤੇ ਗਾਇਕਾ ਸੁਦੇਸ਼ ਕੁਮਾਰੀ ਐਮ ਟ੍ਰੈਕ ਕੰਪਨੀ ਦੇ ਪ੍ਰੋਡਿਊਸਰ ਮੱਖਣ ਲੋਹਾਰ ਤੇ ਸੋਨੀ ਚੁੰਬਰ ਯੂ ਐਸ ਏ ਦੀ ਪੇਸ਼ਕਸ਼ ਇਸ ਟ੍ਰੈਕ ਦਾ ਸੰਗੀਤ ਨਿਰਭੈ ਸਿੰਘ ਵਲੋਂ ਦਿੱਤਾ ਗਿਆ, ਜਦਕਿ ਇਸਦਾ ਵੀਡੀਓ ਆਰ ਕੇ ਬਾਂਸਲ ਨੇ ਸ਼ੂਟ ਕੀਤਾ ਹੈ




ਪ੍ਰੋਡਿਊਸਰ ਰਕੇਸ਼ ਕੁਮਾਰ ਕਨੇਡੀ ਤੋਂ ਇਲਾਵਾ ਕਸ਼ਮੀਰ ਸਾਂਪਲਾ, ਰਵਿੰਦਰ ਭੱਟੀ, ਪਰਮਿੰਦਰ ਆਰਟ ਫਗਵਾੜਾ ਦਾ ਉਕਤ ਟੀਮ ਵਲੋਂ ਸ਼ੋਸ਼ਲ ਮੀਡੀਏ ਰਾਹੀਂ ਪੋਸਟਰ ਰਿਲੀਜ਼ ਕਰਦਿਆਂ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ ਜ਼ਿਕਰਯੋਗ ਹੈ ਕੇ ਖੁਸ਼ਵਿੰਦਰ ਬਿੱਲਾ ਯੂ ਕੇ ਦੇ ਲਿਖੇ ਗੀਤ ਸਮਾਜ ਵਿਚ ਪਹਿਲਾਂ ਵੀ ਪ੍ਰਵਾਨ ਹੋਏ ਹਨ ਤੇ ਇਸ ਪੇਸ਼ਕਾਰੀ ਨੂੰ ਵੀ ਸਮਾਜ ਜ਼ਰੂਰ ਮਾਣ ਸਤਿਕਾਰ ਦੇਵੇਗਾ ਸਾਡੀਆਂ ਸ਼ੁਭ ਕਾਮਨਾਵਾਂ ਸਦਾ ਨਾਲ ਰਹਿਣਗੀਆਂ।



Mr. Mohan Banggar

ਬਹੁੱਜਨਾ ਦੇ ਵਿਹੜਿਆ ਦਾ ਸਿੰਗਾਰ ਬਹੁੱਜਨ ਸਮਾਜ ਦੇ ਰਹਿਬਰਾ ਮਹਾਪੁਰਸ਼ਾ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਵਾਲਾ ਸਰੇਆਮ ਮਨੂੰਵਾਦ ਦੀਆ ਧੱਜੀਆ ਉਡਾਉਣ ਵਾਲਾ ਬੇਬਾਕ ਨਿੱਡਰ ਅਣਖੀ ਦਲੇਰ ਯੋਧਾ ਬੇਗਮਪੁਰੇ ਦਾ ਹੋਕਾ ਲਾਉਣ ਵਾਲਾ ਮਿਸ਼ਨਰੀ ਕਲਾਕਾਰਾ ਦੇ ਬਾਬਾ ਬੋਹੜ ਜਿਨਾ ਲਈ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਕਿਹਾ ਕਰਦੇ ਸਨ ਕੇ ਜੋ ਕੰਮ ਪੰਜਾਬ ਦੇ ਲੀਡਰ ਪੰਜਾਬ ਚ ਨਹੀ ਕਰ ਰਹੇ ਓਹ ਕੰਮ ਮੋਹਣ ਬੰਗੜ ਕਰ ਰਿਹਾ ਹੈ ਰਹਿਬਰਾ ਦੇ ਮਿਸ਼ਨ ਲਈ ਜਿਉਣ ਓਰ ਮਰਨ ਵਾਲੇ ਯੋਧੇ ਉਸਤਾਦ ਜਨਾਬ ਮੋਹਣ ਬੰਗੜ ਜੀ ਦੇ 56 ਵੇ ਜਨਮ ਦਿਨ ਤੇ ਮੇਰੇ ਓਰ ਮੇਰਾ ਪਰਿਵਾਰ ਵਲੋ ਲੱਖ ਲੱਖ ਮੁਬਾਰਕਾਂ ਹੋਣ ਜੀ।

**- ਮਨਜੀਤ ਸੋਨੂੰ**


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ

ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਰਦਾਰ ਹਰੀ ਸਿੰਘ ਨਲੂਆ ਇਕ ਮਹਾਨ ਜਰਨੈਲ ਸੀ। ਉਹ ਤੰਦਰੁਸਤ ਸੁਡੌਲ ਸਰੀਰ, ਵਿਦਵਾਨ, ਉਚ ਆਚਰਣ, ਸਫਲ ਪ੍ਰਬੰਧਕ, ਦੂਰ-ਅੰਦੇਸ਼ੀ, ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1971 ਈ: ਵਿਚ ਗੁਜਰਾਂਵਾਲੇ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆ ਮਿਸਲ ਦੇ ਫੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੀ ਕੁੱਖੋਂ ਹੋਇਆ। ਅਜੇ ਆਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜ੍ਹਾਈ ਅਤੇ ਸ਼ਸ਼ਤਰ ਵਿੱਦਿਆ ਦਾ ਪ੍ਰਬੰਧ ਕੀਤਾ। ਆਪ ਗੁਰਮੁਖੀ ਅਤੇ ਫਾਰਸੀ ਦੇ ਜਾਣੂ ਸਨ। ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਜੀਵਨ ਖਾਲਸਾ ਪੰਥ ਦੀ ਸੇਵਾ ਵਿਚ ਲਾ ਦਿੱਤਾ।

ਮਹਾਰਾਜਾ ਰਦਜੀਤ ਸਿੰਘ ਜੀ ਵੱਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ। ਜਿਸ ਵਿਚ ਸੂਰਮੇ ਆਪਣੀ ਸ਼ਸਤਰ ਵਿੱਦਿਆ ਦੇ ਜੌਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ: ਦੇ ਸ਼ਾਹੀ ਦਰਬਾਰ ਵਿਚ ਹਰੀ ਸਿੰਘ ਨੇ ਵੀ ਸ਼ਸਤਰ ਵਿੱਦਿਆ ਦੇ ਜੌਹਰ ਵਿਖਾਏ। ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ 'ਤੇ ਟੁੱਟ ਪਿਆ। ਫੁਰਤੀ ਨਾਲ ਸ਼ੇਰ ਦੇ ਜਬਾੜੇ ਚੀਰਦਿਆਂ ਧਰਤੀ ਤੇ ਗਵਾਹ ਮਾਰਿਆ ਤੇ ਤਲਵਾਰ ਨਾਲ ਉਸਦਾ ਸਿਰ ਲਾਹ ਦਿੱਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰਦਿਲ ਸੈਨਾ ਟੁਕੜੀ ਵਿਚ ਸਰਦਾਰੀ ਦੇ ਦਿੱਤੀ। ਨਾਲ ਹੀ ਨਾਂ ਦੇ ਨਾਲ ਨਲੂਆ ਜੋੜ ਦਿੱਤਾ।

ਜੰਗੀ ਮੁਹਿੰਮਾਂ ਦੇ 30 ਸਾਲਾਂ ਦੀ ਸ਼ੁਰੂਆਤ ਵਿਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿਚ ਕਸੂਰੀਆਂ ਨੇ ਭੱਜ ਕੇ ਕਿਲੇ ਵਿਚ ਪਨਾਹ ਲਈ।18ਫਰਵਰੀ 1807 ਨੂੰ ਕਿਲੇ ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰਦਿਲ ਸੈਨਾ ਨੇ ਨਵਾਬ ਅਤੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜਾ ਨੇ ਬੀਰਤਾ ਤੋਂ ਖੁਸ਼ ਹੋ ਕੇ 30000 ਸਾਲਾਨਾ ਦੀ ਜਾਗੀਰ ਦੇ ਦਿੱਤੀ।

25 ਜਨਵਰੀ 1810 ਨੂੰ ਨਵਾਬ ਮੁਜ਼ੱਫਰ ਖਾਨ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਆਪਣੀ ਫੌਜ ਲੈ ਕੇ ਕਿਲੇ ਵਿਚ ਡਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਾਰੂਦ ਨਾਲ ਉਡਾਉਣ ਦਾ ਹੁਕਮ ਦਿੱਤਾ। ਸ. ਅਤਰ ਸਿੰਘ ਧਾਰੀ, ਸ. ਨਿਹਾਲ ਸਿੰਘ ਅਟਾਰੀ, ਸ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜ੍ਹਿਆ। ਸ. ਨਲੂਆ ਜ਼ਖਮੀ ਹੋ ਗਏ। ਸ. ਅਤਰ ਸਿੰਘ ਧਾਰੀ ਚੜ੍ਹਾਈ ਕਰ ਗਏ। ਖਾਲਸਾ ਫੌਜ ਕਿਲੇ ਵਿਚ ਜਾ ਵੜੀ। ਪਠਾਣਾਂ ਦੇ ਆਹੂ ਲਾਹ ਸੁੱਟੇ। ਪਠਾਣਾਂ ਨੇ ਵੀ ਡੱਟ ਕੇ ਮੁਕਾਬਲਾ ਕੀਤਾ ਪਰ ਖਾਲਸੇ ਅੱਗੇ ਟਿਕ ਨਾ ਸਕੇ। ਨਵਾਬ ਮੁਜਫਰ ਖਾਂ ਸ਼ਰਨ ਵਿਚ ਆ ਗਿਆ। ਇਸ ਬਹਾਦਰੀ ਨੇ ਜਗੀਰ ਵਿਚ 20,000 ਸਾਲਾਨਾ ਦਾ ਹੋਰ ਵਾਧਾ ਕੀਤਾ ਗਿਆ।

ਸ਼ਾਹ ਸ਼ੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜ਼ੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿਚ ਹੈ। ਉਸਨੇ ਮਹਾਰਾਜਾ ਦੋਂਛ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਏ ਦੇਵਾਂਗਾ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਰਾਜਾ ਨੇ ਕਿਹਾ ਕਿ ਜੇ ਤੁਸੀਂ ਸ਼ਾਹ ਸ਼ੁਜਾਹ ਨੂੰ ਛਡਾ ਦਿਓ ਤਾਂ ਉਹ ਕੋਹਿਨੂਰ ਹੀਰਾ ਦੇਵੇਗੀ। ਮਹਾਰਾਜਾ ਨੇ ਸਥਿਤੀ 'ਤੇ ਗੌਰ ਕਰਦਿਆਂ, ਖਾਲਸਾ ਫੌਜ ਨੂੰ ਕਸ਼ਮੀਰ ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ।

ਸ. ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ ਪਰ ਟਿਕ ਨਾ ਸਕਿਆ। ਖਾਲਸੇ ਨੇ ਸ਼ੇਰਗੜ੍ਹੀ ਤੇ ਕਬਜ਼ਾ ਕਰਕੇ ਸ਼ਾਹ ਸ਼ੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸੇ ਨੇ ਵਜ਼ੀਰ ਫਤਿਹ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਏ ਮੰਗੇ ਤਾਂ ਬਹਾਨੇ ਲਾਉਣ ਲੱਗ ਪਿਆ। ਖਾਲਸਾ ਫੌਜਾਂ ਨੇ ਸ਼ਾਹ ਸ਼ੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਖੁਸ਼ ਹੋ ਕੇ ਕੋਹਿਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।



ਬਰਕਜ਼ਈ ਸਰਦਾਰਾਂ ਦੀ ਅਫਗਾਨਿਸਤਾਨ ਵਿਚ ਵਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹਾਂਦਾਦ ਨੇ ਬਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ।

ਕਾਬਲ ਤੋਂ ਵਜ਼ੀਰ ਫਤਿਹ ਖਾਂ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜ੍ਹਾਈ ਕਰ ਦਿੱਤੀ। ਸ. ਨਲੂਆ ਨਾਲ ਹਜ਼ਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖੂਨੀ ਝੜੱਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫੌਜ ਭੱਜ ਗਈ। 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1815 ਵਿਚ ਸ. ਨਲੂਆ ਦੀ ਫੌਜ ਨੇ ਜਰੌਰੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆ। ਵੂਥੋਂ ਨਜ਼ਰਾਨੇ ਵਸੂਲ ਕਰਕੇ ਫੌਜਾਂ ਮੁੜੀਆਂ, ਨਾਲ ਹੀ ਨਵਾਬ ਮੁਲਤਾਨ ਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤਾ। ਸੰਨ 1816 ਵਿਚ ਮੁੰਘੇਰ ਦੇ ਇਲਾਕੇ ਫਤਿਹ ਕਰਕੇ ਨਜ਼ਰਾਨੇ ਉਗਰਾਹੇ। ਇਹਨਾਂ ਜਿੱਤਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਨੇ ਗੁਜਰਾਂਵਾਲਾ ਦਾ ਇਲਾਕਾ ਸ. ਨਲੂਆ ਨੂੰ ਜਗੀਰ ਵਜੋਂ ਦੇ ਦਿੱਤਾ, ਜਿੱਥੇ ਉਸਨੇ ਇਕ ਕਿਲਾ ਤੇ ਬਾਗ ਲਗਵਾਇਆ।

ਮੁਲਤਾਨ ਦੇ ਨਵਾਬ ਨੇ ਚੜ੍ਹਾਈ ਕਰ ਦਿੱਤੀ। ਸ. ਨਲੂਆ ਆਪਣੇ ਜਰਨੈਲਾਂ ਨਾਲ 25000 ਦੀ ਫੌਜ ਨੇ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜ਼ੇ ਅੱਗੇ ਭੰਗੀਆਂ ਦੀ ਤੋਪ ਜਮਜ਼ਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿਚ ਦਾਖਲ ਹੋਏ। ਮੁਲਤਾਨ ਦਾ ਨਵਾਬ ਮੁਜ਼ੱਫਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰ੍ਹਾਂ ਖਾਲਸਾ ਰਾਜ ਹੇਠ ਆ ਗਿਆ।

3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਫੌਜ ਨਾਲ ਸੁਪਈਆ ਦੇ ਮੈਦਾਨ ਵਿਚ ਜੰਗ ਹੋਈ। ਖਾਲਸੇ ਦੀ ਜਿੱਤ ਹੋਈ। ਜੁਲਾਈ 4, 1819 ਨੂੰ ਖਾਲਸਾ ਫੌਜਾਂ ਸ੍ਰੀਨਗਰ ਦਾਖਲ ਹੋਈਆਂ। ਇਸ ਨਾਲ ਕਸ਼ਮੀਰ ਖਾਲਸਾ ਰਾਜ ਵਿਚ ਸ਼ਾਮਲ ਹੋ ਗਿਆ। ਪਹਿਲਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਬਾਅਦ ਵਿਚ ਸ. ਨਲੂਆ ਨੂੰ ਗਵਰਨਰ ਬਣਾਇਆ। ਸ. ਨਲੂਆ ਦਾ ਸੁਚੱਜਾ ਪ੍ਰਬੰਧ ਦੇਖ ਕੇ ਮਹਾਰਾਜਾ ਨੇ ਆਪਦੇ ਨਾਮ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ।

ਨਵੰਬਰ 1821 ਵਿਚ ਮਹਾਰਾਜਾ ਦੀ ਫੌਜ ਨੇ ਮੁੰਗੇਰ ਅਤੇ ਡੇਰਾਜਾਤ ਤੇ ਚੜ੍ਹਾਈ ਕੀਤੀ। ਸ. ਨਲੂਆ ਦੀ ਫੌਜ ਵੀ ਕਸ਼ਮੀਰ ਤੋਂ ਚੱਲ ਪਈ। ਨਵੰਬਰ 9, 1821 ਦੇ ਦਿਨ ਮੰਗਲੀ ਘਾਟੀ ਵਿਚ ਪੱਖਲੀ ਪਿੰਡ ਵਿਚ 3000 ਤਨਾਵਲੀ ਦੀ ਫੌਜ ਨੇ ਰਾਹ ਰੋਕ ਲਿਆ। ਖਾਲਸਾ ਫੌਜਾਂ ਨੇ ਹਮਲਾ ਕਰ ਦਿੱਤਾ। ਮੇਘਸਿੰਘ ਰੂਸਾ ਦੇ ਜਥੇ ਨੇ ਮੈਦਾਨ ਵਿਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿਚ 2000 ਤਨਾਵਲੀਆਂ ਤੇ ਉਹਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ. ਨਲੂਆ ਮੁਜੱਫਰਾਬਾਦ ਦੇ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇ ਦਰ੍ਹਾ ਹਜ਼ਾਰੇ ਦੀ ਫੌਜ ਨੇ ਸ. ਨਲੂਆ ਦਾ ਸਮਾਨ ਲੁੱਟਣਾ ਚਾਹਿਆ। ਖਾਲਸੇ ਨੇ ਚੜ੍ਹਾਈ ਕਰ ਦਿੱਤੀ। 30000 ਦੀ ਫੌਜ ਤੇ ਖਾਲਸੇ ਦੀ 7000 ਫੌਜ ਨੇ ਜਿੱਤ ਪ੍ਰਾਪਤ ਕੀਤੀ।

ਸ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰੇ ਦੇ ਮੈਦਾਨੇ-ਜੰਗ ਵਿਚ ਬੇਮਿਸਾਲ ਫਤਿਹ ਪਾਈ। ਸੰਨ 1834 ਈ: ਵਿਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲੱਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖਾਲਸਾ ਰਾਜ ਵਿਚ ਨਹੀਂ ਆ ਜਾਂਦੇ, ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ ਪਿਸ਼ਾਵਰ ਅਫਗਾਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿਚ ਮਿਲਾ ਦਿੱਤਾ ਜਾਵੇ।

ਸ. ਨਲੂਆ ਅਤੇ ਕੰਵਲ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 27, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖਾਲਸਾ ਫੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖਾਲਸਾ ਫੌਜ ਰੋਕਣ ਲਈ ਚਮਕਨੀ ਦੀ ਹੱਦ ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿੱਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ।

ਖਾਲਸਾ ਫੌਜ ਪਹੁੰਚਣ ਤੇ ਭਿਆਨਕ ਗੋਲਾਬਾਰੀ ਹੋਈ। ਹਾਜ਼ੀ ਖਾਨ ਬੜੀ ਦਲੇਰ ਨਾਲ ਲੜਦਾ ਹੋਇਆ, ਸ. ਰਾਮ ਸਿੰਘ ਹਸਨਵਾਲੀਆ ਦੀ ਤਲਵਾਰ ਨਾਲ ਸਖਤ ਜ਼ਖਮੀ ਹੋ ਗਿਆ। ਅਫਗਾਨ ਡਟ ਕੇ ਲੜੇ ਪਰ ਖਾਲਸੇ ਸਾਹਮਣੇ ਨਾ ਟਿਕ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖਾਲਸੇ ਦੇ ਅਧੀਨ ਆ ਗਿਆ। 7 ਸਦੀਆਂ ਤੋਂ ਪੰਜਾਬ ਦੇ ਕੱਟ ਚੁੱਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਖਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰਾਂ ਨੇ ਕਰਾਮਾਤੀ ਜਿੱਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ, ਮੁਸਲਮਾਨਾਂ ਨੂੰ ਬਾਰਕਜਾਈਆਂ ਤੋਂ ਛੁਟਕਾਰਾ ਮਿਲਿਆ, ਜੋ ਉਹਨਾਂ ਨੂੰ ਬਹੁਤ ਤੰਗ ਕਰਦੇ ਸਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

30 ਅਪ੍ਰੈਲ 1837 ਨੂੰ ਸ. ਨਲੂਆ ਨੇ ਜਮਰੌਦ ਉਪਰ ਹਮਲਾ ਕੀਤਾ। ਅਫਗਾਨਾਂ ਨੂੰ ਭਾਜੜ ਪਾ ਦਿੱਤੀ। ਅਫਗਾਨ ਦੌੜ ਕੇ ਛਿਪ ਗਏ। ਸ. ਨਲੂਆ ਨੇ ਜਮਰੌਦ ਦੇ ਡੇਰੇ ਵਿਚ ਜਾਣ ਲਈ ਕਿਹਾ। ਪਰ ਸ. ਨਿਸ਼ਾਨ ਸਿੰਘ ਪੰਜਹੱਥਾ ਦਰ੍ਹੇ ਦੇ ਅੰਦਰ ਚਲਾ ਗਿਆ। ਸ. ਨਲੂਆ ਨੇ ਉਸਨੂੰ ਜਾਂਦੇ ਵੇਖਿਆ। ਸਿੰਘ ਉਸਨੂੰ ਬੁਲਾਉਣ ਲਈ ਗੁਫਾ ਵੱਲ ਵਧੇ। ਸ. ਅਜਾਇਬ ਸਿੰਘ ਗੁਫਾ ਵੱਲ ਵਧਿਆ ਤਾਂ ਛੁਪੇ ਹੋਏ ਅਫਗਾਨਾਂ ਨੇ ਸ. ਅਜਾਇਬ ਸਿੰਘ ਨੂੰ ਢੇਰੀ ਕਰ ਦਿੱਤਾ। ਜਦੋਂ ਸ. ਨਲੂਆ ਨੇ ਘੋੜਾ ਗੁਫਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚੱਲੀਆਂ। ਦੋ ਗੋਲੀਆਂ ਸ. ਨਲੂਆ ਦੇ ਵੱਜੀਆਂ। ਖਾਲਸਾ ਫੌਜ ਪਹੁੰਚੀ ਅਤੇ ਵੈਰੀਆਂ ਨੂੰ ਚੁਣ-ਚੁਣ ਕੇ ਮਾਰਿਆ ਪਰ ਸ. ਨਲੂਆ ਤਾਂ ਜ਼ਖਮੀ ਹੋ ਚੁੱਕੇ ਸਨ।

ਸ. ਨਲੂਆ ਨੇ ਜ਼ਖਮੀ ਹੋਣ ਦੇ ਬਾਵਜੂਦ ਘੋੜਾ ਜਮਰੌਦ ਕਿਲੇ ਵੱਲ ਮੋੜ ਲਿਆ। ਬੜੇ ਹੌਸਲੇ ਨਾਲ ਕਿਲੇ ਵਿਚ ਪਹੁੰਚ ਗਏ। ਸ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਤਾਂ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਕਿਹਾ ਕਿ ਖਾਲਸੇ ਦੀ ਇੱਜ਼ਤ ਤੇ ਸ਼ਾਨ ਵਾਸਤੇ ਅੰਤਿਮ ਬਾਹਾਂ ਤੱਕ ਡਟੇ ਰਹਿਣ ਦੀ ਪ੍ਰੇਰਨਾ ਦਿੱਤੀ। ਮੇਰੀ ਮੌਤ ਦੀ ਖਬਰ ਗੁਪਤ ਰੱਖਣੀ, ਇਸ ਨਾਲ ਖਾਲਸੇ ਦੀ ਫੌਜੀ ਸ਼ਕਤੀ ਬਰਕਰਾਰ ਰਹੇਗੀ। ਇਸਦੇ ਨਾਲ ਹੀ ਸਵਾਸ ਤਿਆਗ ਦਿੱਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ. ਮਹਾਂ ਸਿੰਘ ਨੇ ਸ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੌਦ ਦੇ ਕਿਲੇ ਵਿਚ ਸਸਕਾਰ ਕਰ ਦਿੱਤਾ। ਇਸ ਤਰ੍ਹਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖਾਲਸੇ ਨੂੰ ਅਰਪਣ ਕਰ ਦਿੱਤਾ।


**ਅੰਤਿਕਾ:-**

ਸ. ਹਰੀ ਸਿੰਘ ਨਲੂਆਂ ਦੀ ਬਹਾਦਰੀ ਦੀ ਚਰਚਾ ਵਿਚ- ਸੰਸਾਰ ਵਿਚ ਮਹਾਨ ਜਰਨੈਲਾਂ ਯੋਧਿਆਂ ਨੂੰ ਯਾਦ ਕੀਤਾ ਜਾਂਦਾ ਹੈ ਪਰ ਉਨੀਵੀਂ ਸਦੀ ਦੇ ਬਰਤਾਨੀਆ ਦੇ ਛਪਦੇ ਅਖਬਾਰ ਨੇ ਦੁਨੀਆਂ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦਾ ਹੈ, ਕੋਈ ਮਾਰਸ਼ਲ ਹੈਂਡਨਬਰਗ, ਲਾਰਡ ਕਿਚਨਰ, ਜਨਰਲ ਕਰੋਬਜੇ, ਡਯੂਕ ਵਾਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ਼ ਖਾਨ, ਰਿਚਰਡ ਤੇ ਅਲਾਉਦੀਨ। ਪਰ ਉਤਰੀ ਭਾਰਤ ਵਿਚ ਸ. ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਮੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆ ਵਰਗੇ ਸਾਧਨ ਅਤੇ ਤੋਪਖਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆਰ ਸਕਦਾ ਸੀ।

ਪਠਾਣ ਜਿਹਨਾਂ ਨੇ ਪਿਸ਼ੌਰ ਤੇ 8 ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜ਼ਤ ਤੇ ਦੌਲਤ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪਰਛਾਵੇਂ ਤੋਂ ਡਰਦੇ ਸਨ। ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦਾ ਪਠਾਣਾਂ ਨਾਲ ਲੜਾਈਆਂ ਕਰਦਿਆਂ ਅਜਿਹਾ ਸਿੱਕਾ ਬੈਠਾ ਕਿ ਪਠਾਦ ਸਰਦਾਰ ਨਲੂਆ ਦਾ ਨਾਂ ਸੁਣ ਕੇ ਕੰਬਣ ਲੱਗ ਪੈਂਦੇ। ਪਠਾਣੀਆਂ ਬੱਚਿਆਂ ਨੂੰ, ਜੋ ਰੋਣਾ ਬੰਦ ਨਾ ਕਰਦੇ ਤਾਂ ਇਹ ਕਹਿ ਕੇ ਚੁੱਪ ਕਰਾਉਂਦੀਆਂ ''ਚੁੱਪ ਸ਼ਾ ਬੱਚਿਆ! ਹਰੀਆ ਹਹਾਰਾਲੈ'। ਅਰਥਾਤ ਪੁੱਤਰਾ ਚੁੱਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਂ ਸੁਣ ਕੇ ਚੁੱਪ ਕਰ ਜਾਂਦੇ ਸਨ।

# ਕਵੀ ਸੁਰਜੀਤ ਸਿੰਘ ਸੁਰਜੀਤ ਦਾ ਸਦੀਵੀ ਵਿਛੋੜਾ

ਮੈਲਬਰਨ (ਆਸਟਰੇਲੀਆ) ਵਾਸੀ ਸਾਹਿਤਕਾਰ ਅਜੀਤ ਸਿੰਘ ਰਾਹੀ ਸਦੀਵੀ ਵਿਛੋੜਾ ਦੇ ਗਏ ਹਨ। ਉਹ 84 ਸਾਲ ਦੇ ਸਨ ਅਤੇ ਜਿਗਰ ਦੇ ਕੈਂਸਰ ਤੋਂ ਪੀੜਿਤ ਸਨ। ਉਹ ਸਾਂਝੇ ਪੰਜਾਬ ਸਮੇਂ ਪਿੰਡ ਸਮਰਾ, ਲਾਇਲਪੁਰ ਵਿਖੇ ਜਨਮੇ ਅਤੇ ਵੰਡ ਉਪਰੰਤ ਪਿੰਡ ਜੰਡਿਆਲਾ, ਨਵਾਂ ਸ਼ਹਿਰ ਰਹਿੰਦੇ ਸਨ। ਉਨ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ ਬਾਰੇ ਨਾਵਲ 'ਸਤਲੁਜ ਵਹਿੰਦਾ ਰਿਹਾ' ਸਵੈਜੀਵਨੀ 'ਅੱਧੀ ਸਦੀ ਦਾ ਸਫ਼ਰ', ਸ਼ਹੀਦ ਰਾਜਗੁਰੂ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੇ ਜੀਵਨ ਅਤੇ ਸੰਘਰਸ਼ ਬਾਰੇ ਵੀ ਕਈ ਕਿਤਾਬਾਂ ਦੀ ਰਚਨਾ ਕੀਤੀ। ਉਹ ਕਾਫੀ ਸਮਾਂ ਸਕੂਲ ਅਧਿਆਪਕ ਵੱਜੋਂ ਵੀ ਕਾਰਜਸ਼ੀਲ ਰਹੇ। ਨਕਸਲੀ ਲਹਿਰ 'ਚ ਸਰਗਰਮ ਭੂਮੀਕਾ ਨਿਭਾਉਂਦਿਆਂ, ਉਹ ਗਿਰਫ਼ਤਾਰ ਹੋਏ ਅਤੇ ਅੰਨਾਂ ਤਸ਼ੱਦਦ ਝੱਲਿਆ। ਉਹ ਤਿੰਨ ਦਹਾਕੇ ਪਹਿਲਾਂ ਆਸਟਰੇਲੀਆ ਚਲੇ ਗਏ ਅਤੇ ਸਾਹਿਤਕ ਗਤੀਵਿਧੀਆਂ ਵਿਚ ਸਰਗਰਮ ਰਹੇ। ਉਰਦੂ ਦਾ ਪ੍ਰਸਿਧ ਅਫ਼ਸਾਨਾਨਿਗਾਰ ਰਤਨ ਸਿੰਘ ਨਹੀਂ ਰਹੇ। ਉਨ੍ਹਾਂ ਦੀ ਸਵੈਜੀਵਨੀ 'ਦਰ-ਬਦਰ' ਅਤੇ ਦੇਸ਼ ਦੀ ਵੰਡ ਬਾਰੇ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚੋਂ 'ਬਿਖਰੇ ਹੁਏ ਸਪਨੇ', 'ਪਨਾਹਗੀਰ', 'ਹੱਡ ਬੀਤੀ', 'ਕਾਠ ਕਾ ਘੋੜਾ', 'ਜ਼ਿੰਦਗੀ ਸੇ ਦੂਰ' ਅਤੇ 'ਮਾਨਿਕ ਮੋਤੀ' ਬਹੁਤ ਮਕਬੂਲ ਹੋਈਆ। ਸੀਨੀਅਰ ਪੱਤਰਕਾਰ ਅਤੇ ਕਾਲਮ-ਨਵੀਸ ਜਸਵੰਤ ਸਿੰਘ ਅਜੀਤ ਅਤੇ ਕਵੀ ਸੁਰਜੀਤ ਸਿੰਘ ਸੁਰਜੀਤ (ਚਮਕੌਰ ਸਾਹਿਬ) ਵੀ ਸਦੀਵੀ ਵਿਛੋੜਾ ਦੇ ਗਏ ਹਨ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਉਪਰੋਕਤ ਸਾਹਿਤਕਾਰਾਂ ਦੇ ਸਦੀਵੀ ਵਿਛੋੜੇ ਉਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਸਨੇਹੀਆਂ ਨਾਲ ਹਾਰਦਿਕ ਸੰਵੇਦਨਾ ਸਾਂਝੀ ਕੀਤੀ ਹੈ।



ਅਜੀਤ ਸਿੰਘ ਰਾਹੀ



ਜਸਵੰਤ ਸਿੰਘ ਅਜੀਤ

**ਜਾਰੀ ਕਰਤਾ,**
**ਡਾ. ਸੁਖਦੇਵ ਸਿੰਘ ਸਿਰਸਾ,**
**ਜਨਰਲ ਸਕੱਤਰ**
**ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)**
**ਮੋ: 98156-36565**
**ਨੋਟ- ਤਸਵੀਰਾਂ- ਅਜੀਤ ਸਿੰਘ ਰਾਹੀ**
**ਅਤੇ ਜਸਵੰਤ ਸਿੰਘ ਅਜੀਤ**

# ਸ੍ਰੀ ਗੁਰੂ ਰਵਿਦਾਸ ਮਿਸ਼ਨ ਅਤੇ ਆਦਿ ਵਾਸੀ ਸਮਾਜ ਦੇ ਵਿਸ਼ਵ ਪ੍ਰਸਿੱਧ, ਮਹਾਨ ਚਿੰਤਕ ਵਿਦਵਾਨ ਅਨਮੋਲ ਰਤਨ ਐਡਵੋਕੇਟ ਪ੍ਰੋ. ਲਾਲ ਸਿੰਘ ਨਹੀਂ ਰਹੇ

## ਲੇਖਕ ਦੀ ਜ਼ਿੰਦਗੀ ਬਾਰੇ ਦੋ ਗੱਲਾਂ



ਪਿਤਾ ਸ. ਸ਼ਾਮ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਹਰਨਾਮ ਕੌਰ ਜੀ ਦੇ ਘਰ ਪਿੰਡ ਸ਼ੇਰਵਾਨੀ ਕੋਟ ਮਲੇਰਕੋਟਲਾ ਜ਼ਿਲ੍ਹਾ ਸੰਗਰੂਰ ਵਿਖੇ 05-01-1940 ਨੂੰ ਇਕ ਬਾਲ ਨੇ ਜਨਮ ਲਿਆ, ਜਿਸ ਦਾ ਨਾਂਅ ਰੱਖਿਆ ਗਿਆ 'ਲਾਲ ਸਿੰਘ'। ਘਰ ਵਿਚ ਸਭ ਤੋਂ ਵੱਡੇ ਹਨ। ਚਾਰ ਭਰਾ ਤੇ ਦੋ ਭੈਣਾਂ ਹਨ ਪ੍ਰੋ. ਲਾਲ ਸਿੰਘ ਸਾਹਿਬ ਜੀ ਦੀਆਂ।

ਚੌਥੀ ਤੱਕ ਦੀ ਪੜ੍ਹਾਈ ਪਿੰਡ ਦੇ ਹੀ ਸਕੂਲ ਵਿਚੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ ਦਸਵੀਂ ਤੱਕ ਦੀ ਪੜ੍ਹਾਈ ਮਲੇਰਕੋਟਲਾ ਦੇ ਹਾਈ ਸਕੂਲ ਵਿਚ ਕੀਤੀ। ਦਸਵੀਂ ਤੋਂ ਬਾਅਦ ਕੋ. ਅਪਰੇਟਿਵ ਸਬ-ਇੰਸਪੈਕਟਰ ਦੀ ਸਰਕਾਰੀ ਨੌਕਰੀ ਮਿਲ ਗਈ।

ਇਸ ਦੌਰਾਨ ਇਕ ਘਟਨਾ ਵਾਪਰੀ ਜਿਸ ਨੇ ਪ੍ਰੋ. ਸਾਹਿਬ ਜੀ ਦੀ ਦੁਨੀਆਂ ਹਿਲਾ ਕੇ ਰੱਖ ਦਿੱਤੀ। ਉਹ ਸੀ ਪ੍ਰੋ. ਸਾਹਿਬ ਜੀ ਦੀ ਛੋਟੀ ਭੈਣ ਗੁਰਕੀਰਤ ਕੌਰ 'ਗੁੱਡੀ' ਜਿਸ ਨੂੰ ਉਹ ਅੰਤਾਂ ਦਾ ਪਿਆਰ ਕਰਦੇ ਸਨ। ਜਦੋਂ ਪ੍ਰੋ. ਸਾਹਿਬ ਨੌਕਰੀ ਤੇ ਚਲੇ ਗਏ ਤਾਂ ਦੋ ਮਹੀਨੇ ਘਰ ਵਾਪਸ ਨਾ ਆਏ। ਭੈਣ ਇਹ ਵਿਛੋੜਾ ਨਾ ਸਹਾਰਦੀ ਹੋਈ ਬੀਮਾਰ ਹੋ ਗਈ ਅਤੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਜਿਸ ਦਾ ਪ੍ਰੋ. ਸਾਹਿਬ ਆਖਰੀ ਵਾਰ ਦਰਸ਼ਨ ਵੀ ਨਾ ਕਰ ਸਕੇ।

ਇਸ ਘਟਨਾ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ। ਦਿਨ-ਰਾਤ ਰੋਂਦੇ ਹੀ ਰਹਿੰਦੇ। ਇਸ ਤੋਂ ਪਹਿਲਾਂ ਉਹ ਐਫ.ਏ. 'ਚੋਂ ਫੇਲ ਹੋ ਚੁੱਕੇ ਸਨ। ਭੈਣ ਨੂੰ ਯਾਦ ਕਰਕੇ ਪਹਿਲਾਂ ਰੋਣਾ ਫਿਰ ਪੜ੍ਹਾਈ ਕਰਨੀ। ਪ੍ਰੋ. ਸਾਹਿਬ ਭੈਣ ਦੇ ਅਸ਼ੀਰਵਾਦ ਨਾਲ ਐਫ.ਏ. ਪਾਸ ਕਰ ਗਏ।

ਪ੍ਰੋ. ਸਾਹਿਬ ਅੱਗੇ ਪੜ੍ਹਾਈ ਕਰਨਾ ਚਾਹੁੰਦੇ ਸਨ। ਬਾਪੂ ਜੀ ਨੂੰ ਕਿਹਾ ਮੈਂ ਪੜ੍ਹਨਾ ਹੈ। ਬਾਪੂ ਜੀ ਕਹਿੰਦੇ ਅਸੀਂ ਤਾਂ ਘਰ ਭੁੱਖੇ ਮਰਦੇ ਹਾਂ। ਬਹੁਤ ਕੋਸ਼ਿਸ਼ਾਂ ਦੇ ਬਾਅਦ ਫੈਸਲਾ ਹੋਇਆ "ਨਾ ਤੈਨੂੰ ਕੁਝ ਦੇਣਾ ਨਾ ਲੈਣਾ।" ਮਤਲਬ ਪੈਸੇ ਦੀ ਕੋਈ ਮਦਦ ਨਹੀਂ ਕਰਨੀ 'ਪੜ੍ਹ ਲੈ'। ਨੌਕਰੀ ਛੱਡ ਦਿੱਤੀ ਕਾਲਜ ਵਿਚ ਦਾਖਲਾ ਲੈ ਲਿਆ ਮਲੇਰਕੋਟਲੇ। ਇਸ ਤਰ੍ਹਾਂ ਬੀ.ਏ. ਮਲੇਰਕੋਟਲੇ ਦੇ ਸਰਕਾਰੀ ਕਾਲਜ ਵਿਚ ਕੀਤੀ।

ਇਸ ਦੌਰਾਨ ਜੀਵਨ ਵਿਚ ਆਮਦ ਹੁੰਦੀ ਹੈ ਕਿ ਇਕ ਖਾਸ ਸਖ਼ਸ਼ ਦੀ। ਉਹ ਸਨ ਵਰਿੰਦਰ ਜੀ ਜੋ ਬਹੁਤ ਅਜੀਜ ਜਾਨ ਤੋਂ ਵੀ ਪਿਆਰਾ, ਸੱਚਾ ਦੋਸਤ। ਵਰਿੰਦਰ ਤੋਂ ਬਿਨਾਂ ਜ਼ਿੰਦਗੀ ਅਧੂਰੀ। ਉਮਰ ਵਿਚ ਛੋਟੇ ਸਨ ਵਰਿੰਦਰ ਭਾਈ ਸਾਹਿਬ ਪਰ ਪ੍ਰੋ. ਸਾਹਿਬ ਜੀ ਦਾ ਖਿਆਲ ਬੱਚਿਆਂ ਵਾਂਗ ਰੱਖਦੇ। ਗੱਲਾਂ ਕਰਨ ਬੈਠਦੇ ਕਦੋਂ ਰਾਤ ਤੋਂ ਦਿਨ ਚੜ੍ਹਦਾ ਪਤਾ ਹੀ ਨਾ ਲੱਗਦਾ। ਇਸ ਤਰ੍ਹਾਂ ਵਰਿੰਦਰ ਨੇ ਹਰ ਕੰਮ ਵਿਚ ਹਰ ਸਮੇਂ ਮੱਦਦ ਕੀਤੀ। ਪ੍ਰੋ. ਸਾਹਿਬ ਨੂੰ ਜਦੋਂ ਪੈਸੇ ਦੀ ਲੋੜ ਹੋਈ, ਉਨ੍ਹਾਂ ਨੇ ਸਿਰਫ਼ ਵਰਿੰਦਰ ਨੂੰ ਇਹੀ ਕਹਿਣਾ ਕਿ ਵਰਿੰਦਰ ਐਨੇ ਪੈਸੇ ਚਾਹੀਦੇ ਉਸ ਨੇ ਪੈਸੇ ਦੇਣ ਤੋਂ ਬਾਅਦ ਹੀ ਪੁੱਛਣਾ ਕੀ ਕਰਨੇ। ਮਤਲਬ ਅੱਤ ਦੀ ਗਰੀਬੀ ਵਿਚ ਅਣਖ਼ ਇੱਜ਼ਤ ਬਣਾਈ ਰੱਖੀ ਵਰਿੰਦਰ ਭਾਈ ਸਾਹਿਬ ਜੀ ਨੇ। ਅਸੀਂ ਉਨ੍ਹਾਂ ਨੂੰ ਸਲਾਮ ਕਰਦੇ ਹਾਂ। ਪਰਮਾਤਮਾ ਉਨ੍ਹਾਂ ਨੂੰ ਤੰਦਰੁਸਤੀ ਬਖ਼ਸ਼ੇ। ਇਸ ਤਰ੍ਹਾਂ ਪ੍ਰੋ. ਸਾਹਿਬ ਜੀ ਨੇ ਪੜ੍ਹਾਈ ਪੂਰੀ ਕੀਤੀ। ਮਲੇਰਕੋਟਲਾ ਕਾਲਜ ਵਿਚ ਪ੍ਰੋ. ਸਾਹਿਬ ਕਾਲਜ ਮੈਗਜ਼ੀਨ ਦੇ ਸੰਪਾਦਕ ਰਹੇ। ਕਾਲਜ ਦੇ ਵੈਸਟ ਅਥਲੀਟ ਬਣੇ। ਐਨ.ਸੀ.ਸੀ. ਦੇ ਸੀਨੀਅਰ ਮੋਸਟ ਕੈਡਿਟ ਵੀ ਰਹੇ।

ਫਿਰ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਵਿਚ ਐਮ.ਏ. ਦੀ ਪੜ੍ਹਾਈ ਪੂਰੀ ਕੀਤੀ।

ਇਸ ਤੋਂ ਬਾਅਦ ਕਈ ਥਾਈਂ ਪ੍ਰਾਈਵੇਟ ਨੌਕਰੀ ਕੀਤੀ। ਬਾਅਦ ਵਿਚ ਇਨ੍ਹਾਂ ਨੂੰ ਪ੍ਰੋਫੈਸਰ ਦੀ ਸਰਕਾਰੀ ਨੌਕਰੀ ਮਿਲੀ ਗੁੜਗਾਓਂ ਦੇ ਕਾਲਜ ਵਿਚ ਜੋ ਅੱਜਕਲ੍ਹ ਹਰਿਆਣਾ ਵਿਚ ਹੈ। ਉਸ ਤੋਂ ਬਾਅਦ ਜੀਂਦ ਦੇ ਕਾਲਜ ਵਿਚ, ਫਿਰ ਨਾਭੇ ਆ ਗਏ। ਇਸ ਤੋਂ ਬਾਅਦ ਪੱਕੀ ਨੌਕਰੀ ਮਿਲ ਗਈ। ਪੰਜਾਬ ਦੇ ਅਲੱਗ-ਅਲੱਗ ਕਾਲਜਾਂ ਵਿਚ ਪੜ੍ਹਾਇਆ ਜਿਵੇਂ ਫਰੀਦਕੋਟ, ਮੁਕਤਸਰ, ਮਲੇਰਕੋਟਲਾ, ਭੁਲੱਥ, ਨਾਭਾ, ਪੱਟੀ ਆਦਿ।

ਸੰਨ 1998 ਵਿਚ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਤੋਂ ਸੇਵਾ ਮੁਕਤ ਹੋਏ।

ਨੌਕਰੀ ਦੌਰਾਨ ਹੀ ਮਿਸ਼ਨ ਨਾਲ ਜੁੜੇ ਰਹੇ। ਇਸ ਦੌਰਾਨ ਪਹਿਲੀ ਕਿਤਾਬ 1995 'ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਸਟੀਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਹੋਂਦ ਵਿਚ ਆਈਆਂ। ਜਿਨ੍ਹਾਂ ਨੂੰ ਦੁਨੀਆਂ ਭਰ ਵਿਚ ਸਲਾਹਿਆ ਗਿਆ। ਪੰਜਾਬ ਦੇ ਅਨੇਕਾਂ ਡੇਰਿਆਂ ਨੇ ਅਤੇ ਵਿਦੇਸ਼ਾਂ ਦੀਆਂ ਸੰਗਤਾਂ ਅਤੇ ਸੰਸਥਾਵਾਂ ਨੂੰ ਪ੍ਰੋ. ਸਾਹਿਬ ਜੀ ਨੂੰ ਸਨਮਾਨਿਤ ਕੀਤਾ। ਉਸ ਤੋਂ ਬਾਅਦ ਛੇ ਕਿਤਾਬਾਂ ਉਨ੍ਹਾਂ ਦੀ ਕਲਮ ਤੋਂ ਹੋਰ ਆਈਆਂ। ਖੋਜ ਅੱਜ ਤੱਕ ਨਿਰੰਤਰ ਜਾਰੀ ਹੈ।

ਅੱਜ ਕਲ੍ਹ ਆਪਣੇ ਪਰਿਵਾਰ ਸੁਪਤਨੀ ਸ੍ਰੀਮਤੀ ਜਗਦੀਸ਼ ਕੌਰ ਤੇ ਸਪੁੱਤਰ ਗੁਰਕੀਰਤ ਸਿੰਘ ਨਾਲ ਸ਼ਹਿਰ ਲੁਧਿਆਣਾ ਰਹਿ ਰਹੇ ਹਨ। ਸਦੀਵੀ ਯਾਦ ਸਦਕਾ ਵਿਛੜੀ ਭੈਣ ਦਾ ਨਾਮ ਦਿੱਤਾ ਬੇਟੇ ਗੁਰਕੀਰਤ ਨੂੰ।

ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਤੰਦਰੁਸਤੀ ਬਖਸ਼ਣ ਜੀ।

**ਜੈ ਗੁਰੂਦੇਵ। ਧੰਨ ਗੁਰੂਦੇਵ।**
**ਧੰਨਵਾਦ**
**ਜੀਵਨ ਸਾਥਣ**
**ਜਗਦੀਸ਼ ਕੌਰ**

## ਪ੍ਰੋ. ਲਾਲ ਸਿੰਘ ਬਾਰੇ ਸੰਖੇਪ ਜਾਣਕਾਰੀ ਅਤੇ ਮਾਣ-ਸਨਮਾਨ

ਨਾਮ - ਪ੍ਰੋ. ਲਾਲ ਸਿੰਘ (ਐਡਵੋਕੇਟ)
ਯੋਗਤਾ - ਐਮ.ਏ., ਐਲ.ਐਲ.ਬੀ., ਪੀ.ਈ.ਐਸ (1) ਰਿਟਾਇਰਡ, ਸੇਵਾ ਮੁਕਤ (ਸਾਬਕਾ ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਸਰਕਾਰੀ ਕਾਲਜ, ਹੁਸ਼ਿਆਰਪੁਰ, ਪੰਜਾਬ (ਭਾਰਤ)।

**ਪੁਸਤਕਾਂ -** (1) ਸ਼੍ਰੀ ਗੁਰੂ ਰਵਿਦਾਸ ਜੀ ਉਨਾਂ ਦਾ ਗੁਰੂ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ (ਦੂਜੀ ਵਾਰ)। (2) ਸਟੀਕ ਬਾਣੀ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ (ਤੀਜੀ ਵਾਰ) (3) ਮੂਲ ਮੰਤਰ ਅਨੁਸਾਰ ਆਦਿ ਧਰਮ ਬਨਾਮ ਵਿਸ਼ਵ ਧਰਮ ਦੇ ਸਿਰਜਕ - ਗੁਰੂ ਰਵਿਦਾਸ ਜੀ (4) ਬੇਗਮਪੁਰਾ ਸਹਰ ਕੋ ਨਾਉ ਵਿੱਚ ਸਥਾਪਤ ਵਿਸ਼ਵ ਸੰਵਿਧਾਨ ਦੇ ਸਿਰਜਕ - ਗੁਰੂ ਰਵਿਦਾਸ ਜੀ (5) ਗੁਰੂ ਰਵਿਦਾਸ ਜੀ ਦਾ ਧਰਮ ਸਿੰਧੂ ਘਾਟੀ ਦੇ ਆਦਿ ਵਾਸੀ ਅਛੂਤਾਂ ਦਾ ਆਦਿ ਧਰਮ (6) ਆਦਿ ਧਰਮ ਬਨਾਮ ਵਿਸ਼ਵ ਧਰਮ ਗ੍ਰੰਥ ਪੋਥੀ ਸਾਹਿਬ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ (7) ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ (8) ਫੌਜਾਂ ਦੇ ਸੁਪਰੀਮ ਕਮਾਂਡਰ ।

**ਅਣ ਛਪੀਆਂ ਪੁਸਤਕਾਂ-**
ਤਿੰਨ, ਇੱਕ ਅਗਰੇਜ਼ੀ ਵਿੱਚ-ਕੁੱਲ ਚਾਰ (2) ਇੰਟਰਨੈਂਟ-ਉਪਰੋਕਤ ਸਟੀਕ, ਬਾਣੀ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ LLap://www.guru.ravidas.co.uk/home.htm (4) ਪੰਜਾਬ ਰੇਡੀਓ ਯੂ.ਕੇ.-ਸ਼੍ਰੀ ਨਿਰਮਲ ਮਹੇ ਯੂ.ਕੇ. 60-70× ਸਮੱਗਰੀ ਤੱਤ ਸਿਧਾਂਤ ਵਿਚੋਂ।

**ਪਰਚੇ ਪੜ੍ਹੇ-**
ਅੰਤਰ-ਯੂਨੀਵਰਸਿਟੀ ਸੈਮੀਨਾਰ, ਸਰਕਾਰੀ ਕਾਲਜ ਹੁਸ਼ਿਆਰਪੁਰ। ਦਿੱਲੀ ਵਿਖੇ ਰਾਸ਼ਟਰੀ ਸਮਾਜਕ-ਧਾਰਮਕ ਸੈਮੀਨਾਰ ਵੱਲੋਂ ਵਿਜੀਲੈਂਟ ਬ੍ਰਦਰਹੁੱਡ, ਯੂ.ਕੇ (3) ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਰਵਿਦਾਸ ਬਾਣੀ ਵਿੱਚ ਨਿਰੂਪਤ ਧਰਮ ਬਾਰੇ ਸੈਮੀਨਰ, ਜਲੰਧਰ (4) ਅੰਬੇਡਕਰ ਵਿਚਾਰਧਾਰਾ ਉੱਪਰ ਸੈਮੀਨਾਰ, ਲੁਧਿਆਣਾ (5) ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਵਲੋਂ ਰਾਇਪੁਰ ਰਸੂਲ ਸੈਮੀਨਾਰ ਵਿਖੇ।
ਪਰਚੇ ਛਪੇ- ਇਟਲੀ, ਮੁਹਾਲੀ, ਰੋਜ਼ਾਨਾ ਜਨ-ਜਾਗ੍ਰਿਤੀ, ਮਿਤੀ 4.2.2011 ਨੂੰ ਅਮਰੀਕਾ ਤੋਂ ਫੋਨ ਤੇ ਹੋਏ ਹੁਕਮ ਅਨੁਸਾਰ, ਪਰਚਾ ਭੇਜਿਆ ਹੈ।

**ਵਿਦੇਸ਼ਾਂ ਵੱਲੋਂ ਸਨਮਾਨਿਤ-**
ਸ਼੍ਰੀ ਗੁਰੂ ਰਵਿਦਾਸ ਆਦਿ ਧਰਮ ਮਿਸ਼ਨ ਯੂ.ਕੇ (ਸੋਨੇ ਦੇ ਪੈਨ ਨਾਲ ਸਨਮਾਨਿਤ)
ਸ਼੍ਰੀ ਗੁਰੂ ਰਵਿਦਾਸ ਸਭਾ (ਇਟਲੀ)।

**ਸਨਮਾਨਤ-**
ਪੰਜਾਬ ਸਰਕਾਰ
ਭਾਰਤੀ ਦਲਿਤ ਸਾਹਿਤ ਅਕਾਦਮੀ, ਉੱਤਰ ਪ੍ਰਦੇਸ਼
ਸ਼੍ਰੀ ਗੁਰੂ ਰਵਿਦਾਸ ਅਕਾਦਮੀ, ਪੰਜਾਬ (ਰਜਿ.) ਗੁਰੂ ਰਵਿਦਾਸ ਮੰਦਰ ਕਮੇਟੀ, ਸੰਤੋਖਗੜ੍ਹ (ਹਿਮਾਚਲ ਪ੍ਰਦੇਸ਼)।
ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ-1995 (ਚਾਂਦੀ ਦੀ ਪਲੇਟ ਨਾਲ ਸਨਮਾਨਤ)
ਡੇਰਾ 108 ਸੰਤ ਜਗਤਗਿਰੀ ਜੀ ਪਠਾਨਕੋਟ।
ਸਤਿਗੁਰੂ ਰਵਿਦਾਸ ਨੌਜਵਾਨ ਸਭਾ, ਕਪੂਰ ਪਿੰਡ (ਜਲੰਧਰ) ਸਿਲਵਰ ਮੈਡਲ।
ਡੇਰਾ 108 ਸੰਤ ਟਹਿਲ ਦਾਸ ਜੀ ਸਲੇਮ ਟਾਬਰੀ, ਲੁਧਿਆਣਾ ਅਤੇ ਅਨੇਕਾਂ ਹੋਰ ਸੰਸਥਾਵਾਂ।

## ਪ੍ਰਸੰਸ਼ਾ ਯੋਗ ਉੱਦਮ

ਇਹ ਬੜੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਮਾਣਯੋਗ ਪ੍ਰੋਫੈਸਰ ਲਾਲ ਸਿੰਘ ਮਹੇ ਜੀ ਦੀ ਕਿਤਾਬ "ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਸ੍ਰੀ ਗੁਰੂ ਰਵਿਦਾਸ ਸੇਵਕ ਸੰਘ ਹੁਸ਼ਿਆਰਪੁਰ ਦੇ ਯਤਨਾਂ ਨਾਲ ਮੁੜ ਪ੍ਰਕਾਸ਼ਿਤ ਹੋਣ ਜਾ ਰਹੀ ਹੈ। ਪ੍ਰੋਫੈਸਰ ਲਾਲ ਸਿੰਘ ਮਹੇ ਜੀ ਨੂੰ ਮੈਂ ਲਗਭਗ ਸਾਢੇ ਤਿੰਨ ਦਹਾਕਿਆਂ ਤੋਂ ਜਾਣਦਾ ਹਾਂ, ਖਾਸ ਕਰਕੇ ਜਦੋਂ ਉਹ ਵੱਡੇ ਭਾਈ ਸਾਹਿਬ ਸ੍ਰੀ ਸੀ.ਐਲ. ਚੁੰਬਰ ਸਾਹਿਬ ਨੂੰ ਮਿਲਣ ਆਇਆ ਕਰਦੇ ਸੀ ਤੇ ਕਦੇ ਅਸੀਂ ਪ੍ਰੋਫੈਸਰ ਸਾਹਿਬ ਨੂੰ ਮਿਲਣ ਜਾਇਆ ਕਰਦੇ ਜਦੋਂ ਜਲੰਧਰ ਹੀ ਰਹਿੰਦੇ ਸਨ ਤੇ ਸਰਕਾਰੀ ਕਾਲਜ ਹੁਸ਼ਿਆਰਪੁਰ ਪੜ੍ਹਾਇਆ ਕਰਦੇ ਸਨ। ਉਨ੍ਹਾਂ ਦਿਨਾਂ 'ਚ ਪ੍ਰੋਫੈਸਰ ਲਾਲ ਸਿੰਘ ਆਪਣੀ ਪਹਿਲੀ ਕਿਤਾਬ ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ ਦੀ ਤਿਆਰੀ ਵਿਚ ਸਨ। ਇਹੀ ਪਹਿਲੀ ਕਿਤਾਬ ਹੈ ਜਿਸ ਨੇ ਮੇਰੇ ਮਨ ਤੇ ਗਹਿਰਾ ਪ੍ਰਭਾਵ ਪਾਇਆ। ਜੋ ਉਨ੍ਹਾਂ ਬੜੀ ਲਗਨ ਅਤੇ ਸਖ਼ਤ ਮਿਹਨਤ ਨਾਲ ਲਿਖੀ। ਉਨ੍ਹਾਂ ਹੋਰ ਵੀ ਕਈ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚੋਂ ਇਕ ਜੋ ਹੁਣ ਹੱਥਲੀ ਕਿਤਾਬ ਪ੍ਰਕਾਸ਼ਿਤ ਹੋਣ ਜਾ ਰਹੀ ਹੈ, ਨੂੰ ਵੀ ਪੜ੍ਹਿਆ ਹੀ ਨਹੀਂ ਬਲਕਿ ਅਮਰੀਕਾ ਆ ਕੇ ਪ੍ਰੋਫੈਸਰ ਸਾਹਿਬ ਦੇ ਧੰਨਵਾਦ ਸਹਿਤ ਮੈਂ ਆਪਣੇ ਹਫ਼ਤਾਵਾਰੀ ਪੰਜਾਬੀ ਅਖ਼ਬਾਰ ਦੇਸ਼ ਦੁਆਬਾ ਵਿਚ ਬਹੁਤ ਸਾਰਾ ਮੈਟਰ ਛਾਪਿਆ ਵੀ, ਜਿਸ ਨਾਲ ਪਾਠਕਾਂ ਅਤੇ ਸਮਾਜ ਸੇਵੀ ਲੋਕਾਂ ਨੇ ਇਸ ਕਿਤਾਬ ਦੀ ਮੰਗ ਵੀ ਕੀਤੀ।

ਸੋ ਅੱਜ ਜੋ ਮੈਨੂੰ, ਮੁੜ ਪ੍ਰਕਾਸ਼ਿਤ ਹੋਣ ਦੀ ਖੁਸ਼ਖ਼ਬਰੀ ਅਤੇ ਦੋ ਸ਼ਬਦ ਲਿਖਣ ਲਈ ਸ੍ਰੀ ਚਰਨਜੀਤ ਸਿੰਘ ਬਿਨਪਾਲਕੇ ਜੀ ਨੇ ਗੁਜਾਰਿਸ਼ ਕੀਤੀ ਹੈ, ਵਾਕਈਆ ਮਨ ਨੂੰ ਖੁਸ਼ੀ ਮਿਲੀ ਕਿ ਸੰਗਤਾਂ ਦੀ ਬੜੀ ਪੁਰਾਣੀ ਰੀਝ ਹੁਣ ਪੂਰੀ ਹੋਵੇਗੀ।

ਮੈਂ ਅਦਾਰਾ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਵੱਲੋਂ ਜਿੱਥੇ ਦਿਲੀ ਸੁਭ ਕਾਮਨਾਵਾਂ ਦਿੰਦਾ ਹਾਂ ਉਥੇ ਇਸ ਕਿਤਾਬ ਦ ਸੁਨੇਹਾ ਵੀ ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕਰਾਂਗਾ। ਉਮੀਦ ਹੈ ਐਨ.ਆਰ.ਆਈ. ਭੈਣ-ਭਰਾਵਾਂ ਅਤੇ ਸੰਸਥਾਵਾਂ ਇਸ ਕਿਤਾਬ ਦੇ ਗਿਆਨ ਦਾ ਭਰਪੂਰ ਫਾਇਦਾ ਉਠਾਉਣਗੇ ਤੇ ਮੈਂ ਅਪੀਲ ਕਰਨੀ ਚਾਹਾਂਗਾ ਕਿ ਉਹ ਲੇਖਕ ਅਤੇ ਅਜਿਹੀਆਂ ਸਮਾਜ ਸੇਵੀ ਮਿਸ਼ਨਰੀ ਸੰਸਥਾਵਾਂ ਦੀ ਮਾਲੀ ਮੱਦਦ ਵੀ ਕਰਨ ਤਾਂਕਿ ਉਹ ਅਜਿਹੇ ਉੱਤਮ ਉਪਰਾਲੇ ਹੋਰ ਵੀ ਕਰਦੇ ਰਹਿਣ।

ਜੈ ਗੁਰਦੇਵ!

**- ਪ੍ਰੇਮ ਕੁਮਾਰ ਚੁੰਬਰ**
**(ਸੰਪਾਦਕ ਦੇਸ਼ ਦੁਆਬਾ, ਅੰਬੇਦਕਰ ਟਾਈਮਜ਼)**
***(ਪ੍ਰੋਫੈਸਰ ਲਾਲ ਸਿੰਘ ਦੀ ਪੁਸਤਕ 'ਚੋਂ ਧੰਨਵਾਦ ਸਹਿਤ)***

## ਸੱਚੀ ਅਤੇ ਨਿਡਰ ਕਲਮ ਦੇ ਵਾਰਿਸ

ਆਦਿ ਧਰਮ ਅਨਮੋਲ ਰਤਨ ਐਡਵੋਕੇਟ ਪ੍ਰੋ. ਲਾਲ ਸਿੰਘ ਜੀ ਲੁਧਿਆਣਾ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਬਹੁਤ ਵੱਡੇ ਬੁੱਧੀਜੀਵੀ ਚਿੰਤਕ ਹਨ। ਬਹੁਤ ਸਾਰੇ ਲੇਖਕਾਂ ਨੇ ਗੁਰੂ ਰਵਿਦਾਸ ਜੀ ਦੇ ਬਾਰੇ ਲਿਖਿਆ ਹੈ ਪਰ ਜੋ ਤੱਤ-ਸਾਰ, ਸਿਧਾਂਤਕ ਅਤੇ ਦਲੀਲਾਂ ਸਹਿਤ ਪ੍ਰੋ. ਲਾਲ ਸਿੰਘ ਜੀ ਨੇ ਗੁਰੂ ਰਵਿਦਾਸ ਜੀ ਬਾਰੇ ਲਿਖਿਆ ਹੈ ਸ਼ਾਇਦ ਅਜਿਹਾ ਕੋਈ ਹੋਰ ਲੇਖਕ ਕਰ ਨਹੀਂ ਸਕਿਆ ਹੈ। ਉਨ੍ਹਾਂ ਨੇ 8 ਕਿਤਾਬਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀ 1995 ਈ. ਵਿਚ ਛਪੀ ਪਹਿਲੀ ਪੁਸਤਕ ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹੀ ਪੁਸਤਕ ਹੈ ਜਿਸ ਨੇ ਭਾਰਤ ਵਿਚ ਆਰੀਆ ਦੇ ਆਉਣ ਤੋਂ ਲੈ ਕੇ ਹੁਣ ਤੱਕ ਦੇ ਮਨੂੰਵਾਦੀ ਸੋਚ ਦੇ ਆਦਿ ਸਮਾਜ ਦੇ ਦੁਸ਼ਮਣ ਲੇਖਕਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਜੀ ਮਹਾਨਤਾ ਨੂੰ ਘਟਾਉਣ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਵਿਗਾੜਨ ਲਈ ਕੀਤੀਆਂ ਕੋਸ਼ਿਸ਼ਾਂ ਦਾ ਦਲੀਲਾਂ ਸਹਿਤ ਪਾਜ ਉਧੇੜਿਆ ਹੈ।

ਉਨ੍ਹਾਂ ਦੀ ਦੂਸਰੀ ਪੁਸਤਕ ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ ਵਿਚ ਪ੍ਰੋਫੈਸਰ ਸਾਹਿਬ ਨੇ ਗੁਰੂ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਵਿਆਖਿਆ ਗੁਰੂ ਜੀ ਦੀ ਵਿਚਾਰਧਾਰਾ, ਉਨ੍ਹਾਂ ਦੇ ਜੀਵਨ, ਸੰਬੰਧਤ ਰਾਗ ਦੇ ਸੁਭਾਅ ਅਤੇ ਉਸ ਸਮੇਂ ਦੀਆਂ ਪ੍ਰਸਿਥਿਤੀਆਂ ਅਨੁਸਾਰ ਕਰਕੇ ਇਕ ਵਿਲੱਖਣ ਪੁਸਤਕ ਤਿਆਰ ਕੀਤੀ। ਜਿਸ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਦੂਸਰੇ ਵਿਆਖਿਆਕਾਰਾਂ ਵੱਲੋਂ ਰਹੀਆਂ ਘਾਟਾਂ, ਊਣਤਾਈਆਂ ਨੂੰ ਵੀ ਪੂਰਾ ਕੀਤਾ ਗਿਆ ਹੈ।

ਉਨ੍ਹਾਂ ਨੇ ਆਪਣੀ ਪੁਸਤਕ 'ਸ੍ਰੀ ਗੁਰੂ ਰਵਿਦਾਸ ਜੀ ਦਾ ਧਰਮ, ਸਿੰਧੂ ਘਾਟੀ ਦੇ ਆਦਿਵਾਸੀ ਅਛੂਤਾਂ ਦਾ ਆਦਿ ਧਰਮ' ਵਿਚ ਦੱਸਿਆ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਧਰਮ ਆਦਿ ਧਰਮ ਸੀ।

ਮੈਂ ਸਮਝਦਾ ਹਾਂ ਕਿ ਪ੍ਰੋਫੈਸਰ ਸਾਹਿਬ ਦੀਆਂ ਇਹ ਸਾਰੀਆਂ ਕਿਤਾਬਾਂ ਕੇਵਲ ਕਿਤਾਬਾਂ ਹੀ ਨਹੀਂ ਸਗੋਂ ਇਹ ਸਾਰੇ ਇਤਿਹਾਸਕ ਦਸਤਾਵੇਜ਼ ਹਨ। ਮੈਨੂੰ ਇੰਜ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਦੇ ਲੇਖਕ ਪ੍ਰੋਫੈਸਰ ਸਾਹਿਬ ਦੀਆਂ ਇਨ੍ਹਾਂ ਕਿਤਾਬਾਂ ਤੇ ਪੀ.ਐੱਚ.ਡੀ. ਵਰਗੀਆਂ ਡਿਗਰੀਆਂ ਕਰਨਗੇ। ਪ੍ਰੋ. ਸਾਹਿਬ ਦੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ, ਸੇਵਕਾਂ ਅਤੇ ਆਦਿ ਧਰਮੀਆਂ ਨੂੰ ਬੜੀ ਵਡਮੁੱਲੀ ਦੇਣ ਹੈ ਇਸ ਲਈ ਮੈਂ ਉਨ੍ਹਾਂ ਦਾ ਬਹੁਤ ਰਿਣੀ ਹਾਂ।

ਮੈਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਮੈਂ ਪ੍ਰੋ. ਲਾਲ ਸਿੰਘ ਜੀ ਦੀ ਚੌਥੀ ਵਾਰ ਛਪ ਰਹੀ ਪੁਸਤਕ ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਸ਼ਬਦ ਲਿਖ ਰਿਹਾ ਹਾਂ। ਪ੍ਰੋਫੈਸਰ ਸਾਹਿਬ ਸਾਡੇ ਕਾਂਸ਼ੀ ਰੇਡੀਓ ਦੇ ਮਾਧਿਅਮ ਤੋਂ ਕੀਤੇ ਜਾਂਦੇ ਵੈੱਬੀਨਾਰਾਂ ਵਿਚ ਅਕਸਰ ਸ਼ਾਮਿਲ ਹੋ ਕੇ ਆਪਣੇ ਵਡਮੁੱਲੇ ਵਿਚਾਰ ਪ੍ਰਦਾਨ ਕਰਦੇ ਹਨ। ਸਾਰੇ ਉਨ੍ਹਾਂ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ।

ਮੈਂ ਅਤਿ ਧੰਨਵਾਦੀ ਹਾਂ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਜਗਦੀਸ਼ ਕੌਰ ਜੀ ਦਾ ਜੋ ਕਿ ਪ੍ਰੋਫੈਸਰ ਸਾਹਿਬ ਦੀਆਂ ਪੁਸਤਕਾਂ ਦੁਆਰਾ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਵਿਚ ਸਹਿਯੋਗ ਕਰ ਰਹੇ ਹਨ ਅਤੇ ਉਨ੍ਹਾਂ ਦੀ ਸਿਹਤ ਦੀ ਦੇਖਭਾਲ ਕਰਦੇ ਹਨ। ਮੈਂ ਪ੍ਰੋ. ਸਾਹਿਬ ਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹੋਇਆ ਆਸਵੰਦ ਹਾਂ ਕਿ ਉਹ ਇਸੇ ਤਰ੍ਹਾਂ ਆਪਣੀ ਸੱਚੀ ਅਤੇ ਨਿਧੜਕ ਕਲਮ ਦੁਆਰਾ ਸਤਿਗੁਰੂ ਰਵਿਦਾਸ ਜੀ ਦੇ ਸੱਚ ਦਾ ਉਪਦੇਸ਼ ਪ੍ਰਚਾਰਦੇ ਰਹਿਣਗੇ।

**- ਹਰਬੰਸ ਹੀਰਾ**
Presenter and Director
Kanshi Radio U.K.
***(ਪ੍ਰੋਫੈਸਰ ਲਾਲ ਸਿੰਘ ਦੀ ਪੁਸਤਕ 'ਚੋਂ ਧੰਨਵਾਦ ਸਹਿਤ)***

# ਸ੍ਰੀ ਗੁਰੂ ਰਵਿਦਾਸ ਮਿਸ਼ਨ ਅਤੇ ਦਲਿਤ ਸਮਾਜ ਦੇ ਮਹਾਨ ਬੁੱਧੀਜੀਵੀ ਚਿੰਤਕ, ਆਦਿ ਧਰਮ ਅਨਮੋਲ ਰਤਨ ਪ੍ਰੋਫ਼ੈਸਰ ਲਾਲ ਸਿੰਘ ਨਹੀਂ ਰਹੇ

**ਲੁਧਿਆਣਾ (ਦੇਸ਼ ਦੁਆਬਾ ਬਿਊਰੋ)** – ਸੱਚੀ, ਨਿਰਪੱਖ ਅਤੇ ਨਿਡਰ ਕਲਮ ਦੇ ਧਾਰਨੀ ਦਲਿਤ ਸਮਾਜ ਦੇ ਧਾਰਮਿਕ ਅਤੇ ਸਮਾਜਿਕ ਬੁਧੀਜੀਵੀ ਚਿੰਤਕ ਐਡਵੋਕੇਟ ਪ੍ਰੋ. ਲਾਲ ਸਿੰਘ 3 ਮਈ 2021 ਨੂੰ ਸੰਖੇਪ ਬੀਮਾਰੀ ਉਪਰੰਤ ਗੁਰੂ ਚਰਨਾ ਵਿੱਚ ਜਾ ਬਿਰਾਜੇ। ਉਹ ਆਪਣੀ ਪਤਨੀ ਅਤੇ ਇੱਕ ਪੁੱਤਰ ਨਾਲ ਲੁਧਿਆਣੇ ਵਿਖੇ ਰਹਿ ਰਹੇ ਸਨ। ਪ੍ਰੋ. ਲਾਲ ਸਿੰਘ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ 80 ਸਾਲਾਂ ਦੇ ਸਫਰ ਦੌਰਾਨ ਜਿਆਦਾ ਸਮਾਂ ਗੁਰੂ ਰਵਿਦਾਸ ਵਿਚਾਰਧਾਰਾ ਅਤੇ ਦਲਿਤ ਸਮਾਜ ਦੇ ਚਿੰਤਨ ਲਈ ਬਤੀਤ ਕੀਤਾ। ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਸਬੰਧੀ ਉਨ੍ਹਾਂ ਦੀਆਂ ਲਿਖੇ ਖੋਜ ਗ੍ਰੰਥਾਂ ਨੇ ਇਕ ਨਵਾਂ ਇਨਕਲਾਬ ਲਿਆਂਦਾ। ਉਨ੍ਹਾਂ ਦੀ ਕਲਮ ਤੋਂ ਛਪੀਆਂ 8 ਖੋਜ ਭਰਪੂਰ ਪੁਸਤਕਾਂ ਦਲਿਤ ਸਮਾਜ ਲਈ ਚਾਨਣ ਮੁਨਾਰਾ ਅਤੇ ਇਤਿਹਾਸਕ ਦਸਤਾਵੇਜ਼ ਹਨ। ਉਨ੍ਹਾਂ ਨੇ ਪੰਜਾਬ ਦੇ ਕਈ ਸਰਕਾਰੀ ਕਾਲਜਾਂ ਵਿੱਚ ਪ੍ਰੋਫੈਸਰ ਦੀਆ ਸੇਵਾਵਾਂ ਨਿਭਾਈਆਂ। ਦੇਸ਼ ਵਿਦੇਸ਼ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦਾ ਸਸਕਾਰ 4 ਮਈ 2021 ਨੂੰ ਲੁਧਿਆਣਾ ਵਿਖੇ ਸਲੇਮਟਾਬਰੀ ਦੇ ਸਮਸ਼ਾਨ ਘਰ ਵਿਖੇ ਕੀਤਾ ਗਿਆ। ਪ੍ਰੋਫੈਸਰ ਸਾਹਿਬ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਗੁਰਕੀਰਤ ਨੇ ਦਿੱਤੀ। ਕੋਵਿਡ ਹਦਾਇਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨਮਿਤ ਅੰਤਮ ਅਰਦਾਸ 12 ਮਈ ਬੁੱਧਵਾਰ ਨੂੰ ਸ੍ਰੀ ਗੁਰੂ ਰਵਿਦਾਸ ਮੰਦਿਰ ਅਮਨ ਨਗਰ ਲੁਧਿਆਣਾ ਵਿਖੇ ਹੋਵੇਗੀ।




ਪ੍ਰੋਫੈਸਰ ਲਾਲ ਸਿੰਘ ਦਾ ਬੇਟਾ ਗੁਰਕਿਤਾਰ ਸਿੰਘ, ਆਪਣੇ ਪਿਤਾ ਪ੍ਰੋਫੈਸਰ ਲਾਲ ਸਿੰਘ ਦੀ ਚਿਤਾ ਨੂੰ ਅਗਨੀ ਭੇਂਟ ਕਰਦਾ ਹੋਇਆ।






ਪ੍ਰੋਫੈਸਰ ਲਾਲ ਸਿੰਘ ਦਾ ਪਿੰਡ ਸੰਤੋਸ਼ ਘਰ (ਹਿਮਾਚਲ) ਦੇ ਸ੍ਰੀ ਗੁਰੂ ਰਵਿਦਾਸ ਮੰਦਰ ਵਿਚ ਸਨਮਾਨ ਕਰਦੇ ਹੋਏ।



ਪ੍ਰੋਫੈਸਰ ਲਾਲ ਸਿੰਘ ਪਿੰਡ ਆਹਨ ਖੇੜੀ ਵਿਖੇ ਸੰਤ ਤੋਤਾ ਮੱਲ ਨੂੰ ਆਪਣੀ ਕਿਤਾਬ ਭੇਂਟ ਕਰਦੇ ਹੋਏ, ਨਾਲ ਖੜੇ ਹਨ ਸ. ਚਰਨਜੀਤ ਸਿੰਘ ਬਿਨਪਾਲਕੇ



ਪ੍ਰੋਫੈਸਰ ਲਾਲ ਸਿੰਘ ਜੀ ਪਿੰਡ ਖੇੜੀ ਸੰਗਰੂਰ ਵਿਖੇ ਸੰਤ ਤੋਤਾ ਮੱਲ ਦੇ ਘਰ, ਨਾਲ ਖੜੇ ਹਨ ਸ. ਚਰਨਜੀਤ ਸਿੰਘ ਬਿਨਪਾਲਕੇ

# ਅਫਸੋਸ ! ਜਿੰਦੜੀਏ ਸੱਜਣ ਜਾਈ ਜਾਂਦੇ ਨੇ

**ਖੋਜੀ ਵਿਦਵਾਨ ਪ੍ਰੋ: ਲਾਲ ਸਿੰਘ ਵੀ ਅਲਵਿਦਾ ਆਖ ਗਏ**
**8 ਖੋਜ ਕਿਤਾਬਾਂ ਦਾ ਖੋਜਾਰਥੀ ਸੀ**
**ਭੈਣ ਦੇ ਨਾਮ ਤੇ ਆਪਣੇ ਪੁੱਤਰ ਦਾ ਨਾਮ ਰੱਖਣ ਵਾਲਾ ਵੀਰ ਸੀ**

ਪੰਜਾਬੀ ਸਾਹਿਤ ਜਗਤ ਤੇ ਗੁਰੂ ਰਵਿਦਾਸ ਤੇ ਮਹਾਂਪੁਰਸ਼ ਦੇ ਜੀਵਨ ਮਿਸ਼ਨ ਤੇ ਇਤਿਹਾਸ ਦੇ ਖੋਜੀ ਪ੍ਰੋ: ਲਾਲ ਸਿੰਘ ਨੂੰ ਭਲਾ ਕੌਣ ਨਹੀਂ ਜਾਣਦਾ। 1988 ਵਿੱਚ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪੰਜਾਬੀ ਵਿਭਾਗ ਦੇ ਮੁਖੀ ਤੋਂ ਸੇਵਾ ਮੁਕਤ ਹੋਣ ਵਾਲੇ ਪ੍ਰੋ: ਲਾਲ ਸਿੰਘ 3 ਮਈ 2021 ਨੂੰ ਸਵੇਰੇ ਸਦਾ ਲਈ ਮੁਕਤ ਹੋ ਗਿਆ। ਚਾਹੁਣ ਵਾਲਿਆਂ ਤੇ ਪ੍ਰੀਵਾਰ ਤੇ ਸਮਾਜ ਨੂੰ ਅਲਵਿਦਾ ਆਖ ਗਿਆ।

ਪਿਤਾ ਸ਼ਾਮ ਸਿੰਘ ਤੇ ਮਾਤਾ ਹਰਨਾਮ ਕੌਰ ਦੇ ਘਰ, ਜਿਲ੍ਹਾ ਸੰਗਰੂਰ ਦੇ ਪਿੰਡ ਸੇਰਵਾਲੀ ਕੋਟ ਮਲੇਰਕੋਟਲਾ 'ਚ 5 ਜਨਵਰੀ ਨੂੰ ਲਾਲ ਸਿੰਘ ਬਾਲਕ ਨੇ ਪਹਿਲੀ ਵਾਰ ਅੱਖ ਪੱਟੀ, ਘਰ ਤੰਗੀਆਂ-ਤੁਰਸ਼ੀਆਂ ਹੋਣ ਦੇ ਬਾਵਜੂਦ ਇਹ ਕਹਿਣਾ ਕਿ ਬਾਪੂ ਮੈਂ ਪੜ੍ਹਨਾ ਹੈ, ਆਖਰ ਪੜ੍ਹਿਆ। ਪੰਜਾਬ ਦੇ ਵੱਖ-ਵੱਖ ਕਾਲਜਾਂ ਚ' ਪੜ੍ਹਾਉਣ ਉਪਰੰਤ ਖੁੱਲ੍ਹਕੇ ਲਿਖਣ ਦਾ ਕੰਮ ਹੱਥ ਵਿੱਚ ਲੈ ਲਿਆ ਤੇ ਜਿੰਦਗੀ ਦੇ ਆਖਰੀ ਸਾਹਾਂ ਤੱਕ ਪੜ੍ਹਨ-ਲਿਖਣ 'ਚ ਰੁਚੀ ਨਿਰੰਤਰ ਰੱਖੀ। ਜਿਸ ਦਾ ਖੋਜੀ ਵਿਦਿਆਰਥੀਆਂ, ਜਗਿਆਸੂ ਤੇ ਚੇਤਨ ਵਰਗ ਤੇ ਸਮਾਜ ਦੀ ਚੜ੍ਹਦੀ ਕਲਾ ਲਈ ਲਾਭ ਲਿਆ ਜਾ ਸਕਦਾ ਹੈ।

ਪ੍ਰੋ: ਸਾਹਿਬ ਇੱਕ ਇਮਾਨਦਾਰ, ਨਿਡਰ ਅਤੇ ਖੋਜੀ ਵਿਦਵਾਨ ਹੋਣ ਕਾਰਨ 8 ਪੁਸਤਕਾਂ ਲਿਖੀਆਂ, ਜੋ ਆਪਣੇ ਆਪ ਵਿੱਚ ਇਤਿਹਾਸ ਵਿਸ਼ਲੇਸ਼ਣ ਤੇ ਸਮਾਜ ਲਈ ਨਵੇਂ ਰਾਹ-ਰਸਤੇ ਛੱਡ ਗਏ। ਕੁਦਰਤੀ ਸੱਚਾਈ ਹੈ ਕਿ ਜੋ ਜੀਵ ਧਰਤੀ ਤੇ ਆਇਆ ਇੱਕ ਦਿਨ ਉਸਨੇ ਜਾਣਾ ਹੀ ਹੈ ਤੇ ਇਹ ਸਾਨੂੰ ਚਾਹੁੰਦੇ, ਨਾ ਚਾਹੁੰਦੇ ਹੋਏ ਕਬੂਲ ਕਰਨਾ ਹੀ ਪੈਣਾ ਹੈ। ਇਵੇਂ ਲਾਲ ਸਿੰਘ ਦੇ ਵਿਚਾਰ ਕਦੇ ਮਿਟ ਨਹੀਂ ਸਕਦੇ। ਉਹਨਾਂ ਦੀਆਂ ਲਿਖਤਾਂ ਤੇ ਭਾਸ਼ਣ ਹਮੇਸ਼ਾ ਸਾਡਾ ਮਾਰਗ ਦਰਸ਼ਨ ਕਰਦੇ ਰਹਿਣਗੇ। ਇਵੇਂ ਉਹਨਾਂ ਦੇ ਵਿਚਾਰ, ਸੋਚ ਹਮੇਸ਼ਾ ਜਿੰਦਾ ਰਹੇਗੀ। ਪ੍ਰੋ: ਲਾਲ ਸਿੰਘ ਮਰਿਆ ਨਹੀਂ, ਸਗੋਂ ਸਾਡੇ ਚੇਤਿਆਂ 'ਚ ਰਹੇਗਾ। ਉਹਨਾਂ ਦੀ ਖੋਜ ਸਾਡੀ ਖੋਜ ਕਰਨ ਵਾਲੀ ਜਾਂ ਜੋ ਖੋਜ ਕਰਨਗੇ, ਲਈ ਰਾਹ ਦਸੇਰਾ ਜਰੂਰ ਬਣਨਗੇ। ਖੋਜੀ ਵਿਦਿਆਰਥੀ, ਜਗਿਆਸੂ ਲੋਕ ਉਹਨਾਂ ਦੀਆਂ ਵਿਦਵਤਾ ਤੇ ਤਰਕ ਭਰਪੂਰ ਕਿਤਾਬਾਂ ਤੇ ਭਾਸ਼ਣਾ ਦੇ ਹਵਾਲੇ ਦਿਆ ਕਰਨਗੇ।

ਸਾਡੇ ਸੱਜਣ ਸਾਥੋਂ ਵਿਛੜ ਰਹੇ ਹਨ। ਡਰ,ਭੈਅ,ਸਹਿਮ ਦੇ ਮਹੌਲ ਤੋਂ ਸਾਰੇ ਗੁਜਰ ਰਹੇ ਹਨ। ਅਜੇ ਕੱਲ ਦੀ ਗੱਲ ਹੈ ਜਦੋਂ ਸਮਾਜ ਦੀ ਬਾਤ ਪਾਉਣ ਵਾਲਾ ਪ੍ਰੇਮ ਗੋਰਖੀ ਨੂੰ ਵੀ ਮੌਤ ਨੇ ਹਥਿਆ ਲਿਆ ਹੈ। ਅਜਿਹੇ ਸਮੇਂ ਤੇ ਹਲਾਤਾਂ ਤੇ ਪੰਜਾਬੀ ਦੇ ਇੱਕ ਪ੍ਰਸਿੱਧ ਲੇਖਕ ਬਾਰੇ ਇਹ ਲਿਖਣਾ ਕਿੰਨਾ ਸਾਰਥਕ ਲੱਗ ਰਿਹਾ ਹੈ, ਮੌਤ ਦੀ ਸੱਚੀ ਵਾਛੜ ਹੋ ਰਹੀ ਹੈ। ਬਾਹਰ ਮੂੰਹ ਕੱਢਣ ਤੋਂ ਡਰ ਲਗਦਾ ਹੈ, ਕੋਈ ਪਤਾ ਨਹੀਂ ਕਿਸ ਨੂੰ ਲਪੇਟ ਲਵੇ। ਢਿੱਡ 'ਚ ਮੁੱਕੀਆਂ ਦੇ ਰਹੇ ਹਨ। ਦਰਅਸਲ ਕਿੰਨੀਆਂ ਮਹੱਤਵਪੂਰਨ, ਸਮਾਜ ਲਈ ਪ੍ਰੇਰਨਾਦਾਇਕ ਸ਼ਖਸ਼ੀਅਤਾਂ ਦਾ ਅਲਵਿਦਾ ਕਹਿ ਜਾਣਾ ਦਿਲ ਦਿਮਾਗ ਤੇ ਚੋਭਾ ਮਾਰ ਰਹੀ ਹੈ। ਅਜਿਹੇ ਸਮੇਂ ਸੋਚਣਾ ਬਣਦਾ ਹੈ ਕਿ ਅਸੀਂ ਆਪਣੇ ਫਰਜ ਨਿਭਾ ਰਹੇ ਹੈਂ ਸ਼ਾਇਦ ਨਹੀਂ (ਗੁਸਤਾਖੀ ਮੁਆਫ)।

ਫਿਰ ਕੀ ਕਰਨਾ ਲੋੜੀਂਦਾ ਜ?? ਵਖਰੇਵਿਆਂ, ਸਮੱਸਿਆਵਾਂ ਦੇ ਬਾਵਜੂਦ ਸਮਾਜ ਤਰੱਕੀ ਦੀਆਂ ਮੰਜਿਲਾਂ ਨੂੰ ਛੂਹ ਰਿਹਾ ਹੈ। ਦੇਸ਼ ਵਿਦੇਸ਼ ਦੇ ਸਾਧਨ ਭਰਪੂਰ ਹਜਾਰਾਂ, ਲੱਖਾਂ ਲੋਕ ਹਨ ਜਿਹੜੇ ਲੇਖਕਾਂ, ਸਮਾਜ ਲਈ ਜੋ ਲਿਖਦੇ ਹਨ-ਮਾਨਵਤਾ ਦੀ ਭਲਾਈ ਲਈ ਜਿੰਦਗੀ ਮਹਾਂਪੁਰਸ਼ਾਂ ਦੀ ਮਾਨਵਵਾਦੀ ਵਿਚਾਰਧਾਰਾ ਤੇ ਲਾਉਣਾ ਚਾਹੁੰਦੇ ਹਨ ਜਾਂ ਕੰਮ ਕਰ ਰਹੇ ਹਨ, ਪਰ ਸਾਧਨਾਂ ਦੀ ਘਾਟ ਕਾਰਨ ਜਜਬਾਤ ਮਿੱਟੀ 'ਚ ਬਹੁਤੀ ਵਾਰ ਦੱਬ ਜਾਂਦੇ ਹਨ, ਜਿਵੇਂ ਲੋਕਤੰਤਰ ਵਿੱਚ ਸਰਕਾਰਾਂ ਤੇ ਦਬਾਓ ਬਣਾਉਣ ਲਈ ਦਬਾਓ ਸਮੂਹ ਹੋਣੇ ਲੋਕਤੰਤਰ ਦੀ ਮਜਬੂਤੀ ਮੰਨੇ ਜਾਂਦੇ ਹਨ, ਇਵੇਂ ਸਮਾਜ ਦਰ-ਦੀਆਂ ਲਈ ਅਜਿਹੇ ਵਿਚਾਰਾਂ ਦਾ ਅਦਾਨ-ਪ੍ਰਦਾਨ, ਮੇਲ-ਮਿਲਾਪ, ਵਾਰਤਾਲਾਪ ਤੇ ਸਮਾਗਮ ਹੋਣੇ ਸ਼ਾਇਦ ਪ੍ਰੋ: ਲਾਲ ਸਿੰਘ ਵਰਗੇ ਗਿਆਨਵਾਨ ਸਖਸ਼ੀਅਤ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਪੰਜਾਬੀ ਸੰਗੀਤ ਜਗਤ ਦੀ ਨਾਮਵਾਰ ਇੱਕ ਸ਼ਖਸ਼ੀਅਤ ਦੀਆਂ ਲਾਇਨਾਂ ਸਾਨੂੰ ਸਾਥੋਂ ਵਿਦਾ ਹੋਣ ਵਾਲੇ ਸੱਜਣ 'ਤੇ ਆਪਣੇ ਖੁਦ ਬਾਰੇ ਸੁਚੇਤ ਕਰਦੀਆਂ ਲਾਇਨਾਂ:

ਅਫਸੋਸ ! ਜਿੰਦੜੀਏ ਸੱਜਣ ਜਾਈ ਜਾਂਦੇ ਨੇ,
ਸੰਭਲ ਅਜੇ ਤੈਨੂੰ ਵੀ ਰਾਹ ਯਾਦ ਕਰਾਈ ਜਾਂਦੇ ਨੇ।
(ਜਰਨੈਲ ਘੁਮਾਣ)

ਜਿਵੇਂ ਬਾਬਾ ਸਾਹਿਬ ਆਪਣੇ ਬੇਟੇ ਰਾਜ ਰਤਨ ਨੂੰ ਬਹੁਤ ਪਿਆਰ ਕਰਦੇ ਸਨ ਉਹਨਾਂ ਦੀ ਮੌਤ ਤੇ ਉਹ ਫੁਟ-ਫੁਟ ਰੋਏ ਸਨ ਤੇ ਉਹ ਚਾਹੁੰਦੇ ਸਨ ਕਿ ਉਹਨਾਂ ਦਾ ਇਹ ਬੇਟਾ ਮੇਰੇ ਮਿਸ਼ਨ ਨੂੰ ਅੱਗੇ ਲਿਜਾਏਗਾ ਪਰ ਗਰੀਬੀ ਤੇ ਬਿਮਾਰੀ ਕਾਰਨ ਉਹ ਰਾਜ ਰਤਨ ਨੂੰ ਬਚਾ ਨਾ ਸਕੇ। ਜਿਸ ਕਰਕੇ ਪਰਿਵਾਰਕ ਮੈਂਬਰਾਂ ਨੇ ਇਕ ਹੋਰ ਬੱਚੇ ਦਾ ਨਾਮ ਰਾਜ ਰਤਨ ਅੰਬੇਡਕਰ ਰੱਖਕੇ ਮਿਸ਼ਨ ਦੇ ਕੰਮ ਵੱਲ ਪ੍ਰੇਰਿਤ ਕੀਤਾ ਹੋਇਆ ਹੈ। ਇਸੇ ਤਰ੍ਹਾਂ ਪ੍ਰੋ: ਲਾਲ ਸਿੰਘ ਆਪਣੀ ਭੈਣ ਗੁਰਕੀਰਤ ਕੌਰ (ਗੁੱਡੀ) ਨੂੰ ਅਸੀਮ ਦਰਜੇ ਤੱਕ ਪਿਆਰ ਕਰਦੇ ਸਨ। ਨੌਕਰੀ ਮਿਲਣ ਕਾਰਨ ਪ੍ਰੋ: ਸਾਹਿਬ ਘਰ ਨਾ ਆ ਸਕੇ ਤੇ ਸਾਹਾਂ 'ਚ ਸਾਹ ਲੈਂਦੀ ਭੈਣ ਬਿਮਾਰੀ ਕਾਰਨ ਵਿਛੋੜਾ ਦੇ ਗਈ ਸੀ। ਪ੍ਰੋ: ਲਾਲ ਸਿੰਘ ਨੇ ਆਪਣੀ ਮ੍ਰਿਤਕ ਭੈਣ ਦੀ ਯਾਦ ਨੂੰ ਸਦੀਵੀ ਬਣਾਉਂਦੇ ਹੋਏ ਆਪਣੇ ਬੇਟੇ ਦਾ ਨਾਮ ਹੀ ਗੁਰਕੀਰਤ ਰੱਖ ਲਿਆ। ਇਹ ਹੈ ਭਰਾ ਦਾ ਭੈਣ ਦੀ ਯਾਦ ਨੂੰ ਜੀਵਤ ਰੱਖਣਾ।



ਸੰਤੋਖ ਜੱਸੀ (ਸਰਪੰਚ)
98766-58364

ਆਓ ਪ੍ਰੋ: ਲਾਲ ਸਿੰਘ ਨੂੰ ਯਾਦ ਕਰਦਿਆਂ ਉਹਨਾਂ ਦੀਆਂ ਖੋਜ ਭਰਪੂਰ ਲਿਖਤਾਂ ਨੂੰ ਪੜ੍ਹੀਏ। ਉਹਨਾਂ ਦੀ ਜਿੰਦਗੀ ਤੋਂ ਸਬਕ ਲੈ ਕੇ ਆਪਣਾ ਆਪ ਆਤਮ ਮੰਥਨ ਕਰਨਾ, ਆਪਣੇ ਫਰਜਾਂ ਨੂੰ ਪਹਿਚਾਨਣਾ ਸਾਡੇ ਲਈ ਅਧੂਰਾ ਕੰਮ ਛੱਡ ਗਏ ਹਨ। ਪ੍ਰੋ: ਲਾਲ ਸਿੰਘ ਚਲੇ ਗਏ ਹਨ ਤੇ ਅਸਾਂ ਸਭ ਨੇ ਤੁਰ ਜਾਣਾ, ਸ਼ਰਧਾਂਜਲੀ ਦੇਣੀ ਬਣਦੀ ਹੈ। ਉਹਨਾਂ ਨਾਲ ਜੁੜੀਆਂ ਯਾਦਾਂ ਸੰਗੀ ਸਾਥੀ ਸਾਂਝੀਆਂ ਕਰਨਗੇ, ਪਰ ਸਮੁੱਚੇ ਸਿਸਟਮ ਦੀ ਪੁਣ-ਛਾਣ ਹੋਣੀ ਸਮੇਂ ਦੀ ਅਹਿਮ ਲੋੜ ਹੈ। ਸਮਾਜ ਦੀ ਹਜਾਰਾ ਸਾਲਾਂ ਤੋਂ ਵਿਗੜੀ ਰਾਜਨੀਤਕ ਸੱਤਾ ਤੋਂ ਬਿਨਾਂ ਸੁਧਰਨੀ ਨਹੀਂ। ਆਪਣੀ ਵਖਰੇਵਿਆਂ ਦੀ ਥਾਂ ਸਿਰ ਜੋੜਕੇ ਬੈਠਣ ਦੀ ਲੋੜ ਹੈ। ਸਾਡੀ ਸੱਚੀ ਸ਼ਰਧਾਂਜਲੀ ਇਹੀ ਹੋਣੀ ਚਾਹੀਦੀ ਹੈ ਕਿ ਸਮਾਜ ਨੂੰ ਏਕਤਾ ਦੀ ਲੜੀ 'ਚ ਪਰੋਈਏ। ਸਾਨੂੰ ਖੁੱਲ੍ਹੀਆਂ ਅੱਖਾਂ ਤੋਂ ਰੌਸ਼ਨ ਦਿਮਾਗ ਨਾਲ ਦੇਖ ਸੁਣ ਤੇ ਪਰਖ ਕੇ ਮਹਾਂਪੁਰਸ਼ਾਂ ਦੇ ਵਚਨਾਂ, ਬਾਣੀ ਤੇ ਪਹਿਰਾ ਦੇਣ ਦੀ ਲੋੜ ਹੈ। ਅੰਤ ਵਿੱਚ ਇਨਕਲਾਬੀ ਬਜੁਰਗ ਕਵੀ ਗੁਰਦਾਸ ਰਾਮ ਆਲਮ ਦੀਆਂ ਲਾਇਨਾਂ ਸਾਂਝੀਆਂ ਕਰਨੀਆਂ ਬਣਦੀਆਂ ਹਨ:

ਸਾਡੇ ਮਗਰੋਂ ਦਰਸ਼ਕ ਮੇਲੇ ਦੇ, ਸਾਨੂੰ ਚੇਤੇ ਕਰਕੇ ਰੋਣਗੇ।
'ਆਲਮ ਨੂੰ ਪਹੁੰਚਾਵਣ ਲਈ ਜੇ ਆਪ ਤਸੀਹੇ ਸਹਿ ਚਲੀਏ।
ਅਸੀਂ ਮੇਲਾ ਵੇਖਣ ਆਏ ਹਾਂ, ਕੋਈ ਚੀਜ ਅਨੋਖੀ ਲੈ ਚੱਲੀਏ।

# ਦਲਿਤਾਂ ਦਾ ਫਲਸਫਾ ਕੀ ਹੋਵੇ?

ਪਰਮਵੀਰ (ਆਈ. ਏ. ਐਸ.) ਅਨੁਵਾਦ- ਸੰਤੋਸ਼ ਚੁੰਬਰ

ਸਮੱਸਿਆ ਦੇ ਅਨੁਸਾਰ ਹੀ ਕੋਈ ਹੱਲ ਨਿਕਲ ਸਕਦਾ ਹੈ। ਸਮੱਸਿਆ ਨੂੰ ਜਾਣੇ ਬਗੈਰ ਹੱਲ ਦੇਣਾ ਇਕਦਮ ਗਲਤ ਹੋ ਸਕਦਾ ਹੈ। ਸਮੱਸਿਆ ਨੂੰ ਸਹੀ ਤਰ੍ਹਾ ਨਾਲ (ਜਾਣੇ ਬਗੈਰ) ਗਲਤ ਹੱਲ ਪੇਸ਼ ਕਰ ਦਿੱਤੇ ਜਾਂਦੇ ਹਨ। ਫਿਰ ਸਮੱਸਿਆ ਨੂੰ ਸਤਹੀ ਤੌਰ 'ਤੇ ਜਾਣ ਲੈਣ ਤੋਂ ਬਾਅਦ ਕਈ ਗਲਤੀਆਂ ਨਿਕਲ ਸਕਦੀਆਂ ਹਨ। ਇਸ ਲਈ ਕਿਸੇ ਸਮੱਸਿਆ ਨੂੰ ਚੰਗੀ ਤਰ੍ਹਾਂ ਗੰਭੀਰਤਾ ਨਾਲ ਜਾਣ ਲੈਣਾ ਚਾਹੀਦਾ ਹੈ।

ਦਲਿਤਾਂ ਦੀ ਸਮੱਸਿਆ ਕੀ ਹੈ? ਇਸ ਸਮੱਸਿਆ ਨੂੰ ਕਈ ਤਰ੍ਹਾਂ ਦੇ ਨਾਂ ਦਿੱਤੇ ਜਾ ਸਕਦੇ ਹਨ, ਪਰ ਕੁੱਲ ਮਿਲਾ ਕੇ ਇਹ ਮਨੁੱਖ ਦੇ ਅਪਮਾਨ ਅਤੇ ਉਸਦੀ ਹੋਂਦ ਨੂੰ ਨਕਾਰਨ ਦੀ ਸਮੱਸਿਆ ਹੈ। ਇਹ ਅਪਮਾਨ ਘੁਟਨ ਅਤੇ ਦਾਸਤਾਂ ਦੇ ਰਸਤੇ ਮਨੁੱਖ ਦੀ ਮੌਤ ਹੈ। ਜਦੋਂ ਕੋਈ ਵਿਅਕਤੀ ਅਛੂਤ ਕਿਹਾ ਜਾਂਦਾ ਹੈ, ਤਦ ਅਸਲ ਵਿਚ ਉਸਨੂੰ ਮਨੁੱਖ ਨਹੀਂ ਮੰਨਿਆ ਜਾਂਦਾ। ਸ਼ੂਰਦਤਾ ਦਾ ਨਜ਼ਰੀਆ ਮਨੁੱਖ ਵਿਰੋਧੀ ਨਜ਼ਰੀਆ ਹੈ। ਮਨੁੱਖ ਦੀ ਇਸ ਪ੍ਰਤਿਸ਼ਠਤਾ ਦੀ ਰੱਖਿਆ ਦਾ ਵਿਵਹਾਰਕ ਪਹਿਲੂ ਦੇਖਿਆ ਜਾਵੇ ਕਿ ਦਲਿਤ ਦੇ ਕੋਲ ਕੀ ਨਹੀਂ ਹੈ। ਉਤਰ ਵਿਚ ਕਿਹਾ ਜਾ ਸਕਦਾ ਹੈ ਕਿ ਕੁਝ ਚੀਜ਼ਾਂ ਹਨ, ਜਿਹੜੀਆਂ ਉਸਦੇ ਕੋਲ ਨਹੀਂ ਹਨ। ਉਸਦੇ ਕੋਲ ਲਿਖਤ ਗਿਆਨ ਅਤੇ ਧਰਮ ਫਲਸਫਾ ਨਹੀਂ ਹੈ, ਉਸਦੇ ਕੋਲ ਸ਼ਸਤਰ ਅਤੇ ਸੱਤਾ ਨਹੀਂ ਹੈ। ਉਸਦੇ ਕੋਲ ਧਨ ਅਤੇ ਧਨ ਦੀ ਸ਼ਾਖ ਨਹੀਂ ਹੈ। ਉਸਦੇ ਨਾਲ ਲੜਨ ਵਾਲਿਆਂ ਨੇ ਉਸਨੂੰ ਨਿਹੱਥਾ ਕਰ ਦਿੱਤਾ ਹੈ। ਉਸਦੇ ਵਿਰੋਧੀਆਂ ਨੇ ਉਸਦੀਆਂ ਇਹ ਸਾਰੀਆਂ ਚੀਜ਼ਾਂ ਆਪਸ ਵਿਚ ਸਮਝੌਤਾ ਕਰਕੇ ਵੰਡ ਲਈਆਂ ਹਨ। ਉਹ ਸ਼ਾਸਤਰ ਹੀਣ ਅਤੇ ਧਨ ਤੋਂ ਵਿਰਵਾ ਹੋ ਗਿਆ ਹੈ। ਇਸ ਤਰ੍ਹਾਂ ਦੇ ਵਰਗ ਦੇ ਗੁਲਾਮ ਬਣਨ ਵਿਚ ਕੋਈ ਕਮੀ ਨਹੀਂ ਰਹਿ ਜਾਂਦੀ। ਅਸਲ ਵਿਚ ਦਲਿਤ ਵਰਗ ਹਿੰਦੂ ਧਰਮ ਦਾ ਗੁਲਾਮ ਵਰਗ ਹੈ।

ਦਲਿਤ ਵਰਗ ਨੂੰ ਹਿੰਦੂ ਧਰਮ ਦੀ ਇਸ ਗੁਲਾਮੀ ਤੋਂ ਮੁਕਤੀ ਪਾਉਣੀ ਹੈ। ਇਹ ਫਿਲਾਸਫੀ ਸਮੱਸਿਆ ਹੈ ਅਤੇ ਇਸੀ ਦਾ ਹੱਲ ਖੋਜਣਾ ਹੈ। ਦਲਿਤਾਂ ਦਾ ਫਲਸਫਾ ਇਹ ਹੋਣਾ ਚਾਹੀਦਾ ਹੈ ਕਿ ਜੋ ਉਹਨਾਂ ਨੂੰ ਇਸ ਗੁਲਾਮੀ ਤੋਂ ਪੱਕੀ ਤਰ੍ਹਾਂ ਮੁਕਤ ਕਰ ਦੇਵੇ। ਕੁਝ ਛੋਟੇ-ਮੋਟੇ ਹੱਲ ਵੀ ਹੋ ਸਕਦ ਹਨ, ਪਰ ਦਲਿਤ ਵਰਗ ਨੂੰ ਆਰ-ਪਾਰ ਹੀ ਦੇਖਣਾ ਹੈ। ਉਸਦਾ ਹਿੱਤ ਪੂਰਨ ਪ੍ਰਾਪਤੀ ਵਿਚ ਹੈ। ਉਹ ਅਸਲ ਜ਼ਿੰਦਗੀ ਨਾਲੋਂ ਵੱਖ ਰਹਿ ਕੇ ਕਲਪਨਾ ਦੇ ਤਰਕ ਸਹਾਰੇ ਜਿਊਣਾ ਨਹੀਂ ਚਾਹੁੰਦਾ।

ਦਲਿਤਾਂ ਦੀ ਸਮੱਸਿਆ ਇਹ ਹੈ ਕਿ ਹਿੰਦੂਆਂ ਨੇ ਇਨ੍ਹਾਂ ਨੂੰ ਅਲੱਗ ਕਰਕੇ ਰੱਖਿਆ ਹੈ, ਪਰ ਸਮਾਂ ਆਉਣ 'ਤੇ ਉਹ ਇਨ੍ਹਾਂ ਨੂੰ ਅਲੱਗ ਨਹੀਂ ਹੋਣ ਦੇਣਾ ਚਾਹੁੰਦੇ। ਸਵਾਲ ਇਨ੍ਹਾਂ ਦੀ ਪਹਿਚਾਣ ਗੁਆਚਣ ਦਾ ਹੈ। ਹਿੰਦੂ ਇਨ੍ਹਾਂ ਨੂੰ ਆਪਣੇ ਸ਼ਾਸਤਰ ਨਹੀਂ ਪੜ੍ਹਨ ਦਿੰਦੇ ਤਾਂ ਉਹ ਇਨ੍ਹਾਂ ਨੂੰ ਆਪਣੇ ਮੰਦਰ ਵਿਚ ਜਾਣ ਦਿੰਦੇ ਹਨ, ਤੇ ਨਾ ਹੀ ਉਹ ਇਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਰੱਖਦੇ ਹਨ। ਉਹਨਾਂ ਨੇ ਆਰਥਿਕ ਪੱਖ 'ਤੇ ਇਨ੍ਹਾਂ ਨੂੰ ਤੋੜ ਕੇ ਰੱਖਿਆ ਹੈ ਅਤੇ ਹਿੰਦੂ ਸਿੱਖਿਆ ਦੇ ਖੇਤਰ ਤੋਂ ਛੇਕ ਕੇ ਰੱਖਿਆ ਹੈ। ਹਿੰਦੂ ਗ੍ਰੰਥਾਂ ਅਨੁਸਾਰ ਦਲਿਤਾਂ ਦਾ ਜਨਤਾ ਵਿਚ ਕੋਈ ਹਿੱਸਾ ਨਹੀਂ ਹੈ ਅਤੇ ਸ਼ਾਸਨ ਵਿਚ ਇਨ੍ਹਾਂ ਦਾ ਕੋਈ ਦਖਲ ਨਹੀਂ ਹੈ। ਇਹ ਕੇਵਲ ਸੇਵਕ ਦੇ ਰੂਪ ਵਿਚ ਹਨ, ਜਿਨ੍ਹਾ ਨੂੰ ਦਾਸ ਕਿਹਾ ਜਾਣਾ ਚਾਹੀਦਾ ਹੈ।

ਇਸ ਤਰ੍ਹਾਂ ਦੀ ਹਾਲਤ ਵਿਚ ਦਲਿਤਾਂ ਦੀ ਸਮੱਸਿਆ ਦੂਹਰੀ ਹੋ ਜਾਂਦੀ ਹੈ। ਪਹਿਲੇ ਬਦਲ ਵਿਚ ਉਹ ਚਾਹੁੰਦੇ ਹਨ ਕਿ ਹਿੰਦੂ ਉਨ੍ਹਾਂ ਨੂੰ ਆਦਰ ਨਾਲ ਸਵੀਕਾਰ ਕਰਨ।ਹਰ ਦਲਿਤ ਚਿੰਤਕ ਆਪਣੇ ਚਿੰਤਨ ਦੇ ਸ਼ੁਰੂਆਤੀ ਦੌਰ ਵਿਚ ਇਹ ਹੀ ਚਾਹੁੰਦਾ ਹੈ। ਯਾਦ ਰਹੇ ਕਿ ਸ਼ੁਰੂ ਵਿਚ ਖੁਦ ਬਾਬਾ ਸਾਹਿਬ ਅੰਬੇਦਕਰ ਨੇ ਵੀ ਹਿੰਦੂਆਂ ਦੇ ਰਾਮ ਮੰਦਰ ਵਿਚ ਦਾਖਲ ਹੋਣ ਲਈ ਬਹੁਤ ਲੰਮਾ ਸੰਘਰਸ਼ ਕੀਤਾ ਪਰ ਇਹ ਸੰਭਵ ਨਹੀਂ ਹੋ ਸਕਿਆ। ਇਸ ਅਨੁਭਵ ਦੇ ਬਾਅਦ ਦੂਜੇ ਬਦਲ ਵਿਚ ਉਹ ਇਹ ਚਾਹੁੰਦੇ ਹਨ ਕਿ ਇਹਨਾਂ ਨੂੰ ਹਿੰਦੂਆਂ ਤੋਂ ਵੱਖਰਾ ਵਰਗ ਮੰਨ ਲਿਆ ਜਾਵੇ। ਪ੍ਰੰਤੂ ਹਿੰਦੂ ਇਸ ਦੂਜੇ ਬਦਲ ਨੂੰ ਵੀ ਸੰਭਵ ਨਹੀਂ ਹੋਣ ਦਿੰਦੇ। ਹਿੰਦੂਆਂ ਦੇ ਦਿਮਾਗ ਵਿਚ ਇਹ ਹੀ ਧੌਂਸ ਹੈ ਕਿ ਦਲਿਤਾਂ ਨੂੰ ਨਾਂ ਨਾਲ ਰਹਿਣ ਦਿੱਤਾ ਜਾਏਗਾ ਤੇ ਨਾ ਹੀ ਉਹਨਾਂ ਨੂੰ ਆਪਣੇ ਤੋਂ ਵੱਖ ਕੀਤਾ ਜਾਵੇਗਾ। ਦਲਿਤਾਂ ਨੂੰ ਗੁਲਾਮ ਬਣਾਉਣ ਲਈ ਅਸਲੀ ਪਰਿਭਾਸ਼ਾ ਇਹ ਹੀ ਹੈ ਕਿ ਦਲਿਤ ਵਰਗ ਹਿੰਦੂ ਸਮਾਜ ਦਾ ਆਜ਼ਾਦ ਵਰਗ ਨਹੀਂ ਹੈ। ਇਹ ਆਪਣੇ ਫੈਸਲੇ ਆਪ ਨਹੀਂ ਲੈ ਸਕਦਾ। ਇਸ ਨੂੰ ਆਪਣੇ ਹਿੱਤ ਵਿਚ ਸੋਚਣ ਦੀ ਮਨਾਹੀ ਹੈ। ਅਸਲ ਵਿਚ ਦਲਿਤ ਲੋਕ ਹਿੰਦੂ ਸੰਸਕ੍ਰਿਤੀ ਦੇ ਮਜ਼ਦੂਰ ਬਣ ਕੇ ਰਹੇ ਹਨ। ਆਖਰ ਗਾਂਧੀ ਜੀ ਦੀ ਇਸ ਘੋਸ਼ਣਾ ਦਾ ਕੁਝ ਅਰਥ ਹੈ ਜਦੋਂ ਉਹ ਕਹਿੰਦੇ ਹਨ, ''ਮੈਂ ਹਿੰਦੂਆਂ ਤੋਂ ਅਛੂਤ ਨੂੰ ਅਲੱਗ ਕੀਤੇ ਜਾਣ ਦੇ ਵਿਰੁੱਧ ਹਾਂ।'' ਗਾਂਧੀ ਜੀ ਨੇ ਕਿਹਾ ਸੀ, ''ਮੈਨੂੰ ਪ੍ਰੇਸ਼ਾਨੀ ਨਹੀਂ ਹੋਵੇਗੀ ਜੇਕਰ ਲੋਕ ਇਸਲਾਮ ਜਾਂ ਈਸਾਈ ਧਰਮਾਂ ਤਹਿਤ ਹੋ ਜਾਂਦੇ ਹਨ। ਮੈਂ ਉਸਨੂੰ ਸਹਿਣ ਕਰ ਲਵਾਂਗਾ। ਪਰ ਮੈਂ ਇਹ ਸਹਿਣ ਨਹੀਂ ਕਰ ਸਕਾਂਗਾ ਕਿ ਹਿੰਦੂ ਧਰਮ ਨੂੰ ਖਤਰਾ ਬਣਾਉਂਦੇ ਹੋਏ ਪਿੰਡਾਂ ਵਿਚ ਹਿੰਦੂਆਂ ਦੇ ਦੋ ਭਾਗ ਬਣ ਜਾਣ।

ਗਾਂਧੀ ਜੀ ਦੀ ਗੱਲ ਰੋਕ ਕੇ ਕਿਉਂਕਿ ਗਾਂਧੀ ਜੀ ਇਕ ਹਿੰਦੂ ਸੀ। ਦਲਿਤਾਂ ਦੀ ਨਜ਼ਰ ਨਾਲ ਦੇਖਿਆ ਜਾਏ ਕਿ ਦਲਿਤ ਹਿੰਦੂਆਂ ਤੋਂ ਕਿਹੜੀ ਗੱਲੋਂ ਵੱਖ ਹਨ। ਕੀ ਇਹ ਉਹਨਾਂ ਤੋਂ ਨਸਲ ਵਿਚੋਂ ਭਿੰਨ ਹਨ ਜਾਂ ਇਹ ਉਹਨਾਂ ਤੋਂ ਧਰਮ ਵਿਚ ਭਿੰਨ ਹਨ? ਨਸਲ ਵਿਚੋਂ ਇਹ ਹਿੰਦੂਆਂ ਤੋਂ ਭਿੰਨ ਇਸ ਲਈ ਨਹੀਂ ਕਹੇ ਜਾ ਸਕਦੇ ਕਿਉਂਕਿ ਦਾਸਾਂ ਦੀ ਕੋਈ ਸ਼ੁੱਧ ਨਸਲ ਨਹੀਂ ਹੁੰਦੀ। ਹਰ ਜੇਤੂ ਜਾਤੀ ਉਹਨਾਂ ਦੀਆਂ ਔਰਤਾਂ ਤੋਂ ਨਜਾਇਜ਼ ਬੱਚੇ ਪੈਦਾ ਕਰਦੀਆਂ ਹਨ। ਉਸ ਔਲਾਦ ਨੂੰ ਘੋਗਲੇ ਇੰਡੀਅਨ ਦੇ ਰੂਪ ਵਿਚ ਸਵੀਕਾਰ ਕੀਤਾ ਜਾਵੇ ਜਾਂ ਨਾ ਕੀਤਾ ਜਾਵੇ, ਪਰ ਹਿੰਦੂਆਂ ਦਾ ਪੁਰਾਣਾ ਸਾਹਿਤ ਵਰਣ ਵਿਵਸਥਾ ਦੀ ਸਮੱਸਿਆ ਤੋਂ ਪੀੜਤ ਹੈ। ਉਹ ਵਰਣ ਵਰਗ ਉਹ ਹਨ, ਜਿਹੜੇ ਜਾਹਿਜ਼ ਹਨ, ਜਿਹਨਾਂ ਨੂੰ ਮਾਨਤਾ ਮਿਲਦੀ ਹੈ। ਜਿਹੜੇ ਅਨੁਲੋਮ ਅਤੇ ਪ੍ਰਤੀਲੋਮ ਕਹੇ ਗਏ ਹਨ। ਪਰ ਵੱਡੀ ਸੰਖਿਆ ਵਿਚ ਇਸ ਤਰ੍ਹਾਂ ਦੀਆਂ ਔਲਾਦਾਂ ਨਜਾਇਜ਼ ਵੀ ਰਹੀਆਂ ਹਨ। ਇਸ ਨਜ਼ਰ ਤੋਂ ਅੱਜ ਦੇ ਦਲਿਤਾਂ ਵਿਚ ਭਾਰਤ ਵਿਚ ਆਉਣ ਵਾਲੀਆਂ ਸੰਸਾਰ ਦੀਆਂ ਸਾਰੀਆਂ ਜਾਤੀਆਂ ਦਾ ਖੂਨ ਹੋਣਾ ਚਾਹੀਦਾ ਹੈ। ਅਸਲ ਵਿਚ ਦਲਿਤ ਹਿੰਦੂਆਂ ਦੇ ਧਰਮ ਦੇ ਰੂਪ ਵਿਚ ਹੀ ਭਿੰਨ ਹਨ। ਧਰਮ ਦੀ ਭਿੰਨਤਾ ਵਿਚ ਹੀ ਸਮਾਜ ਦੀ ਭਿੰਨਤਾ ਵੀ ਸਮਾ ਜਾਂਦੀ ਹੈ। ਦਲਿਤਾਂ ਦਾ ਧਰਮ ਕੀ ਹੈ ਅਤੇ ਦਲਿਤਾਂ ਦਾ ਫਲਸਫਾ ਕੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਤੋਂ ਇਹ ਗੱਲ ਸਮਝ ਵਿਚ ਆ ਸਕੇਗੀ ਕਿ ਦਲਿਤਾਂ ਦਾ ਅਗਲਾ ਰਸਤਾ ਕੀ ਹੋਵੇਗਾ?

ਭਾਰਤੀ ਸਮਾਜ ਦੇ ਸੰਦਰਭ ਵਿਚ ਇਹ ਕੋਈ ਜੁਆਬ ਨਹੀਂ ਹੈ ਕਿ ਦਲਿਤਾਂ ਦਾ ਧਰਮ ਹਿੰਦੂ ਧਰਮ ਹੈ। ਇਸ ਨਾਲ ਹਿੰਦੂ ਧਰਮ ਦੀ ਪਰਿਭਾਸ਼ਾ ਦਾ ਕੋਈ ਲਾਭ ਨਹੀਂ ਹੈ। ਦਲਿਤ ਹਿੰਦੂ ਦੇ ਕਿਸੇ ਵੀ ਧਰਮ ਗ੍ਰੰਥ ਨੂੰ ਆਪਣਾ ਧਰਮ ਗ੍ਰੰਥ ਨਹੀਂ ਮੰਨਦੇ। ਵੇਦਾਂ ਨੂੰ ਜਾਂ ਗੀਤਾ ਨੂੰ ਦਲਿਤਾਂ ਦਾ ਧਰਮ ਗ੍ਰੰਥ ਦੱਸਣ ਵਿਚ ਦਲਿਤਾਂ ਦਾ ਧਾਰਮਿਕ ਅਪਮਾਨ ਹੁੰਦਾ ਹੈ। ਸਿਮਰਤੀਆਂ ਅਤੇ ਪੁਰਾਣਾਂ ਤੋਂ ਉਹਨਾਂ ਨੂੰ ਸੰਤੁਸ਼ਟ ਕਰਨਾ ਉਹਨਾਂ ਦਾ ਮਜ਼ਾਕ ਉਡਾਉਣ ਦੇ ਬਰਾਬਰ ਹੈ। ਇਸ ਤਰ੍ਹਾਂ ਹੀ ਉਪਨਿਸ਼ਦ ਉਹਨਾਂ ਦੇ ਹਿਤੈਸ਼ੀਆਂ ਦੀਆਂ ਰਚਨਾਵਾਂ ਨਹੀਂ ਹਨ। ਸਹੀ ਸ਼ਬਦਾਂ ਵਿਚ ਇਨ੍ਹਾਂ ਵਿਚੋਂ ਕੋਈ ਵੀ ਗ੍ਰੰਥ ਉਹਨਾਂ ਦਾ ਆਪਣਾ ਨਹੀਂ ਹੈ। ਫਿਰ ਸਿੱਖ ਧਰਮ ਵਿਚ ਅਤੇ ਬੁੱਧ ਧਰਮ ਵਿਚ ਦਲਿਤ ਵਰਗ ਦੀ ਹੋਂਦ ਨੂੰ ਸਵੀਕਾਰ ਕਰ ਲਿਆ ਗਿਆ ਹੈ। ਪਿਛੜੇ ਵਰਗ ਦੇ ਰੂਪ ਵਿਚ ਦਲਿਤਾਂ ਦੀ ਪਛਾਣ ਮੁਸਲਮਾਨਾਂ ਅਤੇ ਈਸਾਈਆਂ ਤੱਕ ਵਿਚ ਕਰ ਲਈ ਗਈ ਹੈ। ਇਸ ਤਰ੍ਹਾਂ ਹੀ ਜਨਜਾਤੀਆਂ ਨੂੰ ਧਰਮ ਦੇ ਕਿਸੇ ਇਕ ਬਾੜੇ ਵਿਚ ਨਹੀਂ ਰੋਕਿਆ ਗਿਆ। ਅਸਲ ਵਿਚ ਭਾਰਤ ਦਾ ਦਲਿਤ ਵਰਗ ਧਰਮਾਂ ਦੇ ਅਜਾਇਸ਼ ਘਰ ਵਿਚ ਖੜ੍ਹਾ ਹੈ, ਜਿੱਥੇ ਉਸ ਦਾ ਆਪਣਾ ਕੁਝ ਵੀ ਨਹੀਂ ਹੈ।

ਦਲਿਤਾਂ ਨੂੰ ਹਿੰਦੂ ਕਹਿਣ 'ਤੇ ਤਾਂ ਕੰਮ ਉਸ ਤਰ੍ਹਾਂ ਵੀ ਨਹੀਂ ਚੱਲਦਾ ਕਿਉਂਕਿ ਹਿੰਦੂ ਇਕ ਨਵਾਂ ਸ਼ਬਦ ਹੈ। ਇਹ ਇਕ ਖਾਸ ਕਾਲਖੰਡ ਵਿਚ ਸ਼ਬਦਕੋਸ਼ ਵਿਚ ਆਇਆ ਹੋਇਆ ਸ਼ਬਦ ਹੈ। ਦਲਿਤਾਂ ਦਾ ਧਾਰਮਿਕ ਇਤਿਹਾਸ ਇਸ ਸ਼ਬਦ ਦੇ ਬਹੁਤ ਪਹਿਲੇ ਦਾ ਹੈ, ਜਦੋਂ ਇਸ ਦੇਸ਼ ਵਿਚ ਇਹ ਸ਼ਬਦ ਨਹੀਂ ਸੀ। ਤਦ ਵੀ ਦਲਿਤ ਲੋਕ ਬਿਨਾਂ ਧਰਮ ਤੋਂ ਨਹੀਂ ਸਨ। ਦਲਿਤਾਂ ਨੂੰ ਹਿੰਦੂ ਧਰਮ ਨੇ ਘਾਰਮਿਕ ਨਹੀਂ ਬਣਾਇਆ। ਉਲਟਾ ਵਿਰੋਧੀਆਂ ਨੇ ਉਹਨਾਂ ਤੋਂ ਉਹਨਾਂ ਦਾ ਧਰਮ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।

ਦਲਿਤਾਂ ਦਾ ਆਪਣਾ ਧਰਮ ਵੱਖ ਹੀ ਹੈ। ਇਹ ਉਨ੍ਹਾਂ ਦੀ ਆਪਣੀ ਪਰੰਪਰਾ ਦਾ ਧਰਮ ਹੈ। ਉਹ ਧਰਮ ਦੇ ਰੂਪ ਵਿਚ ਬਹੁਤ ਕੁਝ ਅਤੇ ਬਹੁਤ ਦੇਰ ਤੋਂ ਮੰਨਦੇ ਆ ਰਹੇ ਹਨ। ਉਹਨਾਂ ਦੇ ਧਰਮ ਦਾ ਆਦਿ ਰੂਪ ਵੀ ਸੀ ਅਤੇ ਉਹ ਵਿਕਸਤ ਵੀ ਹੋਇਆ ਸੀ। ਕਦੋਂ-ਕਦੋਂ ਉਹ ਸੰਘਰਸ਼ਾਂ ਵਿਚ ਦੂਜਿਆਂ ਤੋਂ ਪ੍ਰਭਾਵਿਤ ਹੋ ਕੇ ਚੱਲਿਆ ਹੈ ਤੇ ਕਦੀ-ਕਦੀ ਉਸਦੀ ਆਪਣੀ ਧਾਰਾ ਹੀ ਬਹੁਤ ਪਵਿੱਤਰ ਹੋਈ ਹੈ। ਸੰਸਾਰ ਦੇ ਕਈ ਦੂਸਰੇ ਪੈਰੋਕਾਰਾਂ ਦੀ ਤਰ੍ਹਾਂ ਉਹ ਇਕ ਸਮਾਂ ਜਾਦੂ ਟੂਣੇ ਵਿਚ ਵਿਸ਼ਵਾਸ ਕਰਦਾ ਰਿਹਾ ਹੈ ਪਰ ਵਿਕਸਤ ਰੂਪ ਵਿਚ ਉਸਦੇ ਧਰਮ ਦੀ ਨਿਰਮਲ ਕਾਵਿਧਾਰਾ ਦਲਿਤ ਸੰਤਾਂ ਦੇ ਨਿਰਗੁਣ ਗਾਇਕ ਬਣਨ ਵਿਚ ਪ੍ਰਵਾਹਿਤ ਹੋਈ ਹੈ। ਉਤਰੀ ਭਾਰਤ ਵਿਚ ਇਕ ਤਾਰੇ ਵਿਚ ਗਦਗਦ ਕਰਦੀ ਹੋਈ ਬਰਸੀ ਰਵਿਦਾਸ ਦੀ ਪਵਿੱਤਰਤਾ ਅਤੇ ਕਬੀਰ ਦੀ ਸ਼ਕਤੀ ਉਸਦੇ ਧਾਰਮਿਕ ਦਿਲ ਨੂੰ ਹਮੇਸ਼ਾ ਮੋਂਹਦੀ ਰਹਿੰਦੀ ਸੀ।

## ਦਲਿਤਾਂ ਦਾ ਦਰਸ਼ਨ ਕੀ ਹੋਵੇ?

ਕੋਸ਼ਿਸ਼ ਇਹ ਦੱਸਣ ਦੀ ਕੀਤੀ ਜਾਂਦੀ ਹੈ ਕਿ ਜਿਸ ਤਰ੍ਹਾਂ ਇਨ੍ਹਾਂ ਦਾ ਆਪਣਾ ਕੋਈ ਫਲਸਫਾ ਹੀ ਨਾ ਹੋਵੇ। ਅਸਲ ਵਿਚ ਇਹਨਾਂ ਦਾ ਫਲਸਫਾ ਲੋਕਧਾਰਾ ਦਾ ਸੀ ਪਰ ਉਹ ਸਰਸਵਤੀ ਜੀ ਜਲਧਾਰਾ ਦੀ ਤਰ੍ਹਾਂ ਇਤਿਹਾਸ ਦੇ ਮਾਰੂਥਲ ਵਿਚ ਸੁਕਾ ਦਿੱਤਾ ਗਿਆ ਹੈ।

ਉਸਨੂੰ ਪੂਰੇ ਰੂਪ ਵਿਚ ਵਿਕਸਿਤ ਨਹੀਂ ਹੋਣ ਦਿੱਤਾ ਗਿਆ ਹੈ। ਵਿਰੋਧੀਆਂ ਦੁਆਰਾ ਉਸ ਦੇ ਆਦਿ ਰੂਪ ਨੂੰ ਹੀ ਬੁਰਾ ਭਲਾ ਕਹਿ ਦਿੱਤਾ ਜਾਂਦਾ ਹੈ। ਖੁਦ ਵਿਰੋਧੀ ਲੋਕਾਂ ਵੇਦਾਂ ਦੇ ਦੇਵਤਾਵਾਦ ਤੋਂ ਵੇਦਾਂਤ ਦੇ ਇਕ ਈਸ਼ਵਰਵਾਦ ਤੱਕ ਪਹੁੰਚ ਗਏ ਹਨ। ਪ੍ਰੰਤੂ ਦਲਿਤਾਂ ਨੂੰ ਉਨ੍ਹਾਂ ਦੇ ਲੋਕਾਇਤ ਵਿਚ ਪਰਮਾਤਮਾ ਨੂੰ ਸ਼ਾਮਲ ਨਹੀਂ ਕੀਤਾ ਗਿਆ। ਹਿੰਦੂਆਂ ਨੇ ਆਪਣੇ ਦਵਿਗਦਰਸ਼ਨ ਖੜ੍ਹੇ ਕਰ ਲਏ। ਪ੍ਰੰਤੂ ਲੋਕਾਇਤ ਨੂੰ ਅਣਈਸ਼ਵਰਵਾਦ ਅਤੇ ਈਸ਼ਵਰਵਾਦ ਦੋ ਧਾਰਾਵਾਂ ਵਿਚ ਵੀ ਵਹਿਣ ਨਹੀਂ ਦਿੱਤਾ ਗਿਆ। ਉਸ ਨੂੰ ਅਣਈਸ਼ਵਰਵਾਦ ਤੱਕ ਸੀਮਤ ਕਰ ਦਿੱਤਾ ਗਿਆ। ਇਸ ਅਣਈਸ਼ਵਰਵਾਦ ਨੂੰ ਵੀ ਅੱਗੇ ਨਹੀਂ ਵਧਣ ਦਿੱਤਾ ਗਿਆ। ਦਲਿਤ ਤੋਂ ਲਿੱਪੀ ਗਿਆਨ ਖੋਹ ਲਿਆ ਗਿਆ। ਉਹ ਪੜ੍ਹ ਲਿਖ ਨਹੀਂ ਸਕਦਾ ਸੀ। ਉਸਨੂੰ ਗੂੰਗਾ-ਬਹਿਰਾ ਬਣਾ ਦਿੱਤਾ ਗਿਆ। ਉਹ ਅਪਾਹਜ਼ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ। ਆਪਣੇ ਦਾਰਸ਼ਨਿਕ ਵਿਕਾਸ ਵਿਚ ਅੱਜ ਉਹ ਕਿੱਥੇ ਦਾ ਕਿੱਥੇ ਪਹੁੰਚ ਜਾਂਦਾ, ਪ੍ਰੰਤੂ ਉਹ ਮੌਖਿਕ ਰੂਪ ਵਿਚ ਵੀ ਆਪਣੇ ਗਿਆਨ ਨੂੰ ਆਪਣੇ ਵਿਦਿਆਰਥੀਆਂ ਨੂੰ ਨਾ ਦੇ ਦੇਵੇ। ਇਸ ਦੇ ਲਈ ਉਸ ਦੀ ਜ਼ੁਬਾਨ ਕੱਟ ਲਈ ਗਈ। ਦਲਿਤਾਂ ਨੇ ਦਰਸ਼ਨ ਦੇ ਖੇਤਰ ਵਿਚ ਬਹੁਤ ਹੀ ਸਾਫ ਸੁਥਰਾ ਰਾਹ ਫੜਿਆ ਸੀ। ਇਹ ਵਿਗਿਆਨ ਦਾ ਅਤੇ ਪਰੀਖਣ ਦਾ ਰਸਤਾ ਸੀ। ਇਸ ਨਾਲ ਅੱਖਾਂ 'ਤੇ ਪਈ ਧੂੜ ਹਟਦੀ ਜਾ ਰਹੀ ਸੀ। ਉਸ ਯੁੱਗ ਵਿਚ ਇਸ ਦ੍ਰਿਸ਼ਟੀ ਨੇ ਜੜ੍ਹੀ ਬੂਟੀ ਵਿਗਿਆਨ ਵਿਚ ਅਸਚਰਜ ਖੜ੍ਹੇ ਕਰ ਦਿੱਤੇ ਸਨ। ਇਹ ਦਰਸ਼ਨ ਦੁਨੀਆਂ ਨੂੰ ਦੁਨੀਆਂ ਕਹਿ ਰਿਹਾ ਸੀ। ਇਸ ਨੇ ਆਪਣਾ ਨਾਮ 'ਵੇਦ' ਦੇ ਵਿਰੁੱਧ 'ਲੋਕ' ਰੱਖਿਆ ਸੀ। ਇਹ 'ਵੇਦ ਪਾਠ' ਦੇ ਖਿਲਾਫ 'ਲੋਕ ਵਾਦ' ਸੀ। ਸੰਕਟ ਵਿਚ ਇਹ ਇੰਦਰ, ਵਰੁਣ, ਮੂਰਤ ਆਦਿ ਦੇਵਤਾਵਾਂ ਦੀ ਉਸਤੱਤੀ ਨਹੀਂ ਕਰਦਾ ਸੀ, ਬਲਕਿ ਪ੍ਰਕ੍ਰਿਤਕ ਸ਼ਕਤੀਆਂ ਦੀ ਵਿਗਿਆਨਕ ਖੋਜ ਕਰਕੇ ਉਹਨਾਂ ਨੂੰ ਆਪਣੇ ਵੱਸ ਵਿਚ ਕਰਨਾ ਚਾਹ ਰਿਹਾ ਸੀ।

ਇਹ ਜਾਣ ਕੇ ਖੁਸ਼ੀ ਹੁੰਦੀ ਹੈ ਕਿ ਭਾਰਤ ਦੇ ਦਲਿਤ ਸਮਾਜ ਨੇ ਡਾ. ਅੰਬੇਡਕਰ ਦੇ ਰੂਪ ਵਿਚ ਵਿਸ਼ਵ ਨੂੰ 20ਵੀਂ ਸਦੀ ਦਾ ਆਪਣਾ ਮਹਾਨ ਪੁਰਸ਼ ਦੱਸਿਆ ਹੈ। ਇਸ ਸ਼ਤਾਬਦੀ ਵਿਚ ਜੇ ਕੋਈ ਧਰਮ ਗ੍ਰੰਥ ਰਚਿਆ ਗਿਆ ਹੈ ਤਾਂ ਉਹ ਬਾਬਾ ਸਾਹਿਬ ਰਾਹੀਂ ਹੀ ਰਚਿਆ ਗਿਆ ਹੈ। ਇਸਦਾ ਨਾਂ 'ਦੀ ਬੁੱਧ ਐਂਡ ਹਿਜ਼ ਧੰਮ' ਹੈ। ਇਸ ਗ੍ਰੰਥ ਦੀ ਲਿਖਣ ਸ਼ੈਲੀ ਉਹਨਾਂ ਨੇ ਆਪ ਲੱਭੀ ਸੀ। ਬ੍ਰਿਟੇਨ ਦੇ ਪ੍ਰੋਫੈਸਰ ਆਰ. ਜੀ. ਕੋਲਿੰਗ ਵੁੱਡ ਦੁਆਰਾ ਲਿਖਤ 'ਦੀ ਨਿਊ ਲੈਵੀਏਨ' ਵੀ ਵਿਸ਼ਿਸ਼ਟ ਸ਼ੈਲੀ ਵਿਚ ਲਿਖਿਆ ਗਿਆ ਗ੍ਰੰਥ ਹੈ ਪਰ ਉਸਦਾ ਵਿਸਤਾਰ ਅਤੇ ਅਰਥ ਸਮਾਜ ਦਰਸ਼ਨ ਤੱਕ ਸੀਮਤ ਰਿਹਾ ਸੀ ਜਦਕਿ ਬਾਬਾ ਸਾਹਿਬ ਨੇ ਆਪਣੇ ਗ੍ਰੰਥ ਨੂੰ ਧਰਮ ਦਰਸ਼ਨ ਦੀ ਕਸੌਟੀ 'ਤੇ ਕਸਿਆ ਸੀ।

ਇਸ ਵਿਚ ਦੋ ਰਾਵਾਂ ਨਹੀਂ ਕਿ ਬਾਬਾ ਸਾਹਿਬ ਦੁਆਰਾ ਦਲਿਤਾਂ ਦੇ ਨਾਲ ਵਰਤੀ ਗਈ ਇਮਾਨਦਾਰੀ ਵਿਚ ਸ਼ੱਕ ਕਰਨਾ ਵੀ ਅੱਨਿਆ ਹੋ ਜਾਵੇਗਾ। ਬੁੱਧ ਧਰਮ ਦੀ ਰਚਨਾ ਕਰਨ ਵਿਚ ਅਤੇ ਇਸ ਪੁਸਤਕ ਨੂੰ ਲਿਖਣ ਵਿਚ ਉਹਨਾਂ ਦੀ ਇਮਾਨਦਾਰੀ ਉਤੇ ਉਂਗਲੀ ਨਹੀਂ ਉਠਾਈ ਜਾ ਸਕਦੀ। ਉਹ ਦਲਿਤਾਂ ਦੇ ਹਿਤੈਸ਼ੀਆਂ ਦੇ ਬਾਦਸ਼ਾਹ ਸਨ। ਉਨ੍ਹਾਂ ਦੇ ਕੋਟ ਦੀਆਂ ਜੇਬਾਂ ਵਿਚ ਦਲਿਤਾਂ ਲਈ ਬਹੁਤ ਕੁਝ ਰਹਿੰਦਾ ਸੀ। ਉਹ ਕ੍ਰਿਸਮਿਸ ਦੇ ਦਿਨ ਆਉਣ ਵਾਲੇ ਉਸ ਬੁੱਢੇ ਬਾਬੇ ਦੀ ਤਰ੍ਹਾਂ ਸਨ, ਜਿਹੜਾ ਆਪਣੇ ਬੱਚਿਆਂ ਨੂੰ ਆਪਣੀ ਝੋਲੀ ਵਿਚੋਂ ਭੇਂਟ ਦੇ ਰੂਪ ਵਿਚ ਮਿੱਠੇ ਮਿੱਠੇ ਪ੍ਰਸ਼ਾਦ ਵੰਡਦਾ ਹੈ। ਹੋਰਾਂ ਤੋਂ ਲੜ-ਲੜ ਕੇ ਉਹ ਆਪਣੀ ਦਲਿਤ ਔਲਾਦ ਲਈ ਇੱਜ਼ਤ ਲਿਆਏ ਸਨ। ਉਨ੍ਹਾਂ ਨੇ ਦਲਿਤਾਂ ਨੂੰ ਇੱਜ਼ਤ ਨਾਲ ਰਹਿਣਾ ਸਿਖਾਇਆ ਸੀ। ਇਸ ਦੇ ਲਈ ਉਹ ਆਪਣੇ ਸਮੇਂ ਦੇ 'ਬਹਾਦਰਾਂ' ਨਾਲ ਭਿੜ ਗਏ ਸਨ। ਉਨ੍ਹਾਂ ਨੇ ਗਾਂਧੀ ਅਤੇ ਨਹਿਰੂ ਨੂੰ ਦਲਿਤਾਂ ਦੀ ਸਮੱਸਿਆ ਦਾ ਹੱਲ ਦੇਣ ਦੇ ਯੋਗ ਹੀ ਸਮਝਿਆ ਸੀ।

ਇਹ ਬਾਬਾ ਸਾਹਿਬ ਨੇ ਚੰਗਾ ਕੀਤਾ ਕਿ ਦਲਿਤਾਂ ਦੀ ਸਮੱਸਿਆ ਦਾ ਮੂਲ ਆਧਾਰ ਫੜ ਲਿਆ। ਉਹਨਾਂ ਨੇ ਦਲਿਤਾਂ ਦੀ ਸਮੱਸਿਆ ਨੂੰ ਠੀਕ ਹੀ ਧਾਰਮਿਕ ਮੰਨਿਆ ਸੀ। ਇਸੇ ਦੇ ਹੱਲ ਲਈ ਉਹ ਵਿਸ਼ਵ ਦੀ ਧਾਰਮਿਕ ਯਾਤਰਾ ਵਿਚ ਨਿਕਲ ਪਏ ਸਨ। ਇਸ ਯਾਤਰਾ ਵਿਚ ਉਨ੍ਹਾਂ ਨੇ ਆਪਣੇ ਜੀਵਨ ਦੇ ਇੱਕੀ ਸਾਲ ਦਾ ਲੰਮਾਂ ਸਮਾਂ ਲਗਾਇਆ ਸੀ। ਉਹਨਾਂ ਭਿੰਨ-ਭਿੰਨ ਧਰਮ ਗ੍ਰੰਥ ਪੜ੍ਹੇ ਅਤੇ ਧਾਰਮਿਕ ਲੋਕਾਂ ਦੇ ਅਨੁਭਵ ਪ੍ਰਾਪਤ ਕੀਤੇ। ਇਹ ਉਹਨਾਂ ਨੇ ਚੰਗਾ ਕੀਤਾ ਕਿ ਸੰਸਾਰ ਦੇ ਸਾਰੇ ਧਰਮਾਂ ਵਿਚੋਂ ਇਕ ਬੁੱਧ ਧਰਮ ਹੀ ਅਪਣਾਇਆ। ਇਸਦਾ ਮਤਲਬ ਇਹ ਹੈ ਕਿ ਹੁਣ ਉਨ੍ਹਾਂ ਦੀ ਦਲਿਤ ਔਲਾਦ ਨੂੰ ਕੇਵਲ ਬੁੱਧ ਧਰਮ ਉਤੇ ਹੀ ਆਪਣਾ ਧਿਆਨ ਇਕੱਤਰ ਕਰਨਾ ਹੈ। ਬਾਕੀ ਧਰਮਾਂ ਦੇ ਅਧਿਐਨ ਵਿਚ ਉਹਨਾਂ ਨੂੰ ਸਮਾਂ ਨਹੀਂ ਦੇਣਾ ਹੈ, ਬਲਕਿ ਬੁੱਧ ਧਰਮ ਦੇ ਬਾਰੇ ਵਿਚ ਨਿੱਠ ਕੇ ਵਿਸ਼ਲੇਸ਼ਣ ਕਰਨਾ ਹੈ।

ਪਰ ਕੀ ਬਾਬਾ ਸਾਹਿਬ ਨੇ ਬੁੱਧ ਧਰਮ ਗ੍ਰਹਿਣ ਕਰਕੇ ਦਲਿਤਾਂ ਦੇ ਧਾਰਮਿਕ ਚਿੰਤਨ 'ਤੇ ਰੋਕ ਲਗਾ ਦਿੱਤੀ ਹੈ? ਇਸ ਤਰ੍ਹਾਂ ਬਿਲਕੁਲ ਨਹੀਂ ਹੈ। ਬਲਕਿ ਭਗਵਾਨ ਬੁੱਧ ਅਤੇ ਉਹਨਾਂ ਦਾ ਧਰਮ ਨਾਮ ਦੀ ਪੁਸਤਕ ਲਿਖ ਕੇ ਦਲਿਤ ਔਲਾਦ ਦੇ ਧਾਰਮਿਕ ਚਿੰਤਨ ਦੀ ਸ਼ੁਰੂਆਤ ਕੀਤੀ ਹੈ। ਉਹਨਾਂ ਦੀ ਇਹ ਪੁਸਤਕ ਦਲਿਤਾਂ ਦੇ ਸਾਹਮਣੇ ਇਕ ਵੰਨਗੀ ਹੈ। ਉਹ ਦੱਸ ਰਹੇ ਹਨ ਕਿ ਅੱਗੇ ਇਸ ਤਰ੍ਹਾਂ ਵਧਿਆ ਜਾ ਸਕੇਗਾ। ਇਸ ਵਿਚ ਉਨ੍ਹਾਂ ਨੇ ਦਲਿਤਾਂ ਦੇ ਲਈ ਬਾਕੀ ਧਰਮਾਂ ਦੀ ਅਣਉਪਯੋਗਤਾ ਸਿੱਧ ਕੀਤੀ ਹੈ। ਪਰ ਉਹ ਬੁੱਧ ਧਰਮ ਨੂੰ ਸਵੀਕਾਰ ਕਰਨ ਲਈ ਵੀ ਕਾਫੀ ਹਿਚਕਚਾਏ ਹਨ। ਉਨ੍ਹਾਂ ਦੀ ਸਮੱਸਿਆ ਇਹ ਹੀ ਸੀ ਕਿ ਉਹ ਇਸਲਾਮੀ ਗਿਆਨ ਵਿਚ ਵਿਸ਼ਵਾਸ ਨਹੀਂ ਕਰਦੇ ਸਨ। ਇਸੇ ਕਾਰਨ ਉਹ ਬੁੱਧ ਦੇ ਪੈਰੋਕਾਰ ਬਣ ਗਏ। ਪਰ ਕੀ ਉਨ੍ਹਾਂ ਦੀ ਦਲਿਤ ਔਲਾਦ ਵੀ ਆਪਣੇ ਮਹਾਂਪੁਰਸ਼ ਨੂੰ ਬੁੱਧ ਦੇ ਸਾਹਮਣੇ ਛੋਟਾ ਦੇਖਣਾ ਚਾਹੇਗੀ? ਬਾਬਾ ਸਾਹਿਬ ਨੇ ਇਸ ਤਰ੍ਹਾਂ ਆਪਣੀ ਉਦਾਰਤਾ ਦਿਖਾਉਂਦੇ ਹੋਏ ਕਹਿ ਦਿੱਤਾ, ਤਾਂ ਕੀ ਉਨ੍ਹਾਂ ਦੀ ਸੰਤਾਨ ਸਚਮੁਚ ਹੀ ਬੁੱਧ ਤੋਂ ਛੋਟਾ ਮੰਨਣ ਲੱਗ ਪਵੇਗੀ? ਸਚਾਈ ਇਹ ਹੈ ਕਿ ਬੁੱਧ ਦੀ ਬਾਬਾ ਸਾਹਿਬ ਨਾਲ ਕੋਈ ਵੀ ਤੁਲਨਾ ਨਹੀਂ ਹੋਣੀ ਚਾਹੀਦੀ। ਬਾਬਾ ਸਾਹਿਬ ਨੇ ਖੁਦ ਕੋਈ ਨਵਾਂ ਧਰਮ ਖੜ੍ਹਾ ਨਹੀਂ ਕੀਤਾ ਤਾਂ ਕੀ ਉਸਦਾ ਅਰਥ ਇਹ ਲੈ ਲੈਣਾ ਚਾਹੀਦਾ ਹੈ ਕਿ ਉਹ ਨਵਾਂ ਧਰਮ ਖੜ੍ਹਾ ਕਰਨ ਦੇ ਯੋਗ ਨਹੀਂ ਸਨ? ਕੀ ਭਾਰਤ ਦਾ ਦਲਿਤ ਵਰਗ ਆਪਣਾ ਨਵਾਂ ਧਰਮ ਖੜ੍ਹਾ ਨਹੀਂ ਕਰ ਸਕਦਾ?

ਮੂਲ ਪ੍ਰਸ਼ਨ ਇਹ ਹੀ ਹੈ ਕਿ ਦਲਿਤਾਂ ਦੀ ਸਮੱਸਿਆ ਧਾਰਮਿਕ ਹੈ, ਪਰ ਇਹ ਵਰਗ ਕਦੋਂ ਤੱਕ ਧਾਰਮਿਕਤਾ ਦੇ ਫੇਰ ਵਿਚ ਪਿਆ ਰਹੇਗਾ? ਇਸਦੇ ਕੋਲ ਲੋਕਵਾਦ ਦਾ ਧਾਰਦਾਰ ਦਰਸ਼ਨ ਹੈ ਅਤੇ ਦਲਿਤ ਸੰਤਾਂ ਦੇ ਦਿਲਾਂ ਦੀ ਨਿਰਮਲ ਬਾਣੀ ਹੈ- ਫਿਰ ਇੰਨੀ ਵਿਕਸਤ ਪ੍ਰੰਪਰਾ ਨੂੰ ਲੈ ਕੀ ਵੀ ਉਸ ਕੋਲ ਕਿਸੇ ਚੀਜ਼ ਦੀ ਕਮੀ ਹੈ? ਇਸ ਮਹਾਨਤਾ ਵਿਚ ਸਭ ਤੋਂ ਵੱਡਾ ਅਤੇ ਆਖਰੀ ਯੋਗਦਾਨ ਆਪ ਬਾਬਾ ਸਾਹਿਬ ਦੇ ਚਿੰਤਨ ਦਾ ਹੈ। ਦਲਿਤਾਂ ਦੀ ਸਮੱਸਿਆ ਨੂੰ ਲੈ ਕੇ ਬਾਬਾ ਸਾਹਿਬ ਸੰਸਾਰ ਦੇ ਕਿਸੇ ਮਹਾਂਪੁਰਸ਼ ਤੋਂ ਨਿੱਕੇ ਨਹੀਂ ਪੈਂਦੇ। ਅਸਲ ਵਿਚ ਜੇ ਬਾਬਾ ਸਾਹਿਬ ਦੇ ਕੋਲ ਉਸ ਸਮੇਂ ਭਾਰਤ ਦੇ ਤਮਾਮ ਦਲਿਤ ਸੰਤਾਂ ਦਾ ਸਾਹਿਤ ਉਪਲਬਧ ਹੁੰਦਾ ਤਾਂ ਉਹ ਬੁੱਧ ਦੀ ਸ਼ਰਨ ਜਾਣ ਦੀ ਬਜਾਏ ਆਪਣੇ ਸੰਤਾਂ ਦੇ ਮੁੱਢ ਬੈਠਦੇ। ਤਦ ਉਹ ਸਿਰ ਖਪਾਉਣ ਦੀ ਬਜਾਏ ਨਿਰਗੁਣ ਸ਼ਬਦ ਬਾਣੀ ਦੀ ਗੰਗੋਤਰੀ ਵਿਚ ਅਨੰਦ ਸਨਾਨ ਕਰਦੇ। ਉਹਨਾਂ ਨੂੰ ਮਜ਼ਬੂਰੀ ਵਿਚ ਹੀ ਇੰਨੀ ਦੂਰ ਜਾਣਾ ਪਿਆ ਸੀ। ਨਹੀਂ ਤਾਂ ਉਹ ਆਪਣਾ ਵੀ ਮਹੱਤਵ ਦੱਸਦੇ। ਇੱਥੇ ਬੁੱਧ ਧਰਮ ਦੀ ਆਲੋਚਨਾ ਕਰਨ ਦਾ ਮੌਕਾ ਨਹੀਂ ਹੈ। ਲੇਕਿਨ ਲੱਗਦਾ ਹੈ ਕਿ ਧਾਰਮਿਕ ਯੁੱਧ ਦੇ ਇਸ ਹੋਂਦ ਵਿਚ ਬਾਬਾ ਸਾਹਿਬ ਠੀਕ ਤਰ੍ਹਾਂ ਨਹੀਂ ਬੈਠ ਸਕੇ। ਬੁੱਧ ਧਰਮ ਤੋਂ ਕੁਝ ਲੈਣ ਦੀ ਬਜਾਏ ਉਹਨਾਂ ਨੂੰ ਉਸ ਨੂੰ ਦੇਣਾ ਜ਼ਿਆਦਾ ਪੈ ਗਿਆ। ਬੁੱਧ ਧਰਮ ਦਲਿਤਾਂ ਨੂੰ ਕੀ ਦੇ ਸਕਦਾ ਸੀ? ਉਲਟਾ ਦਲਿਤਾਂ ਦਾ ਕੰਮ ਇਹ ਹੋ ਗਿਆ ਕਿ ਉਹ ਬੁੱਧ ਧਰਮ 'ਤੇ ਲਗਾਏ ਗਏ ਇਤਿਹਾਸਕ ਲੱਛਣਾਂ ਨੂੰ ਆਪਣੇ ਸਿਰ 'ਤੇ ਲੈ ਲੈਣ। ਸਹੀ ਗੱਲ ਤਾਂ ਇਹ ਹੈ ਕਿ ਬਾਬਾ ਸਾਹਿਬ ਨੇ ਬੁੱਧ ਧਰਮ ਅਪਣਾਉਣ ਤੇ ਦਲਿਤਾਂ ਦੀਆਂ ਜਿਹੜੀਆਂ ਸਮੱਸਿਆਵਾਂ ਉਭਾਰ ਕੇ ਦੱਸੀਆਂ ਹਨ। ਉਹਨਾਂ ਨੂੰ ਛੱਡਿਆ ਜਾਂ ਭੁਲਾਇਆ ਨਹੀਂ ਜਾ ਸਕਦਾ। ਪਰ ਉਨ੍ਹਾਂ ਦਾ ਹੱਲ ਅੰਤ੍ਰਿਮ ਰੂਪ ਵਿਚ ਸਾਡਾ ਦਲਿਤ ਸੰਤ ਹੈ। ਬੁੱਧ ਦਰਸ਼ਨ ਵਿਚ ਹਿੰਦੂਆਂ ਦੇ ਮੋਖਿਸ਼ ਤੋਂ ਛੁਟਕਾਰਾ ਮਿਲਦਾ ਹੈ, ਪਰ ਨਿਰਵਾਣ ਦੇ ਸਿਧਾਂਤ ਦਾ ਨਵਾਂ ਝਮੇਲਾ ਖੜ੍ਹਾ ਹੁੰਦਾ ਹੈ। ਪਰ ਜ਼ਰੂਰੀ ਇਹ ਹੈ ਕਿ ਮੋਖਿਸ਼ ਦੈਵਲਿਆ ਅਤੇ ਨਿਰਵਾਣ ਦੀ ਪੂਰੀ ਸ਼ਬਦਾਵਲੀ ਨੂੰ ਹੀ ਛੱਡਿਆ ਜਾਵੇ। ਬੁੱਧ ਧਰਮ ਵਿਚ ਜਾ ਕੇ ਵੀ ਪੁਨਰਜਨਮ ਅਤੇ ਪਰਲੋਕ ਦੇ ਸਿਧਾਂਤਾਂ ਦਾ ਠੀਕ ਤਰ੍ਹਾਂ ਖੰਡਨ ਨਹੀਂ ਹੋ ਪਾਉਂਦਾ, ਜਿਸ ਦੀ ਦਲਿਤਾਂ ਨੂੰ ਬਹੁਤ ਜ਼ਰੂਰਤ ਪੈਂਦੀ ਹੈ। ਬੁੱਧ ਧਰਮ ਤੋਂ ਵਰੁਣ ਵਿਵਸਥਾ ਅਤੇ ਜਾਤੀ ਪ੍ਰਥਾ ਦਾ ਵੀ ਗ੍ਰਹਿਸਥ ਜੀਵਨ ਵਿਚ ਖੰਡਨ ਨਹੀਂ ਹੋ ਪਾਉਂਦਾ, ਉਹ ਇਹਨਾਂ ਦਾ ਖੰਡਨ ਕੇਵਲ ਭਿਖਾਰੀ ਵਰਗ ਵਿਚ ਕਰ ਪਾਉਂਦਾ ਹੈ। ਇੱਥੇ ਕਬੀਰ ਦਾ ਚਿੰਤਨ ਹੀ ਕਮਲ ਦੀ ਤਰ੍ਹਾਂ ਖਿਲਦਾ ਹੈ ਕਿ ''ਬਹੁਰੀ ਹਮ ਕਾਹ ਆਵਗੇ'' ਅਤੇ 'ਜੋ ਤੂੰ ਬਾਹਮਣ ਬ੍ਰਾਹਮਣੀ ਜਾਇਆ, ਆਨ ਬਾਟਿ ਕਾਹਿ ਨਹੀਂ ਆਇਆ।'

ਫਿਰ ਅਗਲੀ ਗੱਲ ਤੇ ਆਇਆ ਜਾਵੇ ਜੋ ਸਮਾਜ ਦੀ ਹੈ, ਅੱਜ ਦਲਿਤਾਂ ਨੂੰ ਇਕ ਅਲੱਗ ਸਮਾਜਿਕ ਵਰਗ ਦੇ ਰੂਪ ਵਿਚ ਸਮਾਨਤਾ ਮਿਲ ਗਈ ਹੈ। ਸ਼ਾਸਨ ਦੇ ਖੇਤਰ ਵਿਚ ਇਨ੍ਹਾਂ ਦੀ ਹੋਂਦ ਨੂੰ ਬ੍ਰਿਟਿਸ਼ ਭਾਰਤ ਵਿਚ ਹੀ ਸਵੀਕਾਰ ਕਰ ਲਿਆ ਗਿਆ ਸੀ। ਹੁਣ ਹੋਰ ਕੋਈ ਮੰਨਦਾ ਹੈ ਕਿ ਇਨ੍ਹਾਂ ਦੋਵਾਂ ਖੇਤਰਾਂ ਵਿਚ ਦਲਿਤ ਵਰਗ ਦੀ ਇਕ ਅਲੱਗ ਹੀ ਪਛਾਣ ਹੈ। ਚੰਗੀ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਖੇਤਰਾਂ ਵਿਚ ਦਲਿਤ ਵਰਗ ਦੇ ਆਪਣੇ ਸੰਘਰਸ਼ ਰਹੇ ਹਨ। ਆਪਣੀ ਪਛਾਣ ਇਨ੍ਹਾਂ ਖੁਦ ਪ੍ਰਾਪਤ ਕੀਤੀ ਹੈ। ਹੁਣ ਇਹ ਆਪਣੇ ਚਿੰਤਨ ਵਿਚ ਨਗਨ ਅਤੇ ਸ਼ੂਦਰ ਨਹੀਂ ਰਹਿ ਗਏ ਹਨ। ਇਹ ਹੁਣ ਦਬਣ ਨੂੰ ਤਿਆਰ ਨਹੀਂ ਹਨ।

ਸਮਾਜਿਕ ਵਰਗ ਦੇ ਰੂਪ ਵਿਚ ਅਜੇ ਇਹ ਲੋਕ ਸ਼ੂਦਰਤਾ ਨੂੰ ਮਿਟਾਉਣ ਤੱਕ ਗਏ ਹਨ। ਇਸ ਖੇਤਰ ਵਿਚ ਸ਼ੂਦਰਤਾ ਨੂੰ ਮਿਟਾਉਣ ਦੇ ਸਿਵਾਏ ਇਹ ਜ਼ਿਆਦਾ ਕੁਝ ਨਹੀਂ ਕਰ ਸਕੇ ਹਨ। ਇਹ ਖੁਦ ਇਸ ਗੱਲ ਤੋਂ ਸੰਤੁਸ਼ਟ ਨਹੀਂ ਹਨ ਕਿ ਇਨ੍ਹਾਂ ਨੇ ਕੋਈ ਤੀਰ ਮਾਰ ਦਿੱਤਾ ਹੈ। ਸ਼ਾਸਨ ਦੇ ਖੇਤਰ ਵਿਚ ਇਨ੍ਹਾਂ ਦੀ ਹੋਂਦ ਵੋਟ ਪਾਉਣ ਤੱਕ ਦੀ ਹੈ। ਵੋਟ ਪਾਉਣ ਦਾ ਕਾਨੂੰਨੀ ਅਧਿਕਾਰ ਮਿਲ ਜਾਣ ਤੋਂ ਬਾਅਦ ਹੁਣ ਵੋਟ ਪੇਟੀ ਵਿਚ ਵੋਟ ਪਾਉਣ ਦੇ ਵਾਸਤਵਿਕ ਅਧਿਕਾਰ ਦੇ ਲਈ ਸੰਘਰਸ਼ ਚੱਲ ਰਿਹਾ ਹੈ। ਕਈ ਵਾਰ ਇਹ ਆਪਣੇ ਬਲਬੂਤੇ 'ਤੇ ਵੋਟ ਨਹੀਂ ਪਾਉਂਦੇ। ਵਿਰੋਧੀ ਵਰਗ ਨੂੰ ਵੋਟ ਦੇਣਾ ਕੋਈ ਖਾਸ ਗੱਲ ਨਹੀਂ ਹੈ, ਉਹ ਬਿਨਾਂ ਪਾਏ ਵੀ ਪੈ ਸਕਦਾ ਹੈ, ਪ੍ਰੰਤੂ ਉਨ੍ਹਾਂ ਵਰਗਾਂ ਦੇ ਖਿਲਾਫ ਵੋਟ ਦੇਣ ਦੇ ਲਈ ਹੋਰ ਸ਼ਕਤੀਸ਼ਾਲੀ ਵਰਗਾਂ ਦਾ ਸਹਾਰਾ ਲੈਣਾ ਪੈਂਦਾ ਹੈ।

ਦਲਿਤ ਵਰਗ ਨੂੰ ਇਸ ਖੇਤਰ ਵਿਚ ਅਜੇ ਬਹੁਤ ਕੁਝ ਕਰਨਾ ਹੈ। ਇਹ ਯਾਤਰਾ ਦਾ ਸ਼ੁਰੂਆਤੀ ਦੌਰ ਹੈ। ਇਨ੍ਹਾਂ ਨੂੰ ਅੱਗੇ ਬਹੁਤ ਦੂਰ ਜਾਣਾ ਹੈ। ਇਤਿਹਾਸ ਆਪਣਾ ਸਮਾਂ ਲੈਂਦਾ ਹੈ ਪਰ ਕੁਝ ਪਰਿਵਰਤਨ ਗੁਣਾਤਮਕ ਵੀ ਹੋ ਸਕਦੇ ਹਨ ਜੋ ਲੰਮੀ ਯਾਤਰਾ ਨੂੰ ਜਲਦੀ ਤਹਿ ਕਰ ਲੈਂਦੇ ਹਨ।

ਗੱਲ ਸਮਾਜਿਕ ਭਿੰਨਤਾ ਦੀ ਉਭਰ ਕੇ ਆਉਂਦੀ ਹੈ। ਇਹ ਇਕ ਚੰਗੀ ਮੰਗ ਹੈ ਕਿ ਸਮਾਜ ਵਿਚ ਭਿੰਨਤਾ ਰਹਿਣੀ ਹੀ ਚਾਹੀਦੀ ਹੈ। ਸਮਾਜ ਵਿਚ ਸਾਰੇ ਲੋਕ ਆਪਸ ਵਿਚ ਸਦਾ ਝਗੜਾ ਕਰਦੇ ਹੋਏ ਨਹੀਂ ਰਹਿ ਸਕਦੇ। ਆਰਥਿਕ ਵਪਾਰ ਇੰਨਾ ਲੰਬਾ ਚੌੜਾ ਹੋਵੇ ਅਤੇ ਸ਼ਾਸਨ ਵਿਚ ਵੋਟ ਦੇ ਆਧਾਰ ਤੇ ਬਹੁਮਤ ਦੁਆਰਾ ਸਾਰਾ ਕੁਝ ਤਹਿ ਹੁੰਦਾ ਹੈ, ਤਾਂ ਕੋਈ ਵੀ ਇਕ ਵਰਗ ਬਾਕੀ ਸਮਾਜ ਤੋਂ ਅਲੱਗ-ਅਲੱਗ ਵੰਡਿਆ ਹੋਇਆ ਨਹੀਂ ਰਹਿ

(ਬਾਕੀ ਅਗਲੇ ਸਫੇ 'ਤੇ)

# ਦਲਿਤਾਂ ਦਾ ਫਲਸਫਾ ਕੀ ਹੋਵੇ?

ਸਕਦਾ। ਜੇਕਰ ਦਲਿਤਾਂ ਦੇ ਹੱਥ ਵਿਚ ਕਣਕ ਉਗਾਉਣ ਦਾ ਪੇਸ਼ਾ ਆ ਜਾਵੇ ਤਾਂ ਇਸਦਾ ਮਤਲਬ ਹੈ ਕਿ ਆਰਥਿਕ ਰੂਪ ਵਿਚ ਉਹ ਹਰ ਕਣਕ ਖਾਣ ਵਾਲੇ ਕੀੜੇ ਤੱਕ ਨਾਲ ਜੁੜ ਗਏ ਹਨ। ਜੇਕਰ ਜੁੱਤੀ ਬਣਾਉਣ ਦਾ ਕੰਮ ਉਹਨਾਂ ਨੂੰ ਸੌਂਪਿਆ ਜਾਂਦਾ ਹੈ ਤਾਂ ਹਰ ਵਿਅਕਤੀ ਜੁੱਤੀ-ਚੱਪਲ ਪਾਉਂਦਾ ਹੈ। ਜੁਲਾਹੇ ਦੇ ਬਿਨਾਂ ਸਾਰਾ ਸਮਾਜ ਦਿਗੰਬਰ ਹੋਣ ਦੇ ਲਈ ਮਜਬੂਰ ਹੋ ਜਾਵੇਗਾ। ਦਰਜੀ ਦੇ ਬਿਨਾਂ ਸੈਨਿਕ ਸਰਹੱਦਾਂ ਤੇ ਯੁੱਧ ਵੀ ਨਹੀਂ ਲੜ ਸਕਣਗੇ। ਇਸ ਪ੍ਰਕਾਰ ਇਸ ਸਮਾਜਿਕ ਭਿੰਨਤਾ ਦੇ ਬਿਨਾਂ ਕੋਈ ਸਮਾਜ ਜਿਉਂਦਾ ਨਹੀਂ ਰਹਿ ਸਕਦਾ। ਪਰ ਇਸ ਸਮਾਜਿਕ ਭਿੰਨਤਾ ਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਦੋ ਵਰਗਾਂ ਵਿਚ ਇਕ ਦਾਸ ਅਤੇ ਦੂਸਰਾ ਮਾਲਿਕ ਬਣਿਆ ਰਹੇ। ਮਜ਼ਦੂਰ ਆਪਣੀ ਮਜ਼ਦੂਰੀ ਦਾ ਹੱਕ ਮੰਗਣਾ ਛੱਡ ਦੇਵੇ ਤਾਂ ਇਸ ਨਾਲ ਸਮਾਜ ਵਿਚ ਸ਼ਾਂਤੀ ਸਥਾਪਤ ਹੋ ਸਕੇ.. ਕੀ ਇਸ ਤਰ੍ਹਾਂ ਦੀ ਵਿਵਸਥਾ ਵਿਚ ਨਿਆਂ ਦਾ ਗਲਾ ਨਹੀਂ ਘੁੱਟ ਜਾਂਦਾ?

ਲੋੜ ਮਹਿਜ਼ ਇਹ ਨਹੀਂ ਹੈ ਕਿ ਦਲਿਤ ਵਰਗ ਹਿੰਦੂ ਸਮਾਜ ਤੋਂ ਭਿੰਨਤਾ ਰੱਖੇ। ਬੜੀ ਲੋੜ ਇਹ ਹੈ ਕਿ ਦਲਿਤ ਵਰਗ ਪੂਰੇ ਭਾਰਤੀ ਸਮਾਜ ਵਿਚ ਭਿੰਨਤਾ ਰੱਖੇ। ਪੂਰੇ ਭਾਰਤੀ ਸਮਾਜ ਵਿਚ ਬਹੁਤ ਕੁਝ ਆ ਜਾਂਦਾ ਹੈ। ਇਸ ਵਿਚ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਜੈਨ, ਪਾਰਸੀ, ਬੋਧ ਅਤੇ ਯਹੂਦੀ ਵੀ ਹਨ। ਇਹ ਹਿੰਦੂ ਦੇ ਨਾਲ ਹੀ ਕਿਉਂ ਬਲਕਿ ਦਲਿਤ ਵਰਗ ਨੂੰ ਬਾਕੀ ਸਾਰਿਆਂ ਨਾਲ ਵੀ ਸਮਾਜਿਕ ਇਕਰੂਪਤਾ ਵਿਚ ਰਹਿਣਾ ਹੈ। ਹਿੰਦੂਆਂ ਦੀ ਇਹ ਚਾਹ ਉਚਿਤ ਨਹੀਂ ਹੈ ਕਿ ਦਲਿਤ ਲੋਕ ਕੇਵਲ ਉਸਦੇ ਬਣ ਕੇ ਰਹਿਣ। ਇਸਦੇ ਉਲਟ ਦਲਿਤ ਲੋਕ ਪੂਰੇ ਭਾਰਤੀ ਸਮਾਜ ਦੇ ਨਾਲ ਘੁਲ-ਮਿਲ ਕੇ ਰਹਿਣਾ ਚਾਹੁੰਦੇ ਹਨ। ਇਸ ਗੱਲ ਨੂੰ ਇਕ ਉਦਾਹਰਣ ਨਾਲ ਸਮਝਿਆ ਜਾ ਸਕਦਾ ਹੈ। ਇਸ ਦੇਸ਼ ਵਿਚ ਹਿੰਦੂ ਅਤੇ ਮੁਸਲਮਾਨ ਰਹਿੰਦੇ ਹਨ। ਉਹਨਾਂ ਦੇ ਘਰਾਂ ਦੀਆਂ ਛੱਤਾਂ ਆਪਸ ਵਿਚ ਜੁੜੀਆਂ ਹੋਈਆਂ ਹਨ। ਉਨ੍ਹਾਂ ਨੂੰ ਹਮੇਸ਼ਾ ਸੰਤਾਂ ਨੇ ਅਤੇ ਸੂਫੀਆਂ ਨੇ ਇਹ ਸਲਾਹ ਦਿੱਤੀ ਹੈ ਕਿ ਉਹ ਆਪਸ ਵਿਚ ਮਿਲ-ਜੁਲ ਕੇ ਰਿਹਾ ਕਰਨ। ਇਸ ਮਿਲਣ-ਜੁਲਣ ਦਾ ਮਤਲਬ ਇਹ ਕਦੀ ਨਹੀਂ ਹੈ ਕਿ ਹਿੰਦੂ ਅਤੇ ਮੁਸਲਮਾਨ ਆਪਣੇ ਆਪਣੇ ਧਰਮਾਂ ਨੂੰ ਛੱਡ ਦੇਣ। ਹਿੰਦੂ ਹਿੰਦੂ ਰਹਿੰਦੇ ਹੋਏ ਅਤੇ ਮੁਸਲਮਾਨ ਮੁਸਲਮਾਨ ਰਹਿੰਦੇ ਹੋਏ ਸਮ-ਾਜਿਕ ਭਿੰਨਤਾ ਦੀ ਲੋੜ ਮਹਿਸੂਸ ਕਰਦੇ ਹਨ। ਦਲਿਤ ਅਤੇ ਹਿੰਦੂ ਨੂੰ ਠੀਕ ਇਸ ਤੁਲਨਾ ਵਿਚ ਦੇਖਿਆ ਜਾ ਸਕਦਾ ਹੈ। ਦਲਿਤ ਦੇ ਲਈ ਹਿੰਦੂਆਂ ਤੋਂ ਸਮਾਜਿਕ ਇਕਰੂਪਤਾ ਦਿਖਾਉਣ ਦੇ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਖੁਦ ਨੂੰ ਦਾਸ ਕਹਾਉਣ ਵਿਚ ਗੌਰਵ ਮਹਿਸੂਸ ਕਰੇ। ਇਸਦੇ ਉਲਟ ਸੱਚ ਇਹ ਹੈ ਕਿ ਦਲਿਤ ਹਿੰਦੂਆਂ ਦੇ ਧਰਮ ਗ੍ਰੰਥਾਂ ਤੋਂ ਆਪਣੇ ਆਪ ਨੂੰ ਸਦਾ ਜਾਣੂੰ ਰੱਖੇਗਾ।

ਜੇਕਰ ਹਿੰਦੂਆਂ ਨੂੰ ਆਪਣੇ ਵਰਗ ਧਰਮ ਦੀ ਖਾਨਾਪੂਰਤੀ ਦੇ ਲਈ ਚੌਥੇ ਸ਼ੂਦਰ ਵਰਗ ਦੀ ਨਿਹਾਇਤ ਜ਼ਰੂਰਤ ਹੈ ਅਤੇ ਉਹ ਇਸ ਚੌਥੇ ਵਰਣ ਦੇ ਬਿਨਾਂ ਨਹੀਂ ਰਹਿ ਸਕਦੇ ਤਾਂ 'ਗੁਣ ਕਰਮ ਫਲਸਫੇ' ਦੇ ਅਨੁਸਾਰ ਉਹਨਾਂ ਨੂੰ ਆਪਣੀ ਔਲਾਦ ਨੂੰ ਸਫਾਈ ਕਰਮਚਾਰੀ ਦਾ ਕੰਮ ਦੇਣ ਵਿਚ ਕੋਈ ਦਿੱਕਤ ਅਤੇ ਹਿਚਕਚਾਹਟ ਪੇਸ਼ ਨਹੀਂ ਆਉਣੀ ਚਾਹੀਦੀ। ਆਖਿਰ ਦਲਿਤਾਂ ਦੀ ਹਿੰਦੂਆਂ ਤੋਂ ਆਪਣੇ ਮਾਂ-ਬਾਪ ਵਾਲੀ ਸ਼ਿਕਾਇਤ ਨਹੀਂ ਹੈ। ਉਲਟਾ ਇਹ ਉਹਨਾਂ ਦਾ ਆਪਣੀ ਦਾਸਤਾਂ ਨੂੰ ਖਤਮ ਕਰਨ ਦੇ ਲਈ ਇਕ ਸੰਘਰਸ਼ ਹੈ। ਉਹ ਆਪਣੀ ਸੱਤਾ ਗੁਆ ਕੇ ਹਿੰਦੂਆਂ ਦੇ ਨਾਲ ਬੋਧਿਕ ਇਕਰੂਪਤਾ 'ਚ ਨਹੀਂ ਰਹਿ ਸਕਦੇ। ਭਿੰਨਤਾ ਅਤੇ ਇਕਰੂਪਤਾ ਰੱਖਣ ਦੇ ਲਈ ਪਹਿਲਾਂ ਉਹਨਾਂ ਦਾ ਆਜ਼ਾਦ ਅਤੇ ਬਰਾਬਰੀ ਦੀ ਹੋਂਦ ਸਵੀਕਾਰ ਹੋਣੀ ਚਾਹੀਦੀ ਹੈ।

ਅੱਜ ਦੇਸ਼ ਵਿਚ ਲੋਕਤੰਤਰ ਚੱਲ ਰਿਹਾ ਹੈ। ਕੇਂਦਰ ਸਰਕਾਰ, ਪ੍ਰਾਂਤਕ ਸਰਕਾਰਾਂ ਅਤੇ ਸਥਾਨਕ ਸਰਕਾਰਾਂ ਦੇ ਤਿੰਨਾਂ ਪੱਧਰਾਂ 'ਤੇ ਵੋਟ ਦਾ ਰਾਜ ਹੈ। ਰਾਜਨੀਤਿਕ ਪਦਵੀਆਂ ਤੇ ਸਾਰੇ ਲੋਕ ਸਿੱਧੇ ਅਤੇ ਅਸਿੱਧੇ ਰੂਪ ਵਿਚ ਚੋਣ ਲੜ ਕੇ ਹੀ ਆਉਂਦੇ ਹਨ। ਦਲਿਤਾਂ ਨੂੰ ਲੋਕਤੰਤਰ ਵਿਚ ਸਭ ਦੇ ਬਰਾਬਰ ਬਰਾਬਰ ਵੋਟ ਦਾ ਅਧਿਕਾਰ ਪ੍ਰਾਪਤ ਹੈ। ਇਹ ਆਪਣੇ ਵੋਟ ਦਾ ਉਪਯੋਗ ਵੀ ਕਰ ਰਹੇ ਹਨ। ਹਾਲਾਂਕਿ ਇਨ੍ਹਾਂ ਨੂੰ ਹਿਸ ਦੇ ਲਈ ਕਦੇ-ਕਦੇ ਲਾਠੀ ਅਤੇ ਬੰਦੂਕ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਦਲਿਤਾਂ ਨੂੰ ਇਸ ਤੋਂ ਵੱਧ ਦੇ ਲਈ ਤਿਆਰ ਰਹਿਣਾ ਹੈ। ਹੁਣ ਵੋਟ ਦੇਣ ਲਈ ਲਾਠੀ ਬੰਦੂਕ ਦਾ ਪ੍ਰਕੋਪ ਸਹਿਣਾ ਪੈਂਦਾ ਹੈ। ਪਰ ਜੇਕਰ ਵੋਟ ਤੋਂ ਬਿਨਾਂ ਸਿੱਧੇ ਲਾਠੀ ਬੰਦੂਕ ਦਾ ਪ੍ਰਕੋਪ ਹੋਣ ਲੱਗੇ, ਤਦ ਕੀ ਕੀਤਾ ਜਾਵੇਗਾ? ਦਲਿਤਾਂ ਨੂੰ ਆਪ ਉਸ ਬੁਰੇ ਸਮੇਂ ਦੇ ਲਈ ਤਿਆਰ ਰਹਿਣਾ ਪਵੇਗਾ, ਜਦੋਂ ਸਭ ਕੁਝ ਜਲਦੀ ਹੀ ਲਾਠੀ-ਬੰਦੂਕ ਨਾਲ ਤੈਅ ਹੋਣ ਲੱਗ ਸਕਦਾ ਹੈ। ਵਿਰੋਧੀ ਵਰਗ ਵੋਟ ਦੇ ਅਧਿਕਾਰ ਨੂੰ ਤਦ ਤੱਕ ਮੰਨ ਸਕਦਾ ਹੈ, ਜਦ ਤੱਕ ਉਹ ਇਸ ਮਾਧਿਅਮ ਤੋਂ ਚੁਣਿਆ ਜਾਂਦਾ ਰਹਿੰਦਾ ਹੈ। ਜਦ ਉਸ ਨੂੰ ਲੱਗਣ ਲੱਗੇਗਾ ਕਿ ਉਹ ਇਸ ਮਾਧਿਅਮ ਤੋਂ ਚੁਣਿਆ ਨਹੀਂ ਜਾ ਰਿਹਾ ਹੈ, ਤਾਂ ਉਹ ਲੋਕਤੰਤਰ ਦੇ ਰਸਤੇ ਨੂੰ ਤਿਆਗ ਕੇ ਰਾਜ ਪ੍ਰਾਪਤੀ ਦੇ ਕਈ ਤਰੀਕੇ ਅਪਣਾਉਣਾ ਚਾਹੇਗਾ। ਤਦ ਉਹ ਜਨਤਾ ਦੇ ਸਾਹਮਣੇ ਸ਼ਾਸਨ ਪ੍ਰਣਾਲੀ ਦੇ ਨਵੇਂ-ਨਵੇਂ ਸੰਕਲਪ ਰੱਖੇਗਾ। ਉਸਦੀ ਗੱਲ ਨਹੀਂ ਮੰਨੀ ਜਾਵੇਗੀ ਤਾਂ ਉਹ ਕਪਟ ਨਾਲ ਸੱਤਾ ਨੂੰ ਹਥਿਆਉਣਾ ਚਾਹੇਗਾ। ਇਸ ਤਰ੍ਹਾਂ ਉਹ ਵਰਗ ਕੁਝ ਵੀ ਗਲਤ-ਮਲਤ ਕਰ ਸਕਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਨ੍ਹਾਂ ਕਾਰਨਾਂ ਕਰਕੇ ਹੀ ਵਿਦੇਸ਼ੀ ਲੋਕ ਇੱਥੇ ਆਉਂਦੇ ਰਹੇ ਹਨ।

ਉਸ ਤਰ੍ਹਾਂ ਅੱਜ ਵੀ ਜਦ ਦਲਿਤਾਂ ਦੀ ਸ਼ਹਿਰਾਂ ਵਿਚ ਝੁੱਗੀਆਂ ਵਿਚ ਅਤੇ ਪਿੰਡਾਂ ਵਿਚ ਝੌਂਪੜੀਆਂ ਵਿਚ ਅੱਗ ਲੱਗਦੀ ਹੈ, ਤਦ ਉਹਨਾਂ ਦਾ ਸਾਹਮਣਾ ਕਿਸੇ ਵੀ ਰੂਪ ਵਿਚ ਲੋਕਤੰਤਰੀ ਪ੍ਰਣਾਲੀ ਤੋਂ ਨਹੀਂ ਹੁੰਦਾ। ਉਹਨਾਂ ਨੂੰ ਖਾਲਿਸ ਗੁੰਡਾਤੰਤਰ ਤੋਂ ਜੂਝਣਾ ਪੈਂਦਾ ਹੈ। ਉਹ ਹੱਤਿਆ, ਲੁੱਟ ਅਤੇ ਭੈਣ-ਧੀ ਦੇ ਬਲਾਤਕਾਰ ਦੇ ਸ਼ਿਕਾਰ ਹੁੰਦੇ ਹਨ। ਦਲਿਤਾਂ ਨੂੰ ਇਹਨਾਂ ਬੁਰਾਈਆਂ ਦੇ ਵਿਰੁੱਧ ਸਮੂਹਿਕ ਰੂਪ ਵਿਚ ਸੰਗਠਿਤ ਹੋਣ ਦੀ ਜ਼ਰੂਰਤ ਰਹੇਗੀ।

ਇਹ ਖਤਰਾ ਬਣਿਆ ਰਹੇਗਾ, ਟਲੇਗਾ ਨਹੀਂ। ਇਸ ਖਤਰੇ ਦੇ ਮਿਟ ਜਾਣ ਦੇ ਕੋਈ ਆਸਾਰ ਨਹੀਂ ਹਨ। ਹਿੰਦੂਆਂ ਨੂੰ ਵੀ ਆਪਣੇ ਧਰਮ ਗ੍ਰੰਥ ਪਿਆਰੇ ਹਨ ਅਤੇ ਉਹਨਾਂ ਦੇ ਧਰਮ ਗ੍ਰੰਥਾਂ ਵਿਚ ਦਲਿਤ ਵਿਰੋਧ ਭਰਿਆ ਪਿਆ ਹੈ। ਉਲਟਾ ਸ਼ਾਸਤਰ ਦੇ ਰੂਪ ਵਿਚ ਹਿੰਦੂ ਧਰਮ ਨੂੰ 'ਸ਼ੂਦਰ ਵਿਰੋਧ' ਦਾ ਨਾਮ ਦਿੱਤਾ ਜਾ ਸਕਦਾ ਹੈ। ਇਸ ਲਈ ਹਿੰਦੂਆਂ ਦੇ ਲਈ ਉਨ੍ਹਾਂ ਦਾ ਧਰਮ ਸ਼ਾਸਤਰ ਪੂਜਦੇ ਰਹਿਣ ਤੇ ਉਹਨਾਂ ਦੇ ਮਨਾਂ ਤੋਂ ਸ਼ੂਦਰ ਵਿਰੋਧ ਦੀ ਬਦਬੂ ਨਿਕਲ ਨਹੀਂ ਸਕੇਗੀ। ਦਲਿਤਾਂ ਨੂੰ ਇਸ ਗੱਲ ਤੋਂ ਸ਼ਿਕਾਇਤ ਵੀ ਨਹੀਂ ਰਹਿਣੀ ਚਾਹੀਦੀ ਹੈ। ਹਿੰਦੂਆਂ ਦਾ ਧਰਮ ਗ੍ਰੰਥ ਬਦਲਣ ਦਾ ਉਹਨਾਂ ਨੂੰ ਕੋਈ ਅਧਿਕਾਰ ਨਹੀਂ ਹੈ। ਹਿੰਦੂ ਆਪ ਹੀ ਆਪਣੇ ਧਰਮ ਗ੍ਰੰਥਾਂ ਵਿਚ ਬਦਲਾਅ ਕਰ ਸਕਦੇ ਹਨ ਜਾਂ ਉਨ੍ਹਾਂ ਵਿਚ ਘਿਨਾਉਣੇ ਤੱਤ ਲੱਭ ਸਕਦੇ ਹਨ। ਪਰ ਦਲਿਤਾਂ ਨੂੰ ਇਸ ਬਾਰੇ ਵਿਚ ਕੁਝ ਵੀ ਕਹਿਣ-ਸੁਣਨ ਦੀ ਲੋੜ ਨਹੀਂ ਹੈ। ਉਹਨਾਂ ਦਾ ਕੰਮ ਇਸ ਤਰ੍ਹਾਂ ਦੇ ਸ਼ਾਸਤਰੀ ਆਕਰਸ਼ਣ ਨੂੰ ਨਕਾਰਾ ਕਰਨ ਦਾ ਹੈ। ਉਹਨਾਂ ਨੂੰ ਇਸ ਕੰਮ ਵਿਚ ਉਲਝਣਾ ਨਹੀਂ ਚਾਹੀਦਾ ਹੈ ਕਿ ਹਿੰਦੂ ਸ਼ਾਸਤਰਾਂ ਵਿਚ ਇਸ ਤਰ੍ਹਾਂ ਕਿਉਂ ਲਿਖਿਆ ਹੈ। ਇਹ ਗੱਲ ਉਹਨਾਂ ਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਇਹ ਸ਼ਾਸਤਰ ਉਨ੍ਹਾਂ ਦੇ ਨਹੀਂ ਹਨ। ਹਿੰਦੂਆਂ ਦੇ ਧਰਮ ਸ਼ਾਸਤਰ ਦੇ ਖੰਡਨ ਵਿਚ ਉਹਨਾਂ ਦਾ ਇਕ ਵੀ ਪਲ ਨਹੀਂ ਲੱਗਣਾ ਚਾਹੀਦਾ। ਇਹ ਇਹਨਾਂ ਸ਼ਾਸਤਰਾਂ ਦੀ ਚਾਲ ਹੈ ਦੇ ਦਲਿਤਾਂ ਦੀ ਸਾਰੀ ਊਰਜਾ ਇਨ੍ਹਾਂ ਸ਼ਾਸਤਰਾਂ ਦਾ ਵਿਰੋਧ ਕਰਨ ਵਿਚ ਬੀਤ ਜਾਂਦੀ ਹੈ। ਉਹ ਜੀਵਨ ਵਿਚ ਨਕਾਰਾਤਮਕ ਹੋਣ ਦੇ ਲਈ ਸਰਾਪੇ ਗਏ ਹਨ। ਆਪਣੇ ਲਾਭ ਲਈ ਉਨ੍ਹਾਂ ਨੂੰ ਹਿੰਦੂ ਸ਼ਾਸਤਰਾਂ ਦਾ ਵਿਰੋਧ ਕਰਦੇ ਰਹਿਣ ਦੇ ਝਮੇਲੇ ਤੋਂ ਨਿਕਲ ਕੇ ਜੀਵਨ ਅਤੇ ਜਗਤ ਦੇ ਪ੍ਰਤੀ ਸਿਹਤਮੰਦ ਅਤੇ ਸਕਾਰਾਤਮਕ ਨਜ਼ਰਆ ਅਪਨਾਉਣਾ ਚਾਹੀਦਾ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਜਦ ਤੱਕ ਦਲਿਤ ਲੋਕ ਹਿੰਦੂ ਸ਼ਾਸਤਰਾਂ ਦੇ ਖੰਡਨ ਵਿਚ ਲੱਗੇ ਰਹਿਣਗੇ, ਤਦ ਤੱਕ ਉਹ ਬਿਮਾਰ ਹਨ। ਇਹ ਉਨ੍ਹਾਂ ਕੋਲ ਕੁੱਤੇ ਦੇ ਮੂੰਹ ਵਿਚ ਦਿੱਤੀ ਗਈ ਆਲੋਚਨਾ ਦੀ ਹੱਡੀ ਹੈ, ਜਿਸ ਵਿਚੋਂ ਖੁਦ ਉਹਨਾਂ ਦੇ ਮੂੰਹ ਵਿਚੋਂ ਖੂਨ ਨਿਕਲਦਾ ਹੈ। ਇਸ ਵਿਚ ਉਨ੍ਹਾਂ ਦਾ ਸਮਾਂ, ਧਨ ਅਤੇ ਮਨ ਦੀ ਬਰਬਾਦੀ ਹੁੰਦੀ ਹੈ। ਉਹਨਾਂ ਨੂੰ ਇਸ ਬਰਬਾਦੀ ਤੋਂ ਜ਼ਰੂਰ ਬਚਣਾ ਚਾਹੀਦਾ ਹੈ। ਕੋਈ ਦੂਸਰਾ ਆਪਣੇ ਧਰਮ ਗ੍ਰੰਥ ਵਿਚ ਕੁਝ ਵੀ ਲਿਖੇ। ਇਸ ਨਾਲ ਉਨ੍ਹਾਂ ਨੂੰ ਕੀ ਮਤਲਬ ਹੈ? ਉਹਨਾਂ ਨੂੰ ਦੂਸਰਿਆਂ ਦੀ ਬੁਰਾਈ ਨਾ ਕਰਨ ਦੀ ਬਜਾਏ ਆਪਣਾ ਮੁੱਦਾ ਸਾਹਮਣੇ ਰੱਖਣਾ ਚਾਹੀਦਾ ਹੈ।

ਸਿੱਖਿਆ ਦੇ ਖੇਤਰ ਵਿਚ ਵੀ ਦਲਿਤਾਂ ਦਾ ਆਪਣਾ ਇਕ ਦਰਸ਼ਨ ਠਹਿਰਦਾ ਹੈ। ਇਸ ਖੇਤਰ ਵਿਚ ਦਲਿਤਾਂ ਦਾ ਹਿੱਤ ਆਪਣੇ ਆਪ ਨਹੀਂ ਹੋ ਜਾਵੇਗਾ। ਇਸ ਦੇ ਲਈ ਇਕ ਵਿਚਾਰਯੋਗ ਨਜ਼ਰ ਦੀ ਲੋੜ ਹੈ।

ਸਭ ਤੋਂ ਪਹਿਲੀ ਗੱਲ ਇਹ ਹੀ ਹੈ ਕਿ ਦਲਿਤਾਂ ਨੂੰ ਲੌਕਿਕ ਸਿੱਖਿਆ ਦੇਣੀ ਚਾਹੀਦੀ ਹੈ। ਇਹਨਾਂ ਦੇ ਵਿਸ਼ੇ ਕਲਾ ਵਿਗਿਆਨ ਅਤੇ ਸਮਾਜ ਵਿਗਿਆਨ ਹਨ। ਇਹ ਲੋਕ ਮਿਹਨਤੀ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਜਿਯੋਤਿਸ਼ ਦਾ ਗਿਆਨ ਰੱਖਣ ਦੀ ਕੋਈ ਜ਼ਰੂਰਤ ਨਹੀਂ ਹੈ। ਇਨ੍ਹਾਂ ਨੂੰ ਵੇਦ-ਵੇਦਾਂਤਾ ਪੜ੍ਹਨ ਵਿਚ ਕੁਝ ਨਹੀਂ ਮਿਲਣ ਵਾਲਾ। ਦੇਵਤਿਆਂ ਦੀ ਸ਼ਕਤੀ ਨਾਲ ਇਹਨਾਂ ਦਾ ਕੋਈ ਜੀਵਨ ਨਹੀਂ ਸੁਧਰਦਾ। ਇਨ੍ਹਾਂ ਨੂੰ ਮੈਡੀਕਲ ਅਤੇ ਇੰਜੀਨੀਅਰਿੰਗ ਦੀ ਸਿੱਖਿਆ ਵੱਲ ਜ਼ੋਰ ਦੇਣਾ ਚਾਹੀਦਾ ਹੈ। ਇਹਨਾਂ ਦੀ ਵਿਸ਼ਵ ਦ੍ਰਿਸ਼ਟੀ ਵੇਦ ਦੇ ਪੁਰਖ ਸ਼ਕਤ ਨੂੰ ਕੰਠ ਕਰਨ ਨਾਲ ਨਹੀਂ, ਬਲਕਿ ਗਣਿਤ, ਭੌਤਿਕ ਸ਼ਾਸਤਰ, ਰਸਾਇਣ ਸ਼ਾਸਤਰ, ਜੀਵ ਵਿਗਿਆਨ ਅਤੇ ਬਨਸਪਤੀ ਵਿਗਿਆਨ ਦੇ ਆਧਾਰ 'ਤੇ ਨਿਰਮਿਤ ਹੋਵੇਗੀ। ਇਹ ਭੂਗੋਲ ਅਤੇ ਖਗੋਲ ਦੇ ਮਾਲਕ ਬਣਨਾ ਚਾਹੁੰਦੇ ਹਨ।

ਆਪਣੀ ਲੌਕਿਕ ਨਜ਼ਰ ਵਿਚ ਲੋਕ ਜਨਮ ਅਤੇ ਮਰਨ ਦੇ ਠੀਕ-ਠੀਕ ਅਰਥ ਸਮਝਣਾ ਚਾਹੁੰਦੇ ਹਨ। ਇਸ ਖੇਤਰ ਵਿਚ ਇਹ ਬੈਠੇ ਬਿਠਾਏ ਪੁਨਰਜਨਮ ਦੇ ਸਿਧਾਂਤ ਦੀ ਖੋਜ ਨਹੀਂ ਕਰਦੇ। ਇਹ ਸਵਰਗ-ਨਰਕ ਦੀਆਂ ਕਲਪਨਾਵਾਂ ਨੂੰ ਕਵਿਤਾ ਦੇ ਖੇਤਰ ਵਿਚ ਸੀਮਤ ਰੱਖਣਾ ਚਾਹੁੰਦੇ ਹਨ। ਇਹ ਦੂਸਰੇ ਧਰਮਾਂ ਦੇ ਪਾਪ-ਪੁੰਨ ਦੇ ਭੇਦ ਨੂੰ ਨਹੀਂ ਮੰਨਦੇ, ਪਾਪ, ਪੁੰਨ ਨੂੰ ਆਪਣੀ ਨੈਤਿਕ ਚੇਤਨਾ ਦੇ ਆਧਾਰ 'ਤ ਚੰਗੇ ਅਤੇ ਬੁਰੇ ਆਦਮੀ ਦਾ ਭੇਦ ਕਰਨਾ ਚਾਹੁੰਦੇ ਹਨ।

ਮਾਧਿਅਮ ਦੇ ਰੂਪ ਵਿਚ ਦਲਿਤ ਲੋਕ ਗਿਆਨ ਨੂੰ ਜਨ ਭਾਸ਼ਾਵਾਂ ਨਾਲ ਜੋੜਨਾ ਚਾਹੁੰਦੇ ਹਨ। ਇਹ ਸਿੱਖਿਆ ਦਾ ਹਊਆ ਬਣਨਾ ਨਹੀਂ ਚਾਹੁੰਦੇ। ਇਹ ਆਪਣੇ ਦੇਸ਼ ਵਿਚ ਵਿਦੇਸ਼ੀ ਭਾਸ਼ਾਵਾਂ ਦੇ ਪ੍ਰਚਲਨ ਨੂੰ ਚੰਗਾ ਨਹੀਂ ਸਮਝਦੇ। ਇਨ੍ਹਾਂ ਨੇ ਸੰਸਕ੍ਰਿਤ ਨੂੰ ਜਨ ਭਾਸ਼ਾਵਾਂ ਦੀਆਂ ਦੁਸ਼ਮਣ ਭਾਸ਼ਾ ਮੰਨਿਆ ਹੈ। ਇਹ ਆਪਣੀ ਦੇਸੀ ਭਾਸ਼ਾ ਨੂੰ ਵਿਕਸਿਤ ਕਰਨਾ ਚਾਹੁੰਦੇ ਹਨ। ਇਹਨਾਂ ਦੀ ਭਾਸ਼ਾਵਾਂ ਦੇ ਦੇਸੀ ਬੋਲ ਸੰਸਕ੍ਰਿਤ, ਫਾਰਸੀ ਅਤੇ ਅੰਗਰੇਜ਼ੀ ਦੇ ਸ਼ਬਦਾਂ ਤੋਂ ਭਿੰਨ ਹਨ। ਪ੍ਰੰਤੂ ਦੂਜੇ ਲੋਕ ਸਿੱਖਿਆ ਨੂੰ ਬਿਨਾਂ ਜ਼ਰੂਰਤ ਤੋਂ ਮਹਿੰਗੀ ਕਰਕੇ ਉਸਨੂੰ ਦਲਿਤਾਂ ਲਈ ਅਣਉਪਬਲਧ ਰੱਖਣਾ ਚਾਹੁੰਦੇ ਹਨ। ਉਹ ਆਪਣੀ ਅਯੋਗ ਔਲਾਦ ਨੂੰ ਵਿਦੇਸ਼ੀ ਭਾਸ਼ਾਵਾਂ ਦੀ ਏ. ਬੀ. ਸੀ. ਡੀ. ਪੜ੍ਹਾ ਕੇ ਉਹਨਾਂ ਨੂੰ ਦਲਿਤਾਂ ਦੇ ਬੱਚਿਆਂ ਦੇ ਮੁਕਾਬਲੇ ਵਿਚ ਫਰਜ਼ੀ ਰੂਪ ਨਾਲ ਯੋਗ ਸਿੱਧ ਕਰਨ ਵਿਚ ਤੁਲੇ ਰਹਿੰਦੇ ਹਨ। ਦਲਿਤ ਸਿੱਖਿਆ ਸਿਧਾਂਤ ਮੰਨਦਾ ਹੈ ਕਿ ਆਪਣੀ ਭਾਸ਼ਾ ਨਕਾਰ ਕੇ ਵਿਦੇਸ਼ੀ ਭਾਸ਼ਾਵਾਂ ਪੜ੍ਹਨ ਤੇ ਇਸ ਤਰ੍ਹਾਂ ਪੜ੍ਹੇ-ਲਿਖੇ ਬੱਚੇ ਵਿਦੇਸ਼ੀ ਹੋ ਜਾਂਦੇ ਹਨ ਪਰ ਗੁਣਵਾਨ ਅਤੇ ਯੋਗ ਨਹੀਂ, ਦਲਿਤ ਸਿੱਖਿਆ ਦਾ ਦਰਸ਼ਨ ਵਿਦੇਸ਼ੀ ਭਾਸ਼ਾ ਦੇ ਆਧਾਰ 'ਤੇ ਖੜ੍ਹੀ ਕੀਤੀ ਗਈ 'ਮੈਰਿਟ' ਦੇ ਵਿਰੁੱਧ ਲੜਦਾ ਹੈ।

ਦਲਿਤਾਂ ਦਾ ਅਰਥ ਦਰਸ਼ਨ ਵੀ ਸਭ ਤੋਂ ਵੱਖ ਹੈ। ਹੁਣ ਤੱਕ ਇਹ ਬਾਕੀ ਸਮਾਜ ਦੇ ਦਾਸ ਬਣੇ ਰਹੇ ਹਨ। ਹਿੰਦੂਆਂ ਦੇ ਧਰਮ ਸ਼ਾਸਤਰਾਂ ਵਿਚ ਇਨ੍ਹਾਂ ਦਾ ਅਧਿਕਾਰ ਦੂਸਰਿਆਂ ਦੀ ਸੇਵਾ ਕਰਨ ਦੇ ਸਿਵਾ ਕੁਝ ਨਹੀਂ ਮੰਨਿਆ ਗਿਆ ਹੈ। ਇਨ੍ਹਾਂ ਦੇ ਬਜ਼ਾਰ ਨਹੀਂ ਹੋ ਸਕਦੇ ਅਤੇ ਇਹ ਬਜ਼ਾਰ ਵਿਚ ਕੋਈ ਦੁਕਾਨ ਨਹੀਂ ਖੋਲ੍ਹ ਸਕਦੇ। ਬਜ਼ਾਰ ਵਿਚ ਇਨ੍ਹਾਂ ਦੇ ਹੱਥ ਤੋਂ ਕੋਈ ਵੀ ਚੀਜ਼ ਨਹੀਂ ਖਰੀਦੇਗਾ। ਇਹਨਾਂ ਦੇ ਹੱਥ ਦਾ ਪਾਣੀ ਪੀਣਾ ਵੀ ਮਨ੍ਹਾ ਸੀ। ਇਹ ਵਪਾਰ ਨਹੀਂ ਕਰ ਸਕਦੇ ਅਤੇ ਇਨ੍ਹਾਂ ਦੇ ਕਾਰੋਬਾਰ ਜਦ ਚਾਹੋ ਖੋਹ ਲਏ ਜਾਣ ਦਾ ਵਿਧਾਨ ਸੀ। ਇਨ੍ਹਾਂ ਨੂੰ ਨਿੱਜੀ ਸੰਪਤੀ ਦਾ ਕੋਈ ਅਧਿਕਾਰ ਨਹੀਂ ਸੀ।

ਹੁਣ ਸਰਕਾਰੀ ਸੇਵਾਵਾਂ ਵਿਚ ਰਾਖਵਾਂਕਰਨ ਮਿਲਣ ਦੇ ਬਾਅਦ ਇਨ੍ਹਾਂ ਲੋਕਾਂ ਨੇ ਕੁਝ ਪੈਸਾ ਦੇਖਿਆ ਹੈ। ਹੁਣ ਕਿਤੇ-ਕਿਤੇ ਇਹ ਸਾਗ-ਸਬਜ਼ੀ ਵੇਚਣ ਦੀ ਦੁਕਾਨ ਵੀ ਕਰ ਲੈਂਦੇ ਹਨ। ਭੂਮੀ ਸੁਧਾਰ ਦੇ ਬਾਅਦ ਥੋੜ੍ਹੀ ਖੇਤੀ ਲਈ ਜ਼ਮੀਨ ਵੀ ਇਨ੍ਹਾਂ ਦੇ ਕਬਜ਼ੇ ਵਿਚ ਆਈ ਹੈ। ਪਰ ਇਕ ਸ਼ਕਤੀਸ਼ਾਲੀ ਸਮਾਜਿਕ ਵਰਗ ਦੇ ਰੂਪ ਵਿਚ ਵਿਕਸਤ ਹੋਣ ਦੇ ਲਈ ਇਹ ਥੋੜ੍ਹੀ ਜਿਹੀ ਧਨਸੰਪਤੀ ਸਾਧਨ ਨਹੀਂ ਹੈ। ਇਕ ਜਾਤੀ ਦੇ ਰੂਪ ਵਿਚ ਇਨ੍ਹਾਂ ਨੂੰ ਆਰਥਿਕ ਖੇਤਰ ਵਿਚ ਆਤਮ ਨਿਰਭਰ ਬਣਨਾ ਚਾਹੀਦਾ ਹੈ। ਇਸ ਤਰ੍ਹਾਂ ਹੋਵੇ ਕਿ ਜੇਕਰ ਅੱਗੇ ਖਰਾਬ ਸਮਾਂ ਆਉਣ ਤੇ ਕੋਈ ਦੁਬਾਰਾ ਇਹਨਾਂ ਦਾ ਸਮਾਜਿਕ ਨਾਮਿਲਵਰਤਣ ਕਰਨ ਦੀ ਕੋਸ਼ਿਸ਼ ਕਰੇ ਤਾਂ ਬਚਾਅ ਵਿਚ ਇਹ ਲੋਕ ਆਪਣੀ ਆਰਥਿਕ ਦੁਨੀਆਂ ਆਪ ਹੋਣ। ਉਸ ਹਾਲਤ ਵਿਚ ਇਨ੍ਹਾਂ ਨੂੰ ਰੋਟੀ ਦੇ ਲਾਲੇ ਨਾ ਪੈ ਜਾਣ। ਇਨ੍ਹਾਂ ਦੇ ਹੱਥ ਵਿਚ ਜੇਕਰ ਆਰਥਿਕ ਜਗਤ ਦੇ ਹਰੇਕ ਖੇਤਰ ਵਿਚ ਸਮੁਚਿਤ ਅਤੇ ਪ੍ਰਭਾਵਸ਼ਾਲੀ ਹਿੱਸਾ ਨਹੀਂ ਆਉਂਦਾ ਤਾਂ ਘੱਟੋ-ਘੱਟ ਉਸਦੇ ਕੁਝ ਖੇਤਰ ਪੂਰਨ ਰੂਪ ਨਾਲ ਇਨ੍ਹਾਂ ਦੇ ਪੂਰੀ ਅਰਥ-ਵਿਵਸਥਾ ਨੂੰ ਪ੍ਰਭਾਵਿਤ ਕਰ ਸਕਣ। ਇਨ੍ਹਾਂ ਨੂੰ ਦੂਸਰਿਆਂ ਦੀ ਮੁਹਤਾਜੀ ਨਹੀਂ ਵੇਖਣੀ ਹੈ। ਉਸ ਤਰ੍ਹਾਂ ਸਰਕਾਰ ਨੇ ਇਸ ਵਿਸ਼ੇ ਵਿਚ ਹੋਰ ਵੀ ਸੂਝ-ਬੂਝ ਨਾਲ ਕੰਮ ਲਿਆ ਹੈ। ਸਰਕਾਰ ਦਲਿਤ ਵਰਗ ਨੂੰ ਆਰਥਿਕ ਜਗਤ ਦੇ ਕਿਸੇ ਇਕ ਜਾਂ ਦੋ ਖੇਤਰਾਂ ਵਿਚ ਸੀਮਤ ਨਹੀਂ ਰਹਿਣ ਦੇਣਾ ਚਾਹੁੰਦੀ। ਕੇਂਦਰ ਸਰਕਾਰ, ਰਾਜ ਸਰਕਾਰ ਦੇ ਬਜਟ ਦੀ ਵੰਡ ਇਸ ਪ੍ਰਕਾਰ ਕਰਦੀ ਹੈ ਕਿ ਹਰ ਆਰਥਿਕ ਗਤੀਵਿਧੀ ਵਿਚ ਇਨ੍ਹਾਂ ਵਰਗਾਂ ਦਾ ਉਸ ਪ੍ਰਦੇਸ਼ ਵਿਚ ਇਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਵਿਚ ਹਿੱਸਾ ਹੋਵੇ। ਉਦੇਸ਼ ਇਹ ਹੀ ਹੈ ਕਿ ਇਸ ਨਾਲ ਇਨ੍ਹਾਂ ਵਰਗਾਂ ਦਾ ਸਰਵਉਚ ਵਿਕਾਸ ਹੋਵੇਗਾ। ਦਲਿਤਾਂ ਨੂੰ ਆਪਣੇ ਪਰਿਵਾਰਾਂ ਬਾਰੇ ਵੀ ਸੋਚਣਾ ਹੈ ਕਿਉਂਕਿ ਵਿਜੇਤਾ ਜਾਤੀਆਂ ਦੇ ਪਰਿਵਾਰਾਂ ਦੀ ਦਸ਼ਾ ਹਾਰੀ ਹੋਈ ਜਾਤੀਆਂ ਦੇ ਪਰਿਵਾਰਾਂ ਦੀ ਦਸ਼ਾ ਤੋਂ ਭਿੰਨ ਹੁੰਦੀ ਹੈ।

ਮੂਲ ਸਮੱਸਿਆ ਨਾਰੀ ਨੂੰ ਲੈ ਕੇ ਹੈ। ਇਸਦੇ ਲਈ ਸਾਰੇ ਧਰਮਾਂ ਨੇ ਆਪਣੇ-ਆਪਣੇ ਹੱਲ ਦਿੱਤੇ ਹਨ, ਜਦਕਿ ਦੇਸ਼ ਅਤੇ ਜਾਤੀ ਨੂੰ ਪਾਲਣ ਦੀ ਜ਼ਿੰਮੇਵਾਰੀ ਪੁਰਸ਼ ਨੇ ਆਪਣੀ ਜ਼ਿਆਦਾ ਮੰਨੀ ਹੈ। ਉਹ ਹੀ ਇਕ ਧਰਮ ਨੂੰ ਦੂਸਰੇ ਧਰਮ ਤੱਕ ਲੈ ਗਿਆ ਹੈ ਅਤੇ ਉਸ ਨੇ ਹੀ ਆਪਣੇ ਧਰਮ ਦੀ ਸਵਦੇਸ਼ ਵਿਚ ਬਾਹਰੀ ਮੁਕਾਬਲਿਆਂ ਤੋਂ ਰੱਖਿਆ ਕੀਤੀ ਹੈ। ਉਹ ਹੀ ਆਪਣੀ ਬਹੂ-ਬੇਟੀਆਂ ਨੂੰ ਪਰਾਏ ਮਰਦਾਂ ਦੀ ਬੁਰੀ ਨਜ਼ਰ ਤੋਂ ਬਚਾਉਣਾ ਹੈ ਤਾਂ ਇਕ ਪ੍ਰਕਿਰਿਆ ਵਿਚ ਉਸਨੇ ਨਾਰੀ 'ਤੇ ਕਾਬੂ ਵੀ ਰੱਖਿਆ ਹੈ। ਮਨ ਚੰਚਲ ਹੋ ਸਕਦਾ ਹੈ। ਸੁੰਦਰਤਾ ਨੂੰ ਵੇਖ ਕੇ ਕੋਈ ਆਪਣੀ ਨੀਯਤ ਵਿਗਾੜ ਸਕਦਾ ਹੈ। ਇਸ ਲਈ ਇਸਲਾਮ ਨੇ ਨਾਰੀ ਨੂੰ ਪੂਰੀ ਬੁਰਕੇ ਨਾਲ ਢੱਕ ਦਿੱਤਾ ਸੀ। ਹਿੰਦੂ ਸਮਾਜ ਨੇ ਆਪਣੀਆਂ ਔਰਤਾਂ ਨੂੰ ਵਿਧਵਾ ਵਿਆਹ ਅਤੇ ਪੁਨਰਵਿਆਹ ਦੀ ਮਨਾਹੀ ਕਰਕੇ ਉਹਨਾਂ ਨੂੰ ਸਤੀ ਹੋਣ ਤੱਕ ਲਈ ਮਜਬੂਰ ਕਰ ਦਿੱਤਾ ਸੀ। ਖੁਦ ਯੂਰਪ ਦੀ ਹਾਲਤ ਵੇਖੀ ਜਾ ਸਕਦੀ ਹੈ ਕਿ ਉਥੇ ਨਾਰੀ ਨੂੰ ਪੁਰਸ਼ ਤੋਂ ਸੁਤੰਤਰ ਹੋਣ ਲਈ ਕਿੰਨਾ ਸੰਘਰਸ਼ ਕਰਨਾ ਪਿਆ ਹੈ। ਪ੍ਰੰਤੂ ਔਰਤਾਂ ਨੂੰ ਲੇ ਕੇ ਭਾਰਤ ਵਿਚ ਦਲਿਤਾਂ ਦੀ ਵੱਖਰੀ ਕਹਾਣੀ ਹੈ। ਡਾ. ਪੀ. ਵੀ. ਕਾਣੇ ਆਪਣੀ ਪੁਸਤਕ 'ਧਰਮ ਸ਼ਾਸਤਰ ਦਾ ਇਤਿਹਾਸ ਦੇ ਪਹਿਲੇ ਭਾਗ ਵਿਚ ਧਰਮਸੂਤਰ ਦੇ ਹਵਾਲੇ ਤੋਂ ਦੱਸਦੇ ਹਨ ਕਿ 'ਵੈਸ਼ਿਆ ਤੇ ਸ਼ੂਦਰ ਆਪਣੀ ਔਰਤਾਂ ਨੂੰ ਕਾਬੂ ਵਿਚ ਨਹੀਂ ਰੱਖ ਸਕਦੇ ਅਤੇ ਖੁਦ ਖੇਤੀਬਾੜੀ ਅਤੇ ਸੇਵਾ ਦੇ ਕੰਮਾਂ ਵਿਚ ਲੱਗੇ ਰਹਿੰਦੇ ਹਨ।' ਵੇਸ਼ਵਾਵਾਂ ਨੇ ਆਪਣੇ ਆਪ ਨੂੰ ਜਿਸ ਤਰ੍ਹਾਂ ਵੀ ਸੰਭਾਲਿਆ ਹੋਵੇ, ਪ੍ਰੰਤੂ ਕਈ ਦੇਸ਼ਾਂ ਵਿਚ ਸ਼ੂਦਰਾਂ ਦੀ ਹਾਲਤ ਜਿਉਂ ਦੀ ਤਿਉਂ ਚੱਲ ਰਹੀ ਹੈ। ਇਹ ਅਜੇ ਤੱਕ ਆਪਣੀਆਂ ਔਰਤਾਂ 'ਤੇ ਕਾਬੂ ਨਹੀਂ ਪਾ ਸਕੇ ਹਨ।

ਦਲਿਤਾਂ ਨੂੰ ਦੂਜੀਆਂ ਕੌਮਾਂ ਨਾਲ ਸੰਘਰਸ਼ ਕਰਨ ਤੋਂ ਪਹਿਲਾਂ ਆਪਣੇ ਘਰਾਂ ਨੂੰ ਜ਼ਰੂਰ ਦੇਖਣਾ ਚਾਹੀਦਾ ਹੈ। ਆਖਰ ਦਲਿਤ ਜਾਤੀਆਂ ਦੂਸਰੀਆਂ ਜਾਤੀਆਂ ਤੋਂ ਮੁਕਤੀ ਕਿਸ-ਕਿਸ ਰੂਪ ਵਿਚ ਪ੍ਰਾਪਤ ਕਰਨਾ ਚਾਹੁੰਦੀ ਹੈ? ਦੂਸਰੀ ਜਾਤੀਆਂ ਦੇ ਪੁਰਸ਼ਾਂ ਤੋਂ ਆਪਣੀ ਬਹੂ-ਬੇਟੀ ਦੀ ਰੱਖਿਆ ਬਹੁਤ ਜ਼ਰੂਰੀ ਹੈ। ਪਰ ਉਦੋਂ ਕੀ ਕੀਤਾ ਜਾਵੇ ਜਦੋਂ ਇਨ੍ਹਾਂ ਦੀਆਂ ਬਹੂ ਬੇਟੀਆਂ ਖੁਦ ਦੂਸਰੀ ਜਾਤੀਆਂ ਦੇ ਪੁਰਸ਼ਾਂ ਦੇ ਨਾਲ ਭੱਜਣਾ ਚਾਹੁੰਦੀਆਂ ਹੋਣ? ਇਸੇ ਦੂਸਰੀ ਗੱਲ ਦੇ ਲਈ ਦਲਿਤ ਇਸਤਰੀਆਂ 'ਤੇ ਕਾਬੂ ਰੱਖਣਾ ਬਹੁਤ ਜ਼ਰੂਰੀ ਹੈ। ਦਲਿਤ ਇਕ-ਜਾਤੀ ਦੇ ਰੂਪ ਵਿਚ ਹੁਣ ਤੱਕ ਇਸ ਕੰਮ ਤੋਂ ਝਕਦੇ ਰਹੇ ਹਨ। ਇਸ ਨਾਲ ਇਨ੍ਹਾਂ ਦੀਆਂ ਔਰਤਾਂ ਸੁਤੰਤਰ ਹੋਣ ਦੀ ਬਜਾਏ ਬੇਇੱਜਤ ਹੋ ਜਾਂਦੀਆਂ ਹਨ। ਉਹ ਪੁਰਸ਼ਾਂ ਦੇ ਨਾਲ ਵਿਭਚਾਰ ਕਰ ਬੈਠਦੀਆਂ ਹਨ। ਵੈਸੇ ਵੀ ਗੁਲਾਮ ਲੋਕਾਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਕਦੀ ਸੁਰੱਖਿਅਤ ਨਹੀਂ ਸਮਝੀ ਜਾ ਸਕਦੀ।

ਦਲਿਤਾਂ ਦਾ ਇਕ ਪਰਿਵਾਰ ਦਰਸ਼ਨ ਹੋਣਾ ਚਾਹੀਦਾ ਹੈ। ਵਿਆਹ ਅਤੇ ਤਲਾਕ, ਬੱਚੇ ਅਤੇ ਪੋਸ਼ਣ, ਜਾਇਦਾਦ ਅਤੇ ਗੋਦ ਦੇ ਬਾਰੇ ਵਿਚ ਇਹਨਾਂ ਦੇ ਆਪਣੇ ਮਾਲਕਾਂ ਸਮਾਜ ਕਾਨੂੰਨ ਹੋਣੇ ਚਾਹੀਦੇ ਹਨ। ਭਿੰਨ ਪ੍ਰੰਪਰਾ ਦੇ ਕਾਰਨ ਇਨ੍ਹਾਂ ਦਾ ਤਲਾਕ ਉਸ ਤਰ੍ਹਾਂ ਨਹੀਂ ਹੋ ਸਕਦਾ, ਜਿਸ ਤਰ੍ਹਾਂ ਦੂਸਰੇ ਸਮਾਜ ਵਿਚ ਹੁੰਦਾ ਹੈ। ਦੂਸਰੇ ਸਮਾਜ ਵਿਚ ਕਾਨੂੰਨ ਆ ਜਾਣ ਦੇ ਬਾਅਦ ਵੀ ਤਲਾਕ ਅਸੰਭਵ ਹੈ ਜਦਕਿ ਦਲਿਤ ਸਮਾਜ ਦੀਆਂ ਔਰਤਾਂ ਕਾਨੂੰਨ ਉਪਲਬਧ ਨਾ ਹੋਣ 'ਤੇ ਵੀ ਦੌੜਦੀਆਂ ਫਿਰ ਰਹੀਆਂ ਹਨ। ਜਦ ਤੱਕ ਇਸ ਗੈਰ-ਜ਼ਿੰਮੇਦਾਰੀ 'ਤੇ ਰੋਕ ਨਹੀਂ ਲੱਗੇਗੀ। ਦਲਿਤ ਪਰਿਵਾਰ ਸਿੱਖਿਆ ਆਦਿ ਦੇ ਖੇਤਰ ਵਿਚ ਕਦੇ ਅੱਗੇ ਨਹੀਂ ਵੱਧ ਪਾਏਗਾ। ਕਈ ਦਲਿਤ ਔਰਤਾਂ ਆਪਣੇ ਬੱਚਿਆਂ ਦੀ ਸਿੱਖਿਆ 'ਤੇ ਕਹਿਰ ਬਣ ਕੇ ਬੈਠ ਜਾਂਦੀਆਂ ਹਨ। ਕਹਿਣ ਦਾ ਭਾਵ ਇਹ ਹੈ ਕਿ ਗ੍ਰਹਿਸਥ ਜੀਵਨ ਵਿਚ ਦਲਿਤ ਦੀ ਸਮੱਸਿਆ ਦੇ ਲਈ ਗੈਰ ਦਲਿਤਾਂ ਦਾ ਫੈਸਲਾ ਨਹੀਂ ਚੱਲ ਸਕਦਾ। ਤਲਾਕ ਅਤੇ ਭਰਣ-ਪੋਸ਼ਣ ਦੇ ਮਾਮਲੇ ਵਿਚ ਇਨ੍ਹਾਂ ਨੇ ਆਪਣੀ ਸਮੱਸਿਆ ਦਾ ਹੱਲ ਆਪਣੇ ਢੰਗ ਨਾਲ ਕੱਢ ਰੱਖਿਆ ਹੈ। ਇਸ ਵਿਚ ਕਤਲ ਅਤੇ ਆਤਮ ਹੱਤਿਆ ਤੋਂ ਪਹਿਲਾਂ ਤਲਾਕ ਹੋ ਜਾਂਦਾ ਸੀ। ਬੱਚੇ ਮਾਂ ਨਾਲ ਵੀ ਪਲ ਜਾਂਦੇ ਸੀ ਅਤੇ ਪਿਓ ਨਾਲ ਵੀ। ਮਾਂ ਦੇ ਨਾਲ ਆਇਆ ਪਿੱਛੇ ਦਾ ਬੱਚਾ ਅਗਲੇ ਘਰ ਵੀ ਇੱਜਤਦਾਰ ਇਨਸਾਨ ਹੁੰਦਾ ਸੀ। ਆਪਣੀ ਕਾਬਲੀਅਤ ਦੇ ਆਧਾਰ 'ਤੇ ਉਹ ਨਵੇਂ ਬਾਪ ਦੇ ਪਿੰਡ ਵਿਚ ਚੌਧਰੀ ਤੱਕ ਬਣ ਜਾਂਦਾ ਸੀ। ਇਹ ਠੀਕ ਨਹੀਂ ਹੈ ਕਿ ਗ੍ਰਹਿਸਥ ਜੀਵਨ ਵਿਚ ਇਨ੍ਹਾਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉ ਬਣੀਆਂ ਰਹਿਣ ਅਤੇ ਇਹਨਾਂ ਦੇ ਇਤਿਹਾਸਕ ਹੱਕ ਖੋਹ ਲਏ ਜਾਣ। ਇਸ ਨਾਲ ਸਮਾਜ ਵਿਚ ਨੰਗਾਪਣ ਹੀ ਵਧਦਾ ਹੈ।

ਅੰਤ ਵਿਚ ਭਾਵੀ ਦਲਿਤ ਫਲਸਫੇ ਦਾ ਇਕ ਛੋਟਾ ਜਿਹਾ ਖਾਕਾ ਖਿੱਚਿਆ ਜਾ ਸਕਦਾ ਹੈ ਕਿ ਪਰੰਪਰਾ ਦੇ ਰੂਪ ਵਿਚ ਜਾਂ ਮੌਖਿਕ ਬਾਣੀ ਦੇ ਰੂਪ ਵਿਚ ਜੋ ਉਹਨਾਂ ਦਾ ਨਿੱਜੀ ਬਚਿਆ ਹੈ, ਉਸ ਨੂੰ ਹੀ ਸੁਰੱਖਿਅਤ ਰੱਖਣਾ ਹੈ। ਇਹ ਧਰਮਾਂਤਰਣ ਦੇ ਦੁਆਰਾ ਲਪੇਟਿਆ ਹੋਇਆ ਜਾਂ ਥੋਪਿਆ ਹੋਇਆ ਜੀਵਨ ਦਰਸ਼ਨ ਨਹੀਂ ਹੋਣਾ ਚਾਹੀਦਾ। ਇਹਨਾਂ ਦਾ ਜੋ ਅੱਜ ਤੱਕ ਬਾਕੀ ਬਚਿਆ ਹੈ ਉਹ ਲੁਕਾਇਤੀ ਪ੍ਰੰਪਰਾ ਦਲਿਤ ਸੰਤ ਬਾਣੀ, ਤਲਾਕ ਦੀ ਮਾਨਤਾ ਅਤੇ ਦੇਸੀ ਭਾਸ਼ਾਵਾਂ ਹਨ। ਇਹਨਾਂ ਦੀਆਂ ਇਹ ਜਾਇਦਾਦਾਂ ਘੱਟ ਨਹੀਂ ਹਨ ਅਤੇ ਇਹਨਾਂ ਵਿਚ ਬਿਨਾਂ ਨੁਕਸ ਕੱਢਿਆਂ ਇਹਨਾਂ ਚਾਰਾਂ ਨੇ ਇਕੱਠੇ ਸਵੀਕਾਰ ਕੀਤਾ ਜਾਂਦਾ ਹੈ। ਕਿਹਾ ਜਾ ਸਕਦਾ ਹੈ ਕਿ ਲੋਕਾਇਤ ਅਤੇ ਨਿਰਗੁਣ ਸੰਤਾਂ ਦਾ ਮਿਲਣ ਠੀਕ ਨਹੀਂ ਬਹਿੰਦਾ, ਲੇਕਿਨ ਇਹ ਸੱਚ ਨਹੀਂ ਹੈ। ਲੋਕਾਇਤ ਕੋਈ ਜੜ੍ਹ ਪਰੰਪਰਾ ਨਹੀਂ ਸੀ, ਇਸ ਨੂੰ ਵਿਕਸਿਤ ਹੋਣਾ ਸੀ। ਇਸੇ ਤਰ੍ਹਾਂ ਲੋਕਾਇਤ ਵੀ ਸੰਤ ਮੱਤ ਤੱਕ ਵਿਕਸਿਤ ਹੋਇਆ ਹੈ। ਵੈਦਿਕ ਵਿਚ ਕਈ ਦਰਸ਼ਨ ਪਰਮਾਤਮਾ ਨੂੰ ਨਹੀਂ ਮੰਨਦੇ। ਇਹ ਹੀ ਕਹਾਣੀ ਲੋਕਾਇਤ ਦੇ ਸੰਤ ਮੱਤ ਤੱਕ ਦੀ ਹੈ। ਲੋਕਾਇਤ ਅਤੇ ਨਿਰਗੁਣ ਸੰਤ ਮੱਤ ਦੋ ਭਿੰਨ ਪ੍ਰੰਪਰਾਵਾਂ ਨਹੀਂ ਹਨ, ਬਲਕਿ ਇਹ ਇਕ ਹੀ ਮਹਾਨਦੀ ਹੈ, ਜਿਹੜੀ ਕਿ ਭਾਰਤ ਵਿਚ ਵਹਿੰਦੀ ਹੈ, ਜਿੱਥੇ ਇਹ ਧਾਰਾ ਸੁੰਕਦੀ ਹੋਈ ਦਿੱਸਦੀ ਹੈ, ਉਥੇ ਇਹ ਦਲਿਤਾਂ ਦੇ ਦਿਲਾਂ ਵਿਚ ਸਰਸਵਤੀ ਦੀ ਤਰ੍ਹਾਂ ਅੰਦਰ ਹੀ ਅੰਦਰ ਹੈ। ਲੋਕਾਇਤ ਦੇ ਨਿਰਗੁਣ ਸੰਤ ਮੱਤ ਬਣਨ ਵਿਚ ਕੁਝ ਵੀ ਅਜੂਬਾ ਨਹੀਂ ਹੈ। ਇਸ ਦੇਸ਼ ਵਿਚ ਸਭ ਤੋਂ ਵੱਡਾ ਦਾਰਸ਼ਨਿਕ ਅਜੂਬਾ ਸ਼ੰਕਰਾਚਾਰੀਆ ਦੇ ਉਸ ਵੇਦਾਨਤ ਵਿਚ ਸੀ, ਜਿਸ ਵਿਚ ਇਕ ਗੱਲ ਤੋਂ ਅਦਵੈਤਵਾਦ ਦੀ ਹੀ, ਪ੍ਰਤੀਸ਼ਠਾ ਕੀਤੀ ਜਾ ਰਹੀ ਸੀ ਅਤੇ ਦੂਜੀ ਗੱਲ ਤੋਂ ਸ਼ੂਦਰ ਦਾ ਵਰਤਾਓ ਕੀਤਾ ਜਾ ਰਿਹਾ ਸੀ। ਦਲਿਤ ਸੰਤਾਂ ਦੇ ਨਿਰਗੁਣ ਧਰਮ ਨੂੰ ਸ-ਪਰਮਾਤਮਾ ਲੋਕਾਇਤ ਕਿਹਾ ਜਾ ਸਕਦਾ ਹੈ। ਖੁਦ ਲੋਕਾਇਤ ਦਰਸ਼ਨ ਨੂੰ 'ਨਿਰੀਸ਼ਵਰ ਨਿਰਗੁਣ ਧਰਮ' ਦਾ ਨਾਮ ਦਿੱਤਾ ਜਾ ਸਕਦਾ ਹੈ।

'ਦਲਿਤ' ਸ਼ਬਦ ਦੀ ਵਿਆਖਿਆ ਬਾਕੀ ਰਹਿ ਜਾਂਦੀ ਹੈ। ਇਸ ਸ਼ਬਦ ਨੂੰ ਲੈ ਕੇ ਕਈ ਲੋਕਾਂ ਨੂੰ ਖਾਸੀ ਪ੍ਰੇਸ਼ਾਨੀ ਹੋ ਜਾਂਦੀ ਹੈ ਅਤੇ 'ਦਲਿਤ ਵਰਗ' ਅੰਗਰੇਜ਼ੀ ਦੇ 'ਡਿਪ੍ਰੈਸਡ ਕਲਾਸਿਸ' ਦਾ ਅਨੁਵਾਦ ਹੈ, ਇਸਦਾ ਅਰਥ ਸਮਾਜ ਦੇ ਉਸ ਵਰਗ ਤੋਂ ਹੈ ਜੋ ਸਤਾਇਆ ਗਿਆ ਹੈ। ਪ੍ਰੰਤੂ ਹੁਣ ਇਹ ਵਰਗ ਸਤਾਇਆ ਹੋਇਆ ਰਹਿਣ ਵਾਲਾ ਨਹੀਂ, ਇਹ ਹਿੰਦੂਆਂ ਤੋਂ ਪਹਿਲੀ ਪਹਿਚਾਣ ਦੇ ਲਈ ਸਦਾ ਦਲਿਤ ਕਹਿਲਾਉਂਦੇ ਰਹਿਣ ਨੂੰ ਤਿਆਰ ਨਹੀਂ ਹੈ, ਇਹ ਵਿਰੋਧੀ ਸ਼ਕਤੀਆਂ ਤੋਂ ਇਸ ਲਈ ਸੰਘਰਸ਼ ਕਰ ਰਿਹਾ ਹੈ ਤਾਂ ਕਿ ਇਹ ਅੱਜ ਦਾ ਦਲਿਤ ਨਾ ਰਹਿ ਸਕੇ ਪਰ ਜਦੋਂ ਇਹ ਵਰਗ ਅੱਜ ਦੇ ਅਰਥ ਦਾ ਦਲਿਤ ਨਹੀਂ ਰਹਿ ਜਾਵੇਗਾ। ਤਦ ਇਸ ਸ਼ਬਦ ਦੇ ਨਾਲ ਕੀ ਹੋਵੇਗਾ? ਇਕ ਉਤਰ ਇਹ ਹੈ ਕਿ ਤਦ ਦਲਿਤਾਂ ਨੂੰ ਸੰਬੋਧਿਤ ਕਰਨ ਲਈ ਕੋਈ ਨਵਾਂ ਸ਼ਬਦ ਲੈ ਲਿਆ ਜਾਵੇਗਾ। ਜਿਸ ਵਿਚ ਕੁਝ ਵੀ ਬੁਰਾਈ ਨਹੀਂ ਹੋਵੇਗੀ। ਇਸਦਾ ਦੂਸਰਾ ਉਤਰ ਇਹ ਹੈ ਕਿ 'ਦਲਿਤ' ਸ਼ਬਦ ਦਾ ਅਰਥ ਸਤਾਇਆ ਹੋਇਆ ਨਹੀਂ ਰਹਿ ਜਾਵੇਗਾ। ਆਖਿਰ 'ਦਲਿਤ' ਸ਼ਬਦ 'ਦਲ' ਤੋਂ ਬਣਿਆ ਹੈ। ਜਿਸ ਵਿਚ 'ਦਲਵੀਰ' ਅਤੇ 'ਦਲੇਰ' ਵਰਗੇ ਵੀਰਤਾ ਦੇ ਸੂਚਕ ਸ਼ਬਦ ਬਣਦੇ ਹਨ। ਕੇਰਲ ਦੇ ਇਕ ਮਹਾਨ ਕ੍ਰਾਂਤੀਕਾਰੀ ਦਾ ਨਾਮ ਕੁਝ ਹੋਰ ਨਹੀਂ ਬਲਕਿ 'ਵਲੂਤੰਪ ਦਲਵਾ' ਸੀ। ਇਹ ਉਪਨਾਮ 'ਦਲਵਾ' ਆਪਣੀ ਸਾਰਥਿਕਤਾ ਦਰਸਾਉਂਦਾ ਹੈ। ਤਦ 'ਦਲਿਤ' ਦਾ ਅਰਥ ਇਹ ਹੋ ਜਾਵੇਗਾ ਕਿ ਉਹ ਲੋਕ ਜਿਹੜੇ ਸਮਾਜ ਵਿਚ ਦਲ ਦੇ ਅਰਥਾਤ ਸਮੂਹ ਦੇ ਰੂਪ ਵਿਚ ਸੰਗਠਿਤ ਰਹਿੰਦੇ ਹਨ। ਇਹ ਦਲਿਤ ਦੇ ਗੈਰ-ਦਲਿਤ ਹੋਣ ਤੱਕ ਦੀ ਯਾਤਰਾ ਹੋਵੇਗੀ।

# ਵਰਕ ਫਰਾਮ ਹੋਮ ਬਣੀ ਜ਼ਰੂਰਤ ਬਣੀ

ਅਭਿਸ਼ੇਕ ਕੁਮਾਰ ਸਿੰਘ

ਕੋਰੋਨਾ ਸੰਕਟ ਦੇ ਇਸ ਦੌਰ ਵਿਚ ਕੋਈ ਨਹੀਂ ਜਾਣਦਾ ਕਿ ਕੋਵਿਡ-19 ਮਹਾਮਾਰੀ ਦੇ ਕਹਿਰ ਨੂੰ ਕਦੋਂ ਠੱਲ੍ਹ ਪਵੇਗੀ ਅਤੇ ਕਦੋਂ ਜ਼ਿੰਦਗੀ ਪਹਿਲਾਂ ਵਾਂਗ ਲੀਹੇ ਪਵੇਗੀ? ਸਿਰਫ਼ ਪੜ੍ਹਾਈ-ਲਿਖਾਈ ਹੀ ਨਹੀਂ, ਕਈ ਅਜਿਹੇ ਕੰਮਕਾਜ ਵੀ ਇਸ ਮਜਬੂਰੀ ਵਿਚ ਘਰ ਬੈਠੇ ਅਤੇ ਆਨਲਾਈਨ ਕਰਵਾਏ ਜਾ ਰਹੇ ਹਨ ਜਿਨ੍ਹਾਂ ਬਾਰੇ ਇਸ ਮਹਾਮਾਰੀ ਤੋਂ ਪਹਿਲਾਂ ਸਿਰਫ਼ ਵਿਚਾਰ-ਚਰਚਾ ਦੇ ਪੱਧਰ 'ਤੇ ਹੀ ਸੋਚ-ਵਿਚਾਰ ਹੁੰਦੀ ਸੀ। ਜ਼ਿਆਦਾਤਰ ਦਫ਼ਤਰਾਂ ਵਿਚ ਅਧਿਕਾਰੀ ਇਸ ਨੂੰ ਲੈ ਕੇ ਜ਼ਿਆਦਾ ਵਿਚਾਰ ਨਹੀਂ ਕਰਦੇ ਸਨ ਕਿ ਬਹੁਤ ਸਾਰੇ ਅਜਿਹੇ ਕੰਮ ਹਨ ਜਿਨ੍ਹਾਂ ਨੂੰ ਘਰੋਂ ਕੀਤਾ ਜਾ ਸਕਦਾ ਹੈ ਪਰ ਕੋਰੋਨਾ ਸੰਕਟ ਕਾਰਨ ਉਪਜੀ ਬੇਯਕੀਨੀ ਨੇ ਵਰਕ ਫਰਾਮ ਹੋਮ ਅਰਥਾਤ ਘਰ ਤੋਂ ਕੰਮ ਕਰਨ ਦੀ ਮਜਬੂਰੀ ਨੂੰ ਇਕ ਜ਼ਰੂਰਤ ਵਿਚ ਬਦਲ ਦਿੱਤਾ ਹੈ।

ਹੁਣ ਦਫ਼ਤਰੀ ਕੰਮਕਾਜ ਦੇ ਇਲਾਵਾ ਖ਼ਰੀਦੋ-ਫਰੋਖਤ ਅਤੇ ਨਿੱਜੀ-ਸਰਕਾਰੀ ਬੈਠਕਾਂ ਨਾਲ ਜੁੜੇ ਤਮਾਮ ਕੰਮ ਜਾਂ ਤਾਂ ਆਨਲਾਈਨ ਹੋ ਰਹੇ ਹਨ ਜਾਂ ਆਨਲਾਈਨ ਕਰਨ ਦੀ ਤਿਆਰੀ ਹੈ ਤਾਂ ਕਿ ਕੋਵਿਡ-19 ਦਾ ਦੌਰ ਲੰਬਾ ਖਿੱਚ ਹੋਣ 'ਤੇ ਦੁਨੀਆ ਦੇ ਚੱਲਣ ਵਿਚ ਕੋਈ ਜ਼ਿਆਦਾ ਮੁਸ਼ਕਲ ਨਾ ਆਵੇ। ਅਜਿਹੀਆਂ ਖ਼ਬਰਾਂ ਬੀਤੇ ਸਾਲ ਹੀ ਚਰਚਾ ਵਿਚ ਆ ਗਈਆਂ ਸਨ ਕਿ ਦੇਸ਼ ਅਤੇ ਦੁਨੀਆ ਦੀਆਂ ਜ਼ਿਆਦਾਤਰ ਆਈਟੀ ਕੰਪਨੀਆਂ ਨੇ ਆਪਣੇ ਕਰਮਚਾਰੀਆਂ ਨੂੰ ਅਗਲੇ ਕਈ ਮਹੀ-ਨਿਆਂ ਲਈ ਵਰਕ ਫਰਾਮ ਹੋਮ ਦੀ ਛੋਟ ਦੇ ਦਿੱਤੀ ਹੈ। ਭਾਰਤ ਦੀਆਂ ਪੰਜ ਚੋਟੀ ਦੀਆਂ ਆਈਟੀ ਕੰਪਨੀਆਂ ਨੇ ਵੱਧਦੀ ਮੰਗ ਦੀ ਭਰਪਾਈ ਲਈ ਆਪਣੇ ਇੱਥੇ ਬੰਪਰ ਭਰਤੀਆਂ ਕਰਨ ਦੀ ਯੋਜਨਾ ਬਣਾਈ ਹੈ। ਨਵੀਆਂ ਬੰਪਰ ਭਰਤੀਆਂ ਦੀ ਸੂਚਨਾ ਇਹ ਵੀ ਦੱਸਦੀ ਹੈ ਕਿ ਬਦਲੇ ਹੋਏ ਹਾਲਾਤ ਮੁਤਾਬਕ ਦੇਸ਼ ਦੀਆਂ ਤਮਾਮ ਕੰਪਨੀਆਂ ਆਪਣਾ ਜ਼ਿਆਦਾਤਰ ਕੰਮਕਾਜ ਡਿਜੀਟਲ ਪਲੇਟਫਾਰਮ 'ਤੇ ਲਿਆਉਣਾ ਚਾਹੁੰਦੀਆਂ ਹਨ ਪਰ ਇਸ ਦੇ ਲਈ ਉਨ੍ਹਾਂ ਕੋਲ ਕੋਈ ਮੁਹਾਰਤ ਜਾਂ ਤਜਰਬਾ ਨਹੀਂ ਹੈ। ਇਸ ਲਈ ਉਹ ਆਈਟੀ ਕੰਪਨੀਆਂ ਦੀ ਮਦਦ ਲੈਣੀ ਸ਼ੁਰੂ ਕਰ ਰਹੀਆਂ ਹਨ।

ਇਸ ਸੂਚਨਾ ਦਾ ਇਕ ਸਿਰਾ ਇਸ ਨਾਲ ਵੀ ਜੁੜਿਆ ਹੈ ਕਿ ਫ਼ਿਲਹਾਲ ਆਈਟੀ ਤੋਂ ਇਲਾਵਾ ਜਿਨ੍ਹਾਂ ਕੰਪਨੀਆਂ ਨੇ ਵਰਕ ਫਰਾਮ ਹੋਮ ਦੀ ਮਜਬੂਰੀ ਨੂੰ ਹੰਗਾਮੀ ਉਪਾਵਾਂ ਦੇ ਤੌਰ 'ਤੇ ਅਪਨਾਇਆ ਹੈ, ਹੁਣ ਉਹ ਇਨ੍ਹਾਂ ਸਾਰੇ ਫੌਰੀ ਉਪਾਵਾਂ ਨੂੰ ਸਥਾਈ ਪ੍ਰਬੰਧਾਂ ਵਿਚ ਬਦਲਣਾ ਚਾਹੁੰਦੀਆਂ ਹਨ। &; ਇਹ ਵੀ ਸੰਭਵ ਹੈ ਕਿ ਉਨ੍ਹਾਂ ਨੂੰ ਇਸ ਨਵੀਂ ਵਿਵਸਥਾ ਵਿਚ ਕਈ ਫ਼ਾਇਦੇ ਨਜ਼ਰ ਆ ਗਏ ਹੋਣ। ਦਫ਼ਤਰ ਦੀ ਥਾਂ ਘਰੋਂ ਕੰਮ ਕਰਨ ਦਾ ਮੂਲ ਸੁਝਾਅ ਸਭ ਤੋਂ ਪਹਿਲਾਂ ਇਕ ਅਮਰੀਕੀ ਪ੍ਰਬੰਧਕ ਡੇਮ ਸਟੀਫਨ ਸ਼ਰਲੀ ਨੇ ਦਿੱਤਾ ਸੀ। ਉਨ੍ਹਾਂ ਨੇ ਇਹ ਵਿਚਾਰ ਕੰਪਨੀਆਂ ਦੇ ਅੱਗੇ ਰੱਖਿਆ ਸੀ ਕਿ ਜੇ ਆਧੁਨਿਕ ਤਕਨੀਕ ਦੀ ਮਦਦ ਲਈ ਜਾਵੇ ਤਾਂ ਕਈ ਦਫ਼ਤਰੀ ਕੰਮ ਅਜਿਹੇ ਹਨ ਜਿਨ੍ਹਾਂ ਨੂੰ ਘਰੋਂ ਕਰ ਸਕਦੇ ਹੋ। ਆਨਲਾਈਨ



ਪੜ੍ਹਾਈ ਨੇ ਵੀ ਇਸ ਬਹਿਸ ਨੂੰ ਅੱਗੇ ਵਧਾਇਆ ਹੈ ਕਿ ਜੇ ਪੜ੍ਹਾਈ ਅਤੇ ਪ੍ਰੀਖਿਆ ਦੇ ਪ੍ਰਬੰਧ ਸਕੂਲ-ਕਾਲਜ ਆਏ ਬਗੈਰ ਹੋ ਸਕਦੇ ਹਨ ਤਾਂ ਕਈ ਹੋਰ ਜ਼ਰੂਰੀ ਕੰਮਾਂ ਨੂੰ ਵੀ ਘਰੋਂ ਹੀ ਸਿਰੇ ਕਿਉਂ ਨਹੀਂ ਚਾੜ੍ਹਿਆ ਜਾ ਸਕਦਾ?

ਸਨਅਤੀ ਸੰਗਠਨ ਐਸੋਚੈਮ ਨੇ ਬੀਤੇ ਸਾਲ ਦੇਸ਼ ਦੀਆਂ ਸਾਢੇ ਤਿੰਨ ਹਜ਼ਾਰ ਕੰਪਨੀਆਂ ਦੇ ਪ੍ਰਬੰਧਕਾਂ ਵਿਚਾਲੇ ਇਕ ਸਰਵੇ ਕਰਵਾ ਕੇ ਇਸ ਯੋਜਨਾ ਦੀ ਟੋਹ ਲਈ ਸੀ। ਇਸ ਸਰਵੇਖਣ ਦਾ ਸਿੱਟਾ ਸੀ ਕਿ ਮਾਰਚ 2020 ਦੇ ਲਾਕਡਾਊਨ ਤੋਂ ਬਾਅਦ ਕੰਪਨੀਆਂ ਆਪਣੇ ਦਫ਼ਤਰਾਂ ਦੀ ਰੂਪ-ਰੇਖਾ ਬਦਲਣ ਵਿਚ ਲੱਗ ਗਈਆਂ ਸਨ। ਟਾਟਾ ਕੰਸਲਟੈਂਸੀ ਸਰਵਿਸਿਜ਼ ਨੇ ਤਾਂ ਉਸੇ ਦੌਰਾਨ ਇਹ ਐਲਾਨ ਕਰ ਦਿੱਤਾ ਸੀ ਕਿ ਉਸ ਦੀ ਯੋਜਨਾ 2025 ਤਕ ਆਪਣੇ 75 ਫ਼ੀਸਦੀ ਕਰਮਚਾਰੀਆਂ ਨੂੰ ਵਰਕ ਫਰਾਮ ਹੋਮ ਨੀਤੀ ਤਹਿਤ ਕੰਮ ਕਰਨ ਦੇਣ ਦੀ ਹੈ। ਇਹ ਸਹੀ ਹੈ ਕਿ ਸਾਰੇ ਤਰ੍ਹਾਂ ਦੇ ਕੰਮਾਂ ਨੂੰ ਕੰਮ ਵਾਲੇ ਸਥਾਨਾਂ ਤੋਂ ਹਟਾ ਕੇ ਘਰ ਨਹੀਂ ਭੇਜਿਆ ਜਾ ਸਕਦਾ। ਇਸ ਵਿਚ ਕਈ ਵਿਵਹਾਰਕ ਅੜਚਨਾਂ ਵੀ ਹਨ ਪਰ ਇਸ ਦੇ ਰਸਤੇ ਵੀ ਨਿਕਲ ਸਕਦੇ ਹਨ।

ਇਸ ਕੋਰੋਨਾ ਕਾਲ ਵਿਚ ਦੁਨੀਆ ਵਿਚ ਪ੍ਰਚਲਿਤ ਹੋਏ ਵਰਕ ਫਰਾਮ ਹੋਮ ਦੇ ਫ਼ਲਸਫ਼ੇ ਨੇ ਕੁਝ ਹਾਂ-ਪੱਖੀ ਨਜ਼ਾਰੇ ਵੀ ਦਿਖਾਏ। ਜੇਕਰ ਲੋੜ ਪੈਣ 'ਤੇ ਕਈ ਕੰਮ ਘਰ ਬੈਠੇ ਪੂਰੇ ਹੋ ਸਕਦੇ ਹਨ ਤਾਂ ਧਰਤੀ ਦੇ ਸਾਹਮਣੇ ਮੌਜੂਦ ਪੌਣ-ਪਾਣੀ ਸਬੰਧੀ ਚੁਣੌਤੀਆਂ ਅਤੇ ਸ਼ਹਿਰਾਂ 'ਤੇ ਪੈ ਰਹੇ ਬੇਇੰਤਹਾ ਦਬਾਅ ਦਾ ਆਸਾਨੀ ਨਾਲ ਸਾਹਮਣਾ ਕੀਤਾ ਜਾ ਸਕਦਾ ਹੈ।

ਵਰਕ ਫਰਾਮ ਹੋਮ ਜਾਂ ਕਹੀਏ ਕਿ ਦੁਨੀਆ ਚਲਾਉਣ ਦੇ ਆਨਲਾਈਨ ਪ੍ਰਬੰਧਾਂ ਦਾ ਕਿੰਨਾ ਵੱਧ ਫ਼ਾਇਦਾ ਸਾਡੀ ਧਰਤੀ ਅਤੇ ਕੁਦਰਤ ਨੂੰ ਹੋ ਸਕਦਾ ਹੈ, ਇਹ ਗੱਲ ਬੀਤੇ ਅਰਸੇ ਵਿਚ ਸਾਫ਼ ਹੋਏ ਪੌਣ-ਪਾਣੀ ਦੇ ਰੂਪ ਵਿਚ ਦਿਸੀ। ਘਰ ਨੂੰ ਦਫ਼ਤਰ ਵਿਚ ਬਦਲਣ ਦੀ ਜ਼ਰੂਰਤ ਅਸਲ ਵਿਚ ਇਸ ਲਈ ਵੀ ਜ਼ਿਆਦਾ ਹੈ ਕਿਉਂਕਿ ਜ਼ਿਆਦਾਤਰ ਸ਼ਹਿਰਾਂ ਵਿਚ ਘਰਾਂ ਤੋਂ ਦਫ਼ਤਰਾਂ ਦੀਆਂ ਦੂਰੀਆਂ ਵੱਧ ਰਹੀਆਂ ਹਨ। ਕੰਮਕਾਜੀ ਆਬਾਦੀ ਨੂੰ ਦਫ਼ਤਰ ਪੁੱਜਣ ਲਈ ਲੰਬੀ ਦੂਰੀ ਦੇ ਇਲਾਵਾ ਟਰੈਫਿਕ ਜਾਮ ਅਤੇ ਟਰਾਂਸਪੋਰਟੇਸ਼ਨ ਦੇ ਵੱਧਦੇ ਖ਼ਰਚਿਆਂ ਨੂੰ ਵੀ ਸਹਿਣ ਕਰਨਾ ਪੈਂਦਾ ਹੈ।

ਕਾਰੋਬਾਰੀ ਇਲਾਕਿਆਂ ਵਿਚ ਦਫ਼ਤਰਾਂ ਦਾ ਕਿਰਾਇਆ ਕਾਫ਼ੀ ਮਹਿੰਗਾ ਹੈ ਜੋ ਕੰਪਨੀਆਂ ਨੂੰ ਭਾਰੀ ਪੈਂਦਾ ਹੈ। ਦਫ਼ਤਰਾਂ ਵਿਚ ਏਅਰ ਕੰਡੀਸ਼ਨਿੰਗ ਦੇ ਪ੍ਰਬੰਧ ਵਿਚ ਬਿਜਲੀ ਦਾ ਬੇਇੰਤਹਾ ਖ਼ਰਚਾ ਕਈ ਹੋਰ ਤਰ੍ਹਾਂ ਦੇ ਦਬਾਅ ਪੈਦਾ ਕਰਦਾ ਹੈ। ਘਰ ਤੋਂ ਕੰਮ ਕਰਨ ਨਾਲ ਲੋਕਾਂ ਦਾ ਤਣਾਅ ਘੱਟਦਾ ਹੈ ਅਤੇ ਬਿਜਲੀ ਤੇ ਪੈਟਰੋਲ-ਡੀਜ਼ਲ ਆਦਿ ਸੋਮਿਆਂ ਦਾ ਖ਼ਰਚਾ ਵੀ ਬਚਦਾ ਹੈ। ਬੇਸ਼ੱਕ ਬੇਯਕੀਨੀਆਂ ਤਾਂ ਅਜੇ ਵੀ ਬਹੁਤ ਹਨ ਪਰ ਮਨੁੱਖੀ ਇਤਿਹਾਸ ਵਿਚ ਇਹ ਅਜਿਹਾ ਪਹਿਲਾ ਮੌਕਾ ਹੈ ਜਦ ਸੰਪੂਰਨ ਲਾਕਡਾਊਨ, ਸੈਮੀ ਲਾਕਡਾਊਨ ਅਤੇ ਨਾਈਟ ਕਰਫਿਊ ਵਰਗੀਆਂ ਤਮਾਮ ਬੰਦਿਸ਼ਾਂ ਦੇ ਬਾਵਜੂਦ ਕੁਝ ਚੀਜ਼ਾਂ ਨੂੰ ਛੱਡ ਕੇ ਦੁਨੀਆ ਦਾ ਜ਼ਿਆਦਾਤਰ ਕਾਰੋਬਾਰ ਇਸ ਦੌਰ ਵਿਚ ਬਾਦਸਤੂਰ ਚੱਲਦਾ ਰਿਹਾ ਹੈ।

ਲੋਕਾਂ ਨੂੰ ਰਾਸ਼ਨ-ਪਾਣੀ ਮਿਲ ਰਿਹਾ ਹੈ, ਦਵਾਈਆਂ ਸਮੇਤ ਕਈ ਜ਼ਰੂਰੀ ਚੀਜ਼ਾਂ ਦੀ ਸਪਲਾਈ ਪਹਿਲਾਂ ਵਾਂਗ ਹੀ ਹੋ ਰਹੀ ਹੈ, ਅਖ਼ਬਾਰ ਛਪ ਰਹੇ ਹਨ ਅਤੇ ਪ੍ਰੀਖਿਆ ਵਿਚ ਰੁਕਾਵਟਾਂ ਨੂੰ ਛੱਡ ਕੇ ਸਿੱਖਿਆ ਦਾ ਸਿਲਸਿਲਾ ਵੀ ਜਾਰੀ ਹੈ। ਪੜ੍ਹਾਈ ਹੀ ਨਹੀਂ, ਇੰਟਰਨੈੱਟ, ਸਮਾਰਟਫੋਨ, ਲੈਪਟਾਪ ਅਤੇ ਕਈ ਤਰ੍ਹਾਂ ਦੀਆਂ ਐਪਸ ਨੇ ਇਹ ਵੀ ਮੁਮਕਿਨ ਕਰ ਦਿਖਾਇਆ ਹੈ ਕਿ ਫਿਲਮਕਾਰਾਂ ਤੋਂ ਲੈ ਕੇ ਆਮ ਲੋਕ ਵੀ ਘਰ ਬੈਠੇ ਕੋਈ ਛੋਟੀ-ਮੋਟੀ ਫਿਲਮ ਬਣਾ ਲੈਣ ਅਤੇ ਉਸ ਨੂੰ ਦੁਨੀਆ ਭਰ ਵਿਚ ਪਹੁੰਚਾ ਦੇਣ।

ਜੇਕਰ ਕਿਸੇ ਕਾਰਨ ਪ੍ਰਬੰਧਕਾਂ ਨੇ ਆਪਣੇ ਕਰਮਚਾਰੀਆਂ ਨੂੰ ਦਫ਼ਤਰ ਆਉਣ ਦਾ ਦਬਾਅ ਪਾਇਆ ਤਾਂ ਭਵਿੱਖ ਵਿਚ ਅਜਿਹੀ ਹੀ ਕੋਈ ਮੁਸ਼ਕਲ ਆਉਣ 'ਤੇ ਆਨਲਾਈਨ ਕੰਮਕਾਜ ਨੂੰ ਪਟੜੀ 'ਤੇ ਲਿਆਉਣਾ ਆਸਾਨ ਨਹੀਂ ਹੋਵੇਗਾ। ਅਸਲ ਵਿਚ ਜ਼ਿਆਦਾਤਰ ਪ੍ਰਬੰਧਕਾਂ ਨੂੰ ਅਜੇ ਵੀ ਲੱਗਦਾ ਹੈ ਕਿ ਘਰ ਬੈਠਾ ਕਰਮਚਾਰੀ ਦਫ਼ਤਰ ਨਾਲੋਂ ਜ਼ਿਆਦਾ ਘਰ ਦੇ ਕੰਮ ਹੀ ਨਿਬੇੜਦਾ ਹੈ।

ਇਹ ਪੁਰਾਤਨ ਸੋਚ ਬਦਲਣੀ ਹੋਵੇਗੀ। ਹਾਲਾਂਕਿ ਇੰਟਰਨੈੱਟ ਦੀ ਰਫ਼ਤਾਰ ਅਤੇ ਸਿੱਖਿਆ ਦੇ ਮਾਮਲੇ ਵਿਚ ਵਿਦਿਆਰਥੀਆਂ ਨੂੰ ਲੈਪਟਾਪ-ਸਮਾਰਟਫੋਨ ਖ਼ਰੀਦਣ ਦੀਆਂ ਮਜਬੂਰੀਆਂ ਵੀ ਹਨ ਪਰ ਦੁਨੀਆ ਨੂੰ ਜੇਕਰ ਬਦਲਣਾ ਹੈ ਤਾਂ ਇਨ੍ਹਾਂ ਦੇ ਰਸਤੇ ਵੀ ਕੱਢਣੇ ਹੋਣਗੇ।





## ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਦੁਨੀਆਂ ਦੇ 180 ਦੇਸ਼ਾਂ ਵਿੱਚੋਂ ਲੱਗਭੱਗ 73 ਦੇਸ਼ਾਂ ਵਿੱਚ ਪੱਤਰਕਾਰਤਾ ਤੇ ਲੱਗਭੱਗ ਮੁਕੰਮਲ ਪਾਬੰਦੀ



ਕੁਲਦੀਪ ਚੰਦ
91-9417563054

ਨਿਰਪੱਖ ਅਤੇ ਅਜ਼ਾਦ ਪੱਤਰਕਾਰਤਾ ਇੱਕ ਅਜਿਹਾ ਸ਼ੀਸ਼ਾ ਹੈ ਜੋਕਿ ਲੋਕਾਂ ਨੂੰ ਸਹੀ ਤਸਵੀਰ ਵਿਖਾਂਉਦਾ ਹੈ। ਖਬਰਾਂ ਦੇ ਵੱਖ ਵੱਖ ਮਾਧਿਅਮਾਂ ਪ੍ਰਿੰਟ ਮੀਡੀਆ, ਇਲਾਕਟ੍ਰਾਨਿਕ ਮੀਡੀਆ, ਆਨਲਾਇਨ ਮੀਡੀਆ ਆਦਿ ਦਾ ਬਿਨਾਂ ਕਿਸੇ ਦਬਾਓ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈਸ ਦੀ ਅਸਲੀ ਆਜ਼ਾਦੀ ਹੈ। ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਪੱਤਰਕਾਰਤਾ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਵਿਸਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਦ ਹਰ ਸਾਲ 03 ਮਈ ਨੂੰ ਵਿਸਵ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜ੍ਹੇ ਲੋਕਾਂ ਵਲੋਂ ਪੱਤਰਕਾਰਤਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸਦੇ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਸੰਗਠਨ ਅਨੁਸਾਰ ਦੁਨੀਆਂ ਦੇ 180 ਦੇਸ਼ਾਂ ਵਿੱਚੋਂ ਲੱਗਭੱਗ 73 ਦੇਸ਼ਾਂ ਵਿੱਚ ਪੱਤਰਕਾਰਤਾ ਤੇ ਲੱਗਭੱਗ ਮੁਕੰਮਲ ਪਾਬੰਦੀ ਹੈ ਅਤੇ ਲੱਗਭੱਗ 59 ਹੋਰ ਦੇਸ਼ਾਂ ਵਿੱਚ ਵੀ ਪੂਰੀ ਅਜ਼ਾਦੀ ਨਹੀਂ ਹੈ। ਇਸ ਤਰਾਂ ਲੱਗਭੱਗ 73 ਫਿਸਦੀ ਦੇਸ਼ਾਂ ਵਿੱਚ ਪ੍ਰੈਸ ਤੇ ਤਰਾਂ ਤਰਾਂ ਦੀਆਂ ਪਾਬੰਦੀਆਂ ਹਨ। ਇਸ ਸਾਲ ਸਿਰਫ 12 ਦੇਸ਼ ਹੀ ਅਜਿਹੇ ਹਨ ਜਿੱਥੇ ਪੱਤਰਕਾਰਾਂ ਲਈ ਅਜਾਦੀ ਨਾਲ ਕੰਮ ਕਰਨ ਦਾ ਵਾਤਾਵਰਣ ਹੇ ਜਦਕਿ ਪਿਛਲੇ ਸਾਲ ਇਨ੍ਹਾਂ ਦੀ ਗਿਣਤੀ 13 ਸੀ। ਇਸ ਸਾਲ ਦੁਨੀਆਂ ਵਿੱਚ 8 ਪੱਤਰਕਾਰ ਅਤੇ 4 ਮੀਡੀਆ ਅਸਿਸਟੈਂਟ ਮਾਰੇ ਗਏ ਹਨ, 317 ਪੱਤਰਕਾਰਾਂ, 13 ਮੀਡੀਆ ਅਸਿਸਟੈਂਟ ਅਤੇ 100 ਨਾਗਰਿਕ ਪੱਤਰਕਾਰਾਂ ਨੂੰ ਜੇਲ ਭੇਜਿਆ ਗਿਆ ਹੈ। ਵਿਸ਼ਵ ਪ੍ਰੈਸ ਅਜਾਦੀ ਇੰਡੈਕਸ ਅਨੁਸਾਰ ਪੱਤਰਕਾਰਾਂ ਦੀ ਅਜਾਦੀ ਦੇ ਮਾਮਲੇ ਵਿੱਚ ਨਾਰਵੇ ਦੀ ਹਾਲਤ ਸਭ ਤੋਂ ਵਧੀਆ ਹੈ ਅਤੇ ਪਹਿਲੇ ਨੰਬਰ ਤੇ ਹੈ, ਫਿਨਲੈਂਡ ਦੂਜੇ ਨੰਬਰ ਤੇ ਅਤੇ ਡੈਨਮਾਰਕ ਤੀਜੇ ਨੰਬਰ ਤੇ ਹੈ। ਐਰੀਟਰੀਆ ਦੀ ਹਾਲਤ ਸਭ ਤੋਂ ਬੁਰੀ ਹੈ ਅਤੇ 180ਵੇਂ ਨੰਬਰ ਤੇ ਹੈ। ਦੱਖਣੀ ਏਸ਼ੀਆ ਦੇ ਮੁਲਕਾਂ ਵਿੱਚ ਪੱਤਰਕਾਰਤਾ ਦੀ ਅਜਾਦੀ ਸਭ ਤੋਂ ਵੱਧ ਖਤਰੇ ਵਿੱਚ ਹੈ। ਸਾਡੇ ਗੁਆਂਢੀ ਮੁੱਲਕ ਪੱਤਰਕਾਰਤਾ ਦੀ ਅਜਾਦੀ ਦੇ ਮਾਮਲੇ ਵਿੱਚ ਕਾਫੀ ਪਿੱਛੇ ਹਨ। ਇਸ ਮਾਮਲੇ ਵਿੱਚ ਪਾਕਿਸਤਾਨ 145ਵੇਂ, ਬੰਗਲਾ ਦੇਸ਼ 152ਵੇਂ, ਨੇਪਾਲ 106ਵੇਂ, ਸ੍ਰੀ ਲੰਕਾ 127ਵੇਂ ਅਤੇ ਚੀਨ 177ਵੇਂ ਨੰਬਰ ਤੇ ਹੈ। ਭਾਰਤ ਦੀ ਹਾਲਤ ਗੁਆਂਢੀ ਦੇਸ਼ਾਂ ਨਾਲੋਂ ਕੁੱਝ ਠੀਕ ਹੈ ਅਤੇ 142ਵੇਂ ਨੰਬਰ ਤੇ ਹੈ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟਜ਼ ਅਨੁਸਾਰ ਇੱਕ ਦਹਾਕੇ ਦੌਰਾਨ ਹੀ ਸੰਸਾਰ ਵਿੱਚ ਲੱਗਭੱਗ 318 ਪੱਤਰਕਾਰ ਕੰਮ ਦੌਰਾਨ ਮਾਰੇ ਗਏ ਹਨ ਅਤੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਵਿੱਚੋਂ ਲੱਗਭੱਗ 86 ਫਿਸਦੀ ਮਾਮਲਿਆਂ ਦੀ ਸਹੀ ਜਾਂਚ ਵੀ ਨਹੀਂ ਕੀਤੀ ਗਈ ਅਤੇ ਕਿਸੇ ਵੀ ਦੋਸ਼ੀ ਖਿਲਾਫ ਸਫਲਤਾ ਪੂਰਬਕ ਮੁਕੱਦਮਾ ਨਹੀਂ ਚਲਾਇਆ ਗਿਆ ਹੈ। ਪਹਿਲਾਂ ਪੱਤਰਕਾਰਤਾ ਇੱਕ ਮਿਸ਼ਨ ਸੀ ਅਤੇ ਮੀਡੀਆ ਨਾਲ ਜੁੜ੍ਹੇ ਲੋਕਾਂ ਦੀ ਸਮਾਜ ਪ੍ਰਤੀ ਵਿਸ਼ੇਸ਼ ਜਿੰਮੇਵਾਰੀ ਹੁੰਦੀ ਸੀ ਪਰ ਹੁਣ ਬਹੁਤੇ ਮੀਡੀਆ ਅਦਾਰਿਆਂ ਤੇ ਵਪਾਰਿਕ ਘਰਾਣੇ ਅਤੇ ਰਾਜਨੇਤਾ ਕਾਬਜ਼ ਹੋ ਰਹੇ ਹਨ। ਕਈ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਆਪਣੀ ਸਾਖ ਕਾਇਮ ਰੱਖੀ ਹੋਈ ਹੈ ਪਰੰਤੂ ਕੁੱਝ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਕਈ ਮੀਡੀਆ ਕਰਮੀਆਂ ਦੀ ਨਾਕਾਰਤਮਕ ਸੋਚ ਅਤੇ ਕਾਰਜਪ੍ਰਣਾਲੀ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ। ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਸਾਡੇ ਸਭ ਲਈ ਖਤਰਨਾਕ ਸੰਕੇਤ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਦੁਨੀਆਂ ਵਿੱਚ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਭਾਰਤ ਵਿੱਚ ਪ੍ਰੈਸ ਨੂੰ ਵਾਚਡਾੱਗ ਅਤੇ ਪ੍ਰੈਸ ਪਰਿਸ਼ਦ ਨੂੰ ਮੋਰਲ ਵਾਚਡਾੱਗ ਕਿਹਾ ਜਾਂਦਾ ਹੈ। 4 ਜੁਲਾਈ 1966 ਨੂੰ ਭਾਰਤੀ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਇਹਨਾਂ ਸਾਰੀਆਂ ਸਮਾਜਿਕ ਬੁਰਾਈਆਂ ਦੇ ਲਈ ਸਿਰਫ ਮੀਡੀਆ ਨੂੰ ਦੋਸ਼ੀ ਠਹਿਰਾਉਣਾ ਉਚਿੱਤ ਨਹੀਂ ਹੈ। ਮੀਡੀਆ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ, ਪਰ ਕਦੀ-ਕਦੀ ਮੀਡੀਆ ਸਮਾਜ ਅਤ। ਹਾਲਾਤ ਤੋਂ ਵੀ ਪ੍ਰਭਾਵਿਤ ਹੋਣ ਲੱਗਦਾ ਹੈ। ਭਾਰਤੀ ਪ੍ਰੈਸ ਪਰਿਸ਼ਦ ਦੇ ਨਿਰਦੇਸ਼ਾਂ ਅਨੁਸਾਰ 17 ਅਕਤੂਬਰ 2011 ਨੂੰ 6 ਮੈਂਬਰੀ ਸਬ-ਕਮੇਟੀ ਬਣਾਈ ਗਈ। ਇਹ ਕਮੇਟੀ ਦੇਸ਼ ਦੇ ਉਹਨਾਂ 11 ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਲੱਗਭੱਗ 1200 ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ, ਸਿਵਲ ਅਧਿਕਾਰੀਆਂ, ਉਚ ਪੁਲਿਸ ਅਫਸਰਾਂ, ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ।




ਇਸ ਕਮੇਟੀ ਨੇ ਪੱਤਰਕਾਰਾਂ ਤੇ ਹੋ ਰਹੇ ਹਮਲਿਆਂ ਅਤੇ ਪੱਤਰਕਾਰਾਂ ਦੀ ਭੂਮਿਕਾ ਬਾਰੇ ਵੱਖ ਵੱਖ ਸੂਬਿਆਂ ਵਿੱਚ ਵਿਚਾਰ ਵਟਾਂਦਰਾ ਕੀਤਾ। ਭਾਰਤੀ ਪ੍ਰੈਸ ਪਰਿਸ਼ਦ ਦੀ ਸਾਲਾਨਾ ਰਿਪੋਰਟ ਅਨੁਸਾਰ ਇੱਕ ਸਾਲ ਦੌਰਾਨ ਪਰਿਸ਼ਦ ਕੋਲ ਕੁੱਲ 1333 ਸਿਕਾਇਤਾਂ ਪਹੁੰਚੀਆਂ ਹਨ ਜਿਨ੍ਹਾਂ ਵਿੱਚੋਂ 221 ਸ਼ਕਾਇਤਾਂ ਪ੍ਰੈਸ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਲਈ ਪ੍ਰਾਪਤ ਹੋਈਆਂ ਹਨ ਅਤੇ 1112 ਪੱਤਰਕਾਰਾਂ ਖਿਲਾਫ ਹੀ ਮਿਲੀਆਂ ਹਨ। ਭਾਰਤ ਵਿੱਚ 2017 ਦਾ ਸਾਲ ਪੱਤਰਕਾਰਤਾ ਲਈ ਕਾਫੀ ਖਤਰਨਾਕ ਰਿਹਾ ਹੈ ਅਤੇ ਇਸ ਸਾਲ ਦੌਰਾਨ 11 ਪੱਤਰਕਾਰਾਂ ਦਾ ਕਤਲ ਹੋਇਆ 46 ਪੱਤਰਕਾਰਾਂ ਤੇ ਹਮਲੇ ਹੋਏ ਅਤੇ 27 ਪੱਤਰਕਾਰਾਂ ਖਿਲਾਫ ਪੁਲਿਸ ਵਲੋਂ ਕੇਸ ਦਰਜ਼ ਕੀਤੇ ਗਏ ਅਤੇ ਗ੍ਰਿਫਤਾਰ ਕੀਤੇ ਗਏ। ਸਤੰਬਰ 2017 ਵਿੱਚ ਹੋਏ ਗੋਰੀ ਲੰਕੇਸ਼ ਦੇ ਕਤਲ ਨੇ ਸੱਚ ਲਿਖਣ ਵਾਲੇ ਪੱਤਰਕਾਰਾਂ ਤੇ ਮੰਡਰਾ ਰਹੇ ਖਤਰੇ ਨੂੰ ਪੂਰੀ ਦੁਨੀਆਂ ਸਾਹਮਣੇ ਲਿਆਂਦਾ ਹੈ। ਇਸ ਮਾਮਲੇ ਵਿੱਚ ਪੁਲਿਸ ਵਲੋਂ ਨਵੰਬਰ 2018 ਵਿੱਚ 18 ਦੋਸੀਆਂ ਖਿਲਾਫ ਲੱਗਭੱਗ 9325 ਪੰਨਿਆਂ ਦੀ ਚਾਰਜਸੀਟ ਫਾਇਲ ਕੀਤੀ ਗਈ ਪਰੰਤੂ ਦੋ ਸਾਲਾਂ ਬਾਦ ਵੀ ਅਜੇ ਤੱਕ ਕੇਸ ਦਾ ਟਰਾਇਲ ਨਹੀਂ ਚੱਲਿਆ ਹੈ। ਇੱਕ ਰਿਪੋਰਟ ਅਨੁਸਾਰ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਪਿਛਲੇ 5 ਸਾਲਾਂ ਦੌਰਾਨ ਪੱਤਰਕਾਰਾਂ ਤੇ ਲੱਗਭੱਗ 198 ਹਮਲੇ ਹੋਣ ਦੇ ਮਾਮਲੇ ਸਾਹਮਣੇ ਆਏ ਹਨ। ਸਾਲ 2019 ਦੌਰਾਨ ਮੀਡੀਆਕਰਮੀਆਂ ਤੇ ਹਮਲੇ ਦੇ 36 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ 6 ਘਟਨਾਵਾਂ ਸਰਕਾਰ ਵਲੋਂ ਪਾਸ ਕੀਤੇ ਨਾਗਰਿਕਤਾ ਸੋਧ ਐਕਟ ਸਬੰਧੀ ਹੋਏ ਰੋਸ ਪ੍ਰਦਰਸਨ ਦੌਰਾਨ ਹੀ ਵਾਪਰੀਆਂ ਹਨ। ਇਸ ਸਮੇਂ ਦੌਰਾਨ ਲੱਗਭੱਗ 40 ਮੀਡੀਆਕਰਮੀ ਮਾਰੇ ਗਏ ਹਨ। ਦੁਨੀਆਂ ਵਿੱਚ ਫੈਲੇ ਕੋਰੋਨਾ ਵਾਇਰਸ ਦੀ ਕਵਰੇਜ ਕਰਨ ਵਾਲੇ ਕਈ ਪੱਤਰਕਾਰਾਂ ਤੇ ਵੀ ਹਮਲੇ ਕੀਤੇ ਗਏ। ਕਈ ਪੱਤਰਕਾਰ ਖੁੱਦ ਵੀ ਇਸ ਵਾਇਰਸ ਦੀ ਲਪੇਟ ਵਿੱਚ ਆ ਗਏ ਹਨ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮੀਡੀਆ ਕਰਮੀਆਂ ਦੇ ਨਾਕਾਰਤਮਕ ਰਵਈਆ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਬਾਰੇ ਅਕਸਰ ਮੀਡੀਆ ਰਿਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਕਈ ਸਰਕਾਰਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ। ਬਹੁਤੇ ਰਾਜਨੇਤਾ ਮੀਡੀਆ ਨੂੰ ਅਪਣੇ ਅਨੁਸਾਰ ਵਰਤਣ ਦੀ ਕੋਸਿਸ ਕਰਦੇ ਹਨ ਅਤੇ ਅਜਿਹੇ ਰਾਜਨੇਤਾਵਾਂ ਅਨੁਸਾਰ ਕੰਮ ਨਾਂ ਕਰਨ ਵਾਲੇ ਪੱਤਰਕਾਰਾਂ ਤੇ ਹਰ ਤਰਾਂ ਦਾ ਖਤਰਾ ਮੰਡਰਾਂਉਦਾ ਹੈ।

ਭਾਰਤੀ ਪ੍ਰੈਸ ਪਰਿਸ਼ਦ ਨੇ ਵੀ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ 'ਭਾਰਤ ਵਿੱਚ ਪ੍ਰੈਸ ਨੇ ਜ਼ਿਆਦਾ ਗਲਤੀਆ ਕੀਤੀਆਂ ਹਨ ਅਤੇ ਅਧਿਕਾਰੀਆਂ ਦੀ ਤੁਲਨਾ ਵਿੱਚ ਪ੍ਰੈਸ ਦੇ ਖਿਲਾਫ ਜ਼ਿਆਦਾ ਸ਼ਕਾਇਤਾਂ ਦਰਜ ਹਨ। ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹੇ ਪੱਤਰਕਾਰ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। 03 ਮਈ ਦਾ ਦਿਹਾੜਾ ਜੋ ਕਿ ਵਿਸ਼ਵ ਪ੍ਰੈਸ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਜੇਕਰ ਮੀਡੀਆ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਕੰਮ ਕਰੇਗਾ ਜੋ ਕਿ ਸਮਾਜ ਲਈ ਖਤਰਨਾਕ ਸਾਬਿਤ ਹੋਵੇਗਾ। ਸਰਕਾਰਾਂ, ਮੀਡੀਆ ਘਰਾਣਿਆਂ, ਪੱਤਰਕਾਰਾਂ, ਮੀਡੀਆ ਐਸੋਸਿਏਸ਼ਨਾਂ ਆਦਿ ਨੂੰ ਪੱਤਰਕਾਰਤਾ ਨੂੰ ਨਿਰਪੱਖ ਅਤੇ ਅਜਾਦ ਰੱਖਣ ਲਈ ਗੰਭੀਰਤਾ ਨਾਲ ਸੋਚਣਾ ਅਤੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਦਿਨ ਦੀ ਅਸਲੀ ਅਰਥਾਂ ਵਿੱਚ ਮਹੱਤਤਾ ਕਾਇਮ ਰਹਿ ਸਕੇ।

# ਪ੍ਰੈੱਸ ਨੂੰ ਆਖਿਰ ਕਦੋਂ ਮਿਲੇਗੀ ਆਜ਼ਾਦੀ, ਸੁਰੱਖਿਆ ਤੇ ਹੋਰ ਸਹੂਲਤਾਂ?



ਅਸ਼ੋਕ ਧੀਰ
adjaitu@gmail.com

ਲੋਕਤੰਤਰ ਦਾ ਚੌਥਾ ਥੰਮ ਕਹੀ ਜਾਣ ਵਾਲੀ ਪ੍ਰੈੱਸ ਦੀ ਆਜਾਦੀ ਦੇਸ਼ ਤੇ ਸਮਾਜ ਦੀ ਆਜ਼ਾਦੀ ਹੈ। ਇਸ ਲਈ ਪ੍ਰੈੱਸ ਦੀ ਅਜ਼ਾਦੀ ਬਹੁਤ ਜਰੂਰੀ ਹੈ। ਬਿਨਾਂ ਜਿੰਮੇਵਾਰੀ ਦੇ ਕਿਸੇ ਵੀ ਤਰ੍ਹਾਂ ਦੀ ਆਜ਼ਾਦੀ ਲਾਭਕਾਰੀ ਨਹੀਂ ਹੁੰਦੀ। ਮੀਡੀਆਂ ਦਾ ਕੰਮ ਜਨਤਾ ਦੀ ਅਵਾਜ਼ ਬਣਨਾ ਹੈ। ਜਨਤਾ ਦੀਆਂ ਮੁਸ਼ਕਲਾ ਨੂੰ ਉਜਾਗਰ ਕਰਨਾ ਹੈ। ਤਿੰਨ ਮਈ ਦਾ ਦਿਨ ਵਿਸ਼ਵ ਪ੍ਰੈੱਸ ਦਿਵਸ ਅਤੇ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਸੰਨ 1993 ਵਿੱਚ ਸੰਯੁਕਤ ਰਾਸ਼ਟਰ ਨੇ 3 ਮਈ ਨੂੰ ਪ੍ਰੈੱਸ ਆਜ਼ਾਦੀ ਦਿਵਸ ਐਲਾਨਿਆ ਸੀ। ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਪ੍ਰੈਸ ਨੇ ਅਹਿਮ ਭੂਮਿਕਾ ਨਿਭਾਈ ਸੀ। ਸਹੀ ਪੱਤਰਕਾਰ ਦੀ ਸੋਚ ਹਮੇਸ਼ਾ ਇਹੀ ਰਾਗ ਅਲਾਪਦੀ ਹੈ "ਸਿਰ ਜਾਏ ਤਾਂ ਜਾਏ ਪਰ ਫਰਜ਼ ਨਾ ਜਾਏ"। ਪਿਛਲੇ ਸਾਲ ਤੋਂ ਕੋਰੋਨਾ ਮਹਾਂਮਾਰੀ ਕਾਰਨ ਪੂਰੇ ਪੰਜਾਬ ਤੇ ਭਾਰਤ ਸਮੇਤ ਸੰਸਾਰ ਭਰ ਵਿੱਚ ਕਈ ਜਗ੍ਹਾ ਤੇ ਲਾਕ ਲਾਊਨ ਚੱਲ ਰਿਹਾ ਹੈ ਪਰ ਫਿਰ ਵੀ ਪੱਤਰਕਾਰ ਆਪਣੀ ਜਾਣ ਦੀ ਪ੍ਰਵਾਹ ਕੀਤੇ ਬਗੈਰ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਪਰ ਅੱਜ ਕੱਲ ਸੱਚ ਦਾ ਸਾਥ ਦੇਣ ਵਾਲੇ ਪੱਤਰਕਾਰਾਂ 'ਤੇ ਹੋ ਰਹੇ ਹਮਲੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ ਕਾਰਣ ਪੱਤਰਕਾਰਾਂ ਵਿੱਚ ਵੀ ਸਹਿਮ ਦਾ ਮਾਹੌਲ ਹੈ। ਸਰਕਾਰ ਨੂੰ ਪੱਤਰਕਾਰਾਂ ਨੂੰ ਸੁਰੱਖਿਆ ਮਹੱਈਆ ਕਰਵਾਉਣੀ ਚਾਹੀਦੀ ਹੈ ਤਾਂ ਕਿ ਉਹ ਨਿੱਡਰ ਹੋ ਕੇ ਸੱਚ ਲੋਕਾਂ ਸਾਹਮਣੇ ਲਿਆ ਸਕਣ। ਮੀਡੀਆ ਸਰਕਾਰਾਂ ਨੂੰ ਉਹਨਾਂ ਦੀਆਂ ਪ੍ਰਾਪਤੀਆਂ ਤੇ ਟੀਚਿਆਂ ਤੋ ਇਲਾਵਾਂ ਉਹਨ੍ਹਾਂ ਦੀਆਂ ਕਮੀਆਂ ਤੋ ਵੀ ਜਾਣੂ ਕਰਵਾਉਂਦਾ ਹੈ। ਅਜੋਕੇ ਸਮੇਂ 'ਚ ਮਜਬੂਰੀ ਵੱਸ ਮੀਡੀਆਂ ਵੱਲੋਂ ਆਪਣੀ ਜਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ ਜਾ ਰਹੀ। ਪੱਤਰਕਾਰਾਂ ਨੂੰ ਅਖਬਾਰਾਂ ਦੇ ਅਦਾਰਿਆਂ ਵੱਲੋਂ ਕੋਈ ਵੀ ਮਿਹ-ਨਤਾਨਾ ਨਹੀਂ ਦਿੱਤਾ ਜਾਂਦਾ ਸਿਰਫ ਕੁਝ ਕੁ ਅਖਬਾਰਾਂ 'ਤੇ ਚੈਨਲਾਂ ਵੱਲੋਂ ਬਿਲਕੁਲ ਨਾਂ ਮਾਤਰ ਭੱਤਾ ਦਿੱਤਾ ਜਾਂਦਾ ਹੈ ਜਿਸ ਕਾਰਣ ਪੱਤਰਕਾਰਾਂ ਦਾ ਗੁਜਾਰਾ ਕਰਨਾ ਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਬਹੁਤ ਹੀ ਮੁਸ਼ਕਲ ਹੈ। ਉਲਟਾ ਅਦਾਰਿਆਂ ਵੱਲੋਂ ਪੱਤਰਕਾਰਾਂ ਨੂੰ ਵੱਧ ਤੋਂ ਵੱਧ ਸਪਲੀਮੈਂਟ ਕੱਢਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਅਤੇ ਸਰਕੁਲੇਸ਼ਨ ਵਧਾਉਣ ਲਈ ਜ਼ੋਰ ਪਾਇਆ ਜਾਂਦਾ ਹੈ। ਹੁਣ ਪੱਤਰਕਾਰਾਂ ਨੂੰ ਸਪਲੀਮੈਂਟ ਵੀ ਉਹੀ ਲੋਕ,ਸੰ-ਸਥਾਵਾਂ, ਰਾਜਨੀਤਿਕ, ਵਪਾਰਕ ਅਦਾਰੇ,ਅਫਸਰ ਆਦਿ ਦਿੰਦੇ ਹਨ ਜਿੰਨਾਂ ਨੇ ਪੱਤਰਕਾਰਾਂ ਤੋਂ ਆਪਣੇ ਹੱਕ ਵਿੱਚ ਖਬਰਾਂ ਲਗਾਉਣੀਆਂ ਹੁੰਦੀਆਂ ਹਨ। ਜੇਕਰ ਪੱਤਰਕਾਰ ਕੋਲ ਕਿਸੇ ਦੇ ਖਿਲਾਫ ਖਬਰ ਆ ਵੀ ਜਾਵੇ ਤਾਂ ਉਸ ਦੀ ਮਜਬੂਰੀ ਬਣ ਜਾਂਦੀ ਹੈ ਖਬਰ ਰੋਕਣ ਲਈ ਕਿਉਂਕਿ ਉਸਨੇ ਉਸੇ ਆਸਾਮੀ ਤੋਂ ਸਪਲੀਮੈਂਟ ਲਿਆ ਹੁੰਦਾ ਹੈ ਜਾਂ ਲੈਣਾ ਹੁੰਦਾ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਅਤੇ ਪ੍ਰੈੱਸ ਦੀ ਆਜ਼ਾਦੀ ਲਈ ਸਰਕਾਰ ਨੂੰ ਇਸ ਤਰਾਂ ਦੇ ਨਿਯਮ ਬਣਾਉਣੇ ਚਾਹੀਦੇ ਹਨ ਕਿ ਹਰ ਇੱਕ ਪੱਤਰਕਾਰ ਨੂੰ ਸਰਕਾਰੀ ਮੁਲਾਜ਼ਮਾ ਵਾਂਗ ਪੂਰੀਆਂ ਤਨਖਾਹਾਂ ਅਤੇ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ। ਕਿਉਂਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ ਗਿਣੇ ਜਾਂਦੇ ਹਨ। ਅਖਬਾਰਾਂ ਅਤੇ ਚੈਨਲਾਂ ਦੇ ਅਦਾਰਿਆਂ ਨੂੰ ਵੀ ਚਾਹੀਦਾ ਹੈ ਕਿ ਪੱਤਰਕਾਰਾਂ ਨੂੰ ਸਪਲੀਮੈਂਟ ਕੱਢਣ ਜਾਂ ਸਰਕੁਲੇਸ਼ਨ ਵਧਾਉਣ ਲਈ ਕਹਿਣ ਦੀ ਬਜਾਏ ਹੋਰ ਨਵੇਂ ਮੁਲਾਜ਼ਮਾਂ ਨੂੰ ਇਹਨਾਂ ਕੰਮਾਂ ਲਈ ਭਰਤੀ ਕੀਤਾ ਜਾਵੇ ਤਾਂ ਕਿ ਪੱਤਰਕਾਰ ਤਣਾਅ ਮੁਕਤ ਅਤੇ ਨਿੱਡਰ ਹੋ ਕੇ ਖਬਰਾਂ ਲਗਾ ਸਕਣ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਬਹਾਲ ਕੀਤਾ ਜਾ ਸਕੇ।




ਉਹ ਲੇਖਕ ਜੋ ਅਖਬਾਰਾਂ ਵਿੱਚ ਲੇਖ, ਕਵਿਤਾ, ਕਹਾਣੀਆਂ,ਨਾਟਕ ਆਦਿ ਭੇਜ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ ਉਹਨਾਂ ਨੂੰ ਵੀ ਸਰਕਾਰਾਂ ਵੱਲੋਂ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਸਰਕਾਰੀ ਮੁਲਾਜਮਾਂ ਨੂੰ ਵੀ ਲੇਖਕ ਦੇ ਤੌਰ ਤੇ ਅਖਬਾਰਾਂ ਵਿੱਚ ਲੇਖ, ਕਵਿਤਾਵਾਂ, ਕਹਾਣੀਆਂ ਆਦਿ ਛਪਵਾਉਣ ਤੇ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ ਸਗੋਂ ਹਰੇਕ ਲੇਖਕ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਅਤੇ ਲੇਖਕਾਂ, ਕਵੀਆਂ, ਕਹਾਣੀਕਾਰਾਂ ਆਦਿ ਦਾ ਬਣਦਾ ਮਾਣ ਸਨਮਾਨ ਵੀ ਕਰਨਾ ਚਾਹੀਦਾ ਹੈ ਤਾਂ ਕਿ ਲੇਖਕਾਂ ਦਾ ਉਤਸ਼ਾਹ ਵਧੇ।

ਰੇਡੀਉ, ਟੀ ਵੀ ਚੈਨਲਾਂ ਆਦਿ ਵਿੱਚ ਸੇਵਾਵਾਂ ਨਿਭਾਉਣ ਵਾਲੇ ਪੱਤਰਕਾਰਾਂ ਨੂੰ ਵੀ ਹਰ ਤਰਾਂ ਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਅੱਜ ਵਿਸ਼ਵ ਪ੍ਰੈੱਸ ਅਜ਼ਾਦੀ ਦਿਵਸ ਤੇ ਸਰਕਾਰ ਵੱਲੋਂ ਹਰ ਤਰਾਂ ਤੇ ਪੱਤਰਕਾਰਾਂ, ਲੇਖਕਾਂ, ਕਵੀਆਂ ਆਦਿ ਨੂੰ ਮੁਫ਼ਤ ਸਿਹਤ ਬੀਮਾ ਯੋਜਨਾ, ਸਟੇਟ ਤੇ ਨੈਸ਼ਨਲ ਹਾਈਵੇ ਤੇ ਮੁਫ਼ਤ ਟੋਲ ਟੈਕਸ ਦੀ ਸਹੂਲਤ, ਪਬਲਿਕ ਟਰਾਂਸਪੋਰਟ ਤੇ ਮੁਫ਼ਤ ਸਫਰ ਆਦਿ ਦੀਆਂ ਸਹੂਲਤਾਂ ਜਰੂਰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਦੇਸ਼ ਵਿੱਚ ਪ੍ਰੈਸ ਦੀ ਸੇਵਾ ਕਰਨ ਵਾਲੇ ਇਹਨਾਂ ਯੋਧਿਆਂ ਨੂੰ ਤੇ ਇਹਨਾਂ ਦੇ ਪਰਿਵਾਰਾਂ ਨੂੰ ਕੋਈ ਮੁਸ਼ਕਲ ਨਾਂ ਆਵੇ।

ਪੱਤਰਕਾਰਾਂ ਅਤੇ ਮੀਡੀਆ ਚੈਨਲਾਂ ਨੂੰ ਵੀ ਚਾਹੀਦਾ ਹੈ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ, ਦੇਸ਼ ਵਿਦੇਸ਼ ਦੀਆਂ ਸੱਚੀਆਂ ਘਟਨਾਵਾਂ ਸਬੰਧੀ ਸਾਫ਼ ਸੁਥਰੀ ਪੱਤਰਕਾਰੀ ਕਰਨ ਤੇ ਦਿਨੋਂ ਦਿਨ ਬਦਨਾਮ ਹੋ ਰਹੇ ਮੀਡੀਆ ਦੀ ਸ਼ਾਖ ਨੂੰ ਬਚਾਉਣ ਸਬੰਧੀ ਵੀ ਯਤਨ ਕਰਨ ਤਾਂ ਕਿ ਲੋਕਾਂ ਦਾ ਪ੍ਰੈਸ ਤੇ ਵਿਸ਼ਵਾਸ਼ ਹੋਰ ਵਧ ਸਕੇ।

# ਨਾਮਵਰ ਗਾਇਕ ਅਨੂਪ ਸਿੰਘ ਚੀਮਾ ਦਾ ਨਵਾਂ ਗੀਤ 'ਅਟਕ ਦੇ ਪਾਣੀ' ਪਾ ਰਿਹਾ ਧਮਾਲ

**ਸੈਕਰਾਮੈਂਟੋ–** ਪੰਜਾਬੀ ਗਾਇਕੀ ਦੇ ਅਖਾੜੇ 'ਚ ਸ. ਅਨੂਪ ਸਿੰਘ ਚੀਮਾ ਦਾ ਨਾਂ ਅਮਰੀਕਾ ਅੰਦਰ ਪੰਜਾਬ ਭਾਈਚਾਰੇ 'ਚ ਖਾਸ ਸਥਾਨ ਰੱਖਦਾ ਹੈ। ਸ. ਚੀਮਾ ਗਾਇਕੀ ਦੇ ਨਾਲ ਨਾਲ ਨਾਟਕਾਂ ਵਿਚ ਵੀ ਖਾਸਾ ਨਾਮਣਾ ਖੱਟ ਚੁੱਕੇ ਹਨ। ਉਹ ਆਪਣੀ ਗਾਇਕੀ ਕਲਾ ਦੇ ਨਾਲ ਨਾਲ ਇਕ ਮਿੱਠੜੇ ਸੁਭਾਅ ਦਾ ਮਾਲਕ ਵੀ ਹੈ।

ਸ. ਅਨੂਪ ਸਿੰਘ ਚੀਮਾ ਅਨੁਸਾਰ ਬੀਤੇ ਦਿਨੀਂ ਉਹਨਾਂ ਦਾ ਇਕ ਨਵਾਂ ਸਿੰਗਲ ਟ੍ਰੈਕ ਗੀਤ 'ਅਟਕ ਦੇ ਪਾਣੀ' ਯੂ-ਟਿਊਬ ਅਤੇ ਫੇਸਬੁੱਕ ਤੇ ਧਮਾਲਾਂ ਪਾ ਰਿਹਾ ਹੈ ਤੇ ਉਹਨਾਂ ਦਾ ਇਹ ਗੀਤ ਵਟਸਐਪ ਆਦਿ ਸਾਧਨਾਂ ਰਾਹੀਂ ਉਹਨਾਂ ਦੇ ਸਰੋਤਿਆਂ 'ਚ ਦਿਨ ਪ੍ਰਤੀ ਦਿਨ ਮਕਬੂਲ ਹੋ ਰਿਹਾ ਹੈ।

'ਅਟਕ ਦੇ ਪਾਣੀ' ਗੀਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅੰਦਰ ਸਿੱਖ ਫੌਜਾਂ ਦੇ ਸਿੰਘ ਜਰਨੈਲ ਸ੍ਰ ਹਰੀ ਸਿੰਘ ਨਲੂਆ ਦੀ ਅਗਵਾਈ ਵਿਚ ਅਫਗਾਨਿਸਤਾਨ ਵੱਲ ਜੰਗ-ਏ-ਮੈਦਾਨ ਵਿਚ ਜਾ ਰਹੀਆਂ ਸਨ ਤਾਂ ਅਟਕ ਦਰਿਆ ਦਾ ਪਾਣੀ ਬੇਸ਼ੁਮਾਰ ਚੜ੍ਹਿਆ ਹੋਣ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਮਹਾਨ ਜਰਨੈਲ ਸ. ਹਰੀ ਸਿੰਘ ਨਲੂਆ ਨੂੰ ਕਿਹਾ ਕਿ ਆਪਣੇ ਇਸ ਹਮਲੇ ਨੂੰ ਕੁਝ ਦੇਰ ਲਈ ਰੋਕ ਲਿਆ ਜਾਵੇ ਤਾਂ ਕਿ ਪਾਣੀ ਥੱਲੇ ਉਤਰ ਜਾਵੇ ਤਾਂ ਮਹਾਨ ਜਰਨੈਲ ਹਰੀ ਸਿੰਘ ਨਲੂਆ ਨੇ ਜਵਾਬ ਦਿੱਤਾ ਕਿ ਮਹਾਰਾਜ, ਸਿੰਘਾਂ ਨੇ ਹੁਣ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕਰ ਦਿੱਤੀ ਹੈ ਤੇ ਹੁਣ ਫੌਜਾਂ ਦੁਸ਼ਮਣਾ ਦਾ ਸੋਧਾ ਲਾ ਕੇ ਹੀ ਦਮ ਲੈਣਗੀਆਂ। ਉਸ ਵਕਤ ਦੇ ਵਾਕਿਆ ਨੂੰ ਦਰਸਾਉਂਦੇ ਇਸ ਗੀਤ ਦੇ ਸ਼ੁਰੂਆਤੀ ਬੋਲ ਹਨ:

ਜਿਗਰੇ ਬੁਲੰਦ ਪੈਰ ਪੁੱਟੀਏ ਮੜਕ ਨਾਲ  
ਸਾਡੇ ਜਿੰਨੀ ਹੋਣੀ ਕਿਸੇ ਹੋਰ ਦੀ ਰਿੜਕ ਨਾ  
ਅਸੀਂ ਰੋਕ ਲਏ ਅਟਕ ਦੇ ਪਾਣੀ  
ਰਾਹ ਸਾਡੇ ਕੌਣ ਰੋਕ ਲਊ ...


ਇਸ ਗੀਤ ਨੂੰ ਪ੍ਰਸਿੱਧ ਗੀਤਕਾਰ ਜੰਡੂ ਲਿੱਤਰਾਂ ਵਾਲਾ ਨੇ ਲਿਖਿਆ, ਸੰਗੀਤ ਰਜ਼ਾ ਹੁਸੈਨ ਜੰਡਿਆਲਾ ਮੰਜ਼ਕੀ ਨੇ ਦਿੱਤਾ ਹੈ। ਸੈਮ ਸਮਰਾ ਨੇ ਇਸ ਗੀਤ ਨੂੰ ਇਨਡੋਰ ਸਟੂਡੀਓ ਸੈਕਰਾਮੈਂਟੋ ਵਿਖੇ ਰਿਕਾਰਡ ਕੀਤਾ ਅਤੇ ਬਾਹਰ ਸ. ਗੁਰਬਖਸ਼ ਸਿੰਘ ਬਾਘਾ ਦੇ ਫਾਰਮ ਤੇ ਫਿਲਮਾਇਆ ਹੈ।

ਗਾਇਕ ਸ. ਅਨੂਪ ਸਿੰਘ ਚੀਮਾ ਦਾ ਕਹਿਣਾ ਹੈ ਕਿ ਮੈਂ ਯੂ. ਕੇ. ਵਾਲੇ ਮਸਤਾਨ ਹੀਰਾ ਜੀ ਦਾ ਵਿਸ਼ੇਸ਼ ਧੰਨ-ਵਾਦ ਕਰਦਾ ਹਾਂ ਤੇ ਇਸਦੇ ਨਾਲ ਚੜ੍ਹਦਾ ਪੰਜਾਬ ਰੋਜ਼ਵਿਲ ਵਾਲੇ ਸਾਰੇ ਭਰਾਵਾਂ ਅਤੇ ਸ. ਗੁਰਬਖਸ਼ ਸਿੰਘ ਬਾਘਾ ਦਾ, ਜਿਹਨਾਂ ਇਸ ਗੀਤ ਨੂੰ ਫਿਲਮਾਉਣ 'ਚ ਸਹਿਯੋਗ ਕੀਤਾ।



























ਗਾਇਕ ਅਨੂਪ ਸਿੰਘ ਚੀਮਾ ਦੀਆਂ ਵੱਖ ਵੱਖ ਸ਼ਖਸੀਅਤਾਂ ਅਤੇ ਗਾਇਕੀ ਦੇ ਵੱਖ ਵੱਖ ਅੰਦਾਜ਼ ਵਿਚ ਕੁਝ ਤਸਵੀਰਾਂ।

# ਲੋਹੇ ਦਾ ਬੰਦਾ.. ਸ਼ਾਇਰੀ ਦਾ ਭਰ ਵਹਿੰਦਾ ਦਰਿਆ - ਬਚਿੱਤਰ ਪਾਰਸ

'ਮੈਂ ਜ਼ਿੰਦਗੀ ਦਾ ਸਾਥ ਨਿਭਾਇਆ ਹੈ, ਰੀਝ ਨਾਲ!
ਸੱਚ ਨੂੰ ਹੀ ਆਪਣਾ ਮੀਤ ਬਣਾਇਆ ਹੈ, ਰੀਝ ਨਾਲ!!
ਗ਼ਮ ਤੇ ਖੁਸ਼ੀ ਦੇ ਹਾਦਸੇ, ਦਿਲ ਨੇ ਹੰਢਾਏ ਕਈ,
ਪਰ ਸਫਰ ਜ਼ਿੰਦਗੀ ਦਾ ਮੁਕਾਇਆ ਹੈ, ਰੀਝ ਨਾਲ'!

ਜ਼ਿੰਦਗੀ ਦੇ ਪਲ-ਪਲ ਨੂੰ ਸੋਜ਼ਮਈ ਹੰਢਾਉਣ ਵਾਲਾ, ਵਕਤ ਦੇ ਹਥੌੜਿਆਂ ਦੀਆਂ ਸੱਟਾਂ ਦੀ ਮਾਰ ਝੱਲਣ ਵਾਲਾ, ਆਪਣਿਆਂ ਦੁਆਰਾ ਤਪਾਈ ਹੋਈ ਭੱਠੀ 'ਚ ਤਪਣ ਵਾਲਾ ਅਤੇ ਨੰਗੇ ਪੈਰੀ ਕੰਡਿਆਲੀਆਂ ਰਾਹਾਂ 'ਤੇ ਤੁਰਨ ਦਾ ਆਦੀ, ਬੇਹੱਦ ਤਸੀਹਿਆਂ ਦੀ ਮਾਰ ਦਾ ਅਧਮੋਲਿਆ ਹੋਣ ਦਾ ਬਾਵਜੂਦ ਵੀ ਸੀਅ ਤੱਕ ਨਾ ਕਰਨ ਵਾਲਾ, ਅੱਖਰਾਂ ਦੇ ਉਸ ਭਰ ਵਹਿੰਦੇ ਦਰਿਆ ਦਾ ਨਾਂ ਐ ਬਚਿੱਤਰ ਪਾਰਸ, ਜੋ ਸਾਰੀ ਉਮਰ ਲੋਹੇ ਨਾਲ ਲੋਹਾ ਹੋਇਆ ਤੇ ਆਖ਼ਰ ਲੋਹੇ ਦਾ ਬੰਦਾ ਬਣ ਗਿਆ, ਪਰ ਕਦੇ ਮੁੱਖ ਤੇ ਇੱਕ ਵੀ ਵੱਟ ਨਾ ਪੈਣ ਦਿੱਤਾ, ਜਦੋਂ ਮਿਲਣਾ ਬੜੀ ਹਲੀਮੀ ਤੇ ਅਦਬ ਸਤਿਕਾਰ ਨਾਲ ਮਿਲਿਆ, ਕਦੇ ਦੁੱਖ-ਦਰਦ ਦਾ ਅਹਿਸਾਸ ਨਹੀਂ ਹੋਣ ਦਿੰਦੈ, ਪਰ ਪਾਰਸ ਦੀ ਸ਼ਾਇਰੀ ਦੀਆ ਗਲੀਆਂ ਵਿੱਚ ਗੁਜਰਿਆ, ਸਕੂਲ ਪੜ੍ਹਦੇ ਸਮੇਂ ਗਾਉਣ ਦੇ ਨਾਲ-ਨਾਲ ਲਿਖਣ ਦਾ ਸ਼ੌਕ ਪੈ ਗਿਆ, ਜੋ ਬਚਪਨ ਤੋ ਲੈ ਕੇ ਅੱਜ ਤੱਕ ਬਰਕਰਾਰ ਹੈ।

ਚਾਰ ਕੁ ਜਮਾਤਾਂ ਪਾਸ ਬਚਿੱਤਰ ਪਾਰਸ ਦਾ ਪੜ੍ਹਦਿਆ ਸਮੇਂ ਜਨਾਬ ਗੁਰਦਾਸ ਮਾਨ, ਹਾਕਮ ਸੂਫੀ, ਅਸ਼ੋਕ ਮਸਤੀ ਤੇ ਬਿੱਕਰ ਮਾਣਕ ਜੀ ਦੇ ਅਧਿਆਪਕ ਸ੍ਰੀ ਦਰਸਨ ਲਾਲ ਪਰਵਾਨਾ ਜੀ ਨਾਲ ਮੇਲ ਹੋਇਆ, ਜਿੰਨ੍ਹਾਂ ਤੋ ਪ੍ਰੇਰਣਾ ਮਿਲੀ ਅਤੇ ਅੱਗੇ ਵੱਧਣ ਦਾ ਹੌਸਲਾ ਹੋਇਆ। ਪਰਵਾਨਾ ਜੀ ਦੀਆਂ ਗ਼ਜ਼ਲਾਂ ਤੇ ਗੀਤ ਸੁਣ ਕੇ ਲਿਖਣਾ ਸੁਰੂ ਕੀਤਾ, ਉਹਨਾਂ ਨੇ ਸੂਫੀ ਸਾਹਿਤ, ਇਨਕਲਾਬੀ ਸਾਹਿਤ ਅਤੇ ਹੋਰ ਬਹੁਤ ਕੁੱਝ ਪੜ੍ਹਾਇਆ ਅਤੇ ਪਰਵਾਨਾ ਜੀ ਦੇ ਅਸ਼ੀਰਵਾਦ ਸਦਕਾ ਉਸਤਾਦ ਦੀਪਕ ਜੈਤੋਈ ਜੀ ਨਾਲ ਸੰਪਰਕ ਕੀਤਾ ਤੇ ਉਸਤਾਦ ਧਾਰਿਆ। ਜਿਵੇਂ ਜਿਵੇਂ ਉਸਤਾਦ ਦੀ ਸਿੱਖਿਆ ਹਾਸਲ ਹੋਈ, ਉਵੇਂ ਉਵੇਂ ਪਾਰਸ ਦੀ ਸ਼ਾਇਰੀ 'ਚ ਰੰਗਤ ਆਉਂਦੀ ਗਈ, ਬਾਕੀ ਪਾਰਸ ਦੀ ਸ਼ਹਿਦ ਵਰਗੀ ਮਿੱਠੀ ਅਵਾਜ਼ ਨੇ ਉਸ ਦੀ ਸ਼ਾਇਰੀ ਨੂੰ ਚਾਰ ਚੰਨ ਲਾ ਹੋ ਕੇ ਰਹਿ ਜਾਂਦਾ।

ਲੋਕ ਕਵੀ ਸਭਾ (ਰਜਿ.) ਦਿੱਲੀ ਤੋਂ 'ਲੋਕ ਕਵੀ ਪੁਰਸਕਾਰ', ਮਾਂ ਬੋਲੀ ਕਵੀ ਸਭਾ ਅੰਮ੍ਰਿਤਸਰ ਵੱਲੋਂ 'ਸ਼੍ਰੋਮਣੀ ਕਵੀ ਦਾ ਪੁਰਸਕਾਰ', ਯੂਥ ਅਵੇਅਰਨੈੱਸ ਕਲੱਬ ਬਠਿੰਡਾ ਵੱਲੋਂ 'ਕਵੀ ਮਨੁੱਖਤਾ ਦਾ' ਅਤੇ ਹੋਰ ਅਨੇਕਾਂ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਸਨਮਾਨਿਤ ਫ਼ੱਕਰ ਸ਼ਾਇਰ ਬਚਿੱਤਰ ਪਾਰਸ ਦੀਆਂ ਰਚਨਾਵਾਂ ਅਕਸਰ ਹੀ ਅਖਬਾਰਾਂ, ਮੈਗਜ਼ੀਨਾਂ 'ਚ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ। 'ਰੁੱਤ ਰਹਿਮਤ ਦੀ', 'ਮਹਿਕ ਖਿੰਡਾਵੇ ਗਲੀ ਗਲੀ', 'ਤ੍ਰਿਵੇਣੀ ਦੀਆਂ ਛਾਵਾਂ', 'ਦੀਪਕ ਗ਼ਜ਼ਲ ਸਕੂਲ', 'ਢਿਲਵਾਂ ਗ਼ਜ਼ਲ ਸੰਗ੍ਰਹਿ', 'ਵਿਸ਼ਵ ਪੰਜਾਬੀ ਗ਼ਜ਼ਲ ਸੰਗ੍ਰਹਿ' ਅਤੇ 'ਪਾਰਸਮਣੀ' ਆਦਿ ਪੁਸਤਕਾਂ ਵਿੱਚ ਵੀ ਪਾਰਸ ਦੀਆਂ ਰਚਨਾਵਾਂ ਛਪੀਆਂ। ਜਨਾਬ ਬਚਿੱਤਰ ਪਾਰਸ ਜੀ ਦਾ ਗ਼ਜ਼ਲ ਸੰਗ੍ਰਹਿ 'ਚੁੱਪ ਦੇ ਆਰ ਪਾਰ', 5ਆਬ ਪ੍ਰਕਾਸ਼ਨ ਜਲੰਧਰ ਵੱਲੋਂ ਛਾਪਿਆ ਗਿਆ, ਜਿਸ ਦਾ ਪਹਿਲਾ ਐਡੀਸ਼ਨ 2018 ਅਤੇ ਦੂਜਾ ਐਡੀਸ਼ਨ 2019 ਵਿੱਚ



ਗੁਰਬਾਜ ਗਿੱਲ
91-98723-62507

ਭੰਡਾਰੀ, ਗੁਰਮੀਤ ਅਨਜਾਣ, ਰਵੀ ਹਲਵਾਰਾ, ਹੀਰਾ ਬਰਨਾਲੇ ਵਾਲਾ, ਅਮਰਪ੍ਰੀਤ ਮਨੀ ਤਲਵੰਡੀ ਵਾਲਾ ਅਤੇ ਤਾਰੀ ਬਠਿੰਡਾ ਆਦਿ ਹੋਰ ਵੀ ਬਹੁਤ ਸਾਰੇ ਕਲਾਕਾਰਾਂ ਨੇ ਆਪਣੀਆਂ ਅਵਾਜ਼ਾਂ ਦਿੱਤੀਆਂ। ਇਹ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਫ਼ਿਲਮ 'ਭਾਬੋ' ਦੇ ਸਾਰੇ ਗੀਤ ਪਾਰਸ ਜੀ ਦੇ ਲਿਖੇ ਹੋਏ ਸਨ।

ਜ਼ਿੰਦਗੀ ਦੇ ਕੌੜੇ-ਕੁਸੈਲੇ ਤਜ਼ਰਬੇ ਹਜ਼ਮ ਕਰਨ ਵਾਲਾ, ਵਕਤ ਦੇ ਥਪੇੜਿਆਂ ਦੀਆਂ ਮਾਰਾਂ ਸਹਿਣ ਵਾਲਾ, ਦਿਨ ਰਾਤ ਲੋਹੇ ਨਾਲ ਲੋਹਾ ਹੋਣ ਵਾਲਾ, ਲੋਹੇ ਦਾ ਬੰਦਾ ਸ਼ਾਇਰੀ ਦਾ ਭਰ ਵਹਿੰਦਾ ਦਰਿਆ, ਆਪਣੇ ਵੱਡੇ ਭਰਾ ਬਿੱਕਰ ਮਾਣਕ, ਮਾਨ








ਉਸ ਦੀਆਂ ਅੰਦਰਲੀਆਂ ਪੀੜਾਂ ਦੀ ਤਰਜਮਾਨੀ ਖੁੱਲ੍ਹ ਕੇ ਕਰਦੀ ਨਜ਼ਰ ਆਉਦੀ ਹੈ, ਜਿਸ ਨੂੰ ਜ਼ਿੰਦਗੀ ਦੇ ਵਾਅ-ਵਰੋਲਿਆਂ ਦੀ ਮਾਰ ਸਹਿੰਦੇ ਪਾਰਸ ਨੇ ਕਦੇ ਵੀ ਮੱਠਾ ਨਹੀਂ ਪੈਣ ਦਿੱਤਾ।

'ਨਾ ਦਿਲ ਛੋਟਾ ਕਰੀਂ 'ਪਾਰਸ', ਤੇਰੀ ਹੀ ਜਿੱਤ ਹੋਵੇਗੀ,
ਸ਼ਰਤ ਇਹ ਹੈ ਤੂੰ ਆਪਣੇ ਨਾਲ, ਬੱਸ ਲੈ ਕੇ ਸਚਾਈ ਚੱਲ'

ਜਿਲ੍ਹਾਂ ਬਠਿੰਡਾ ਦੇ ਪਿੰਡ ਝੁੰਬਾ ਭਾਈ ਕਾ ਦੇ ਵਸਨੀਕ ਸ. ਮਹਿੰਦਰ ਸਿੰਘ ਅਟਵਾਲ ਦੇ ਘਰ ਮਾਤਾ ਗੁਰਦਿਆਲ ਕੌਰ ਦੀ ਕੁੱਖੋਂ ਫਰਵਰੀ 1954 ਵਿੱਚ ਜਨਮੇਂ ਬਚਿੱਤਰ ਪਾਰਸ ਦਾ ਬਚਪਨ ਇਤਿਹਾਸਕ ਸ਼ਹਿਰ ਗਿੱਦੜਬਾਹਾ ਦਿੱਤੇ। ਭਾਵੇ ਦੇਖਣ ਨੂੰ ਦੂਰੋਂ ਉਹ ਕੋਈ ਕੰਮੀ ਜਿਹਾ ਲੱਗਦਾ, ਬਿਨਾਂ ਮਾਵੇ ਵਾਲਾ ਖਿਲਰਿਆ ਜਿਹਾ ਪਰਨਤ (ਪੱਗ), ਬਗੈਰ ਪ੍ਰੈਸ ਕੀਤਾ ਕੁੜਤਾ ਪਜਾਮਾ, ਪੁਰਾਣਾ ਜਿਹਾ ਸਾਇਕਲ, ਬਚਿੱਤਰ ਪਾਰਸ ਦਾ ਬਾਹਰੀ ਸਰੂਪ ਹੈ, ਪਰ ਇਸ ਤੋਂ ਉਸ ਦੀ ਪ੍ਰਤਿਭਾ ਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਦਸਾਂ ਨਹੁੰਆਂ ਦੀ ਕਿਰਤ ਅਤੇ ਰੱਬ ਦੀ ਰਜ਼ਾ 'ਚ ਰਹਿਣ ਵਾਲੇ ਇਸ ਅਜੀਮ ਸ਼ਾਇਰ ਦਾ ਗਿਆਨ ਇਸ ਦੀਆਂ ਲਿਖਤਾਂ ਵਿੱਚ ਆਪ ਮੁਹਾਰੇ ਬੋਲਦਾ ਹੈ। ਬਿਲਕੁੱਲ ਸਾਦਗੀ 'ਚ ਰਹਿਣ ਵਾਲੇ ਪਾਰਸ ਦੀ ਸ਼ਾਇਰੀ ਨੂੰ ਜੋ ਵੀ ਉਸ ਦੇ ਮੂੰਹੋਂ ਤਰੰਨੁਮ ਵਿੱਚ ਸੁਣਦਾ, ਉਸਦਾ ਆਇਆ। ਇਸ ਤੋਂ ਇਲਾਵਾ ਟੀ ਵੀ, ਰੇਡੀਓ ਤੇ ਵੀ ਬਚਿੱਤਰ ਪਾਰਸ ਦੀ ਹਾਜ਼ਰੀ ਲੱਗਦੀ ਰਹਿੰਦੀ ਹੈ।

ਪਾਰਸ ਦੇ ਲਿਖੇ ਹੋਏ ਗੀਤਾਂ, ਗ਼ਜ਼ਲਾਂ ਨੂੰ ਫ਼ਿਲਮੀ ਗਾਇਕ ਮਹਿੰਦਰ ਕਪੂਰ, ਜਗਜੀਤ ਸਿੰਘ, ਦਿਲਰਾਜ ਕੌਰ, ਜਸਪਾਲ ਸਿੰਘ, ਮੰਨਾ ਡੇਅ ਤੋਂ ਇਲਾਵਾ ਹਾਕਮ ਸੂਫੀ, ਅਸ਼ੋਕ ਮਸਤੀ, ਮਨਜੀਤ ਰੂਪੋਵਾਲੀਆ, ਜਗਤਾਰ ਜੱਗਾ, ਜਸਵਿੰਦਰ ਬਰਾੜ, ਸੁੱਖੀ ਬਰਾੜ, ਗੁਰਤੇਜ ਕਾਬਲ, ਜਸਵੰਤ ਗਿੱਲ, ਕਮਲ ਕਰਤਾਰ, ਸ਼ੌਕਤ ਅਲੀ ਦੀਵਾਨ, ਬਖਸ਼ੀ ਬਿੱਲਾ, ਚੰਨ ਚਮਕੌਰ, ਵੀਰ ਸੁਖਵੰਤ, ਗੁਲਜਿੰਦਰ ਗੁੱਲੂ, ਪਾਲੀ ਗਿੱਦੜਬਾਹਾ, ਸੁਨੀਲ ਸਿੰਘ ਮਾਨ, ਸੁਲੇਖ ਸਾਥੀ, ਸਵਰਨ ਸਿੰਘ ਪਰਵਾਨਾ (ਡੈਨਮਾਰਕ), ਹਰਭਜਨ ਸਿੰਘ ਚਾਵਲਾ ਅਤੇ ਸੁਰਜੀਤ ਸਿੰਘ ਨਸ਼ੀਲਾ ਦੇ ਮਿਲੇ ਵਿਸ਼ੇਸ਼ ਯੋਗਦਾਨ ਨੂੰ ਕਦੇ ਨਾ ਭੁੱਲਣ ਵਾਲਾ ਅਜ਼ੀਮ ਸ਼ਾਇਰ ਬਚਿੱਤਰ ਪਾਰਸ, ਪਤਨੀ ਹਰਜੀਤ ਕੌਰ ਅਤੇ ਬੇਟੇ ਗੁਰਦੇਵ ਸਿੰਘ ਤੇ ਗਗਨਦੀਪ ਸਿੰਘ ਨਾਲ ਗਿੱਦੜਬਾਹਾ ਵਿਖੇ ਖੁਸ਼ੀਆਂ ਭਰੀ ਜ਼ਿੰਦਗੀ ਗੁਜ਼ਾਰਦਾ ਹੋਇਆ ਆਪਣੀ ਸੁਰੀਲੀ ਸ਼ਾਇਰੀ ਦਾ ਸਫਰ ਤਹਿ ਕਰ ਰਿਹਾ ਹੈ।

'ਬੀਤੇ ਦਾ ਕੀ ਮਲਾਲ ਹੈ, ਅੱਜ ਦਾ ਵੀ ਕੀ ਯਕੀਨ,
'ਪਾਰਸ' ਆਨੰਦ ਮਾਣੀਏ, ਅੱਜ ਦੀ ਤਾਰੀਕ ਦਾ'

# ਪੰਜਾਬ ਦੀ ਇਹ ਰਾਜਨੀਤਿਕ ਹੋਣੀ ਦਾ ਭਵਿੱਖ ਸਾਲ 2022 ਹੀ ਤਹਿ ਕਰੇਗਾ?

ਇਤਿਹਾਸ ਗਵਾਹ ਹੈ ਕਿ ਜਿੱਤ ਉਸ ਦੀ ਹੁੰਦੀ ਹੈ ਜਿਸ ਦੀ ਗੱਲ ਸੁਣੀ ਜਾਂਦੀ ਹੈ ਗੱਲ ਉਸ ਦੀ ਸੁਣੀ ਜਾਂਦੀ ਹੈ ਜੋ ਸੱਤਾ ਦੇ ਤਾਨਾਸ਼ਾਹੀ ਅਤੇ ਭ੍ਰਿਸ਼ਟਾਚਾਰ ਸਿਸਟਮ ਵਿੱਚ ਵੀ ਆਪਣੀ ਜ਼ਮੀਰ ਨੂੰ ਕਾਇਮ ਰੱਖਦਾ ਹੋਇਆਂ ਆਪਣੇ ਵੋਟ ਦੇ ਅਧਿਕਾਰ ਦੀ ਤਾਕਤ ਨਾਲ ਇਨਕਲਾਬ ਅਤੇ ਪ੍ਰੀਵਰਤਨ ਲਿਆਉਦਾ ਹੈ ਅਜਿਹਾ ਇਨਕਲਾਬ ਅਤੇ ਪਰਿਵਰਤਨ ਦੇਸ ਦੀ ਰਾਜਨੀਤੀ ਵਿੱਚ ਬੰਗਾਲ ਦੇ ਲੋਕਾਂ ਨੇ ਉਸ ਵੇਲੇ ਲਿਆਂਦਾ ਹੈ ਜਦੋਂ ਦੇਸ਼ ਦਾ ਤਾਨਾਸ਼ਾਹੀ ਸ਼ਾਸਕ ਅਤੇ ਰਾਜਸੀ ਸੱਤਾ ਦੇ ਹੰਕਾਰ ਅਤੇ ਭ੍ਰਿਸ਼ਟਾਚਾਰ ਦੇ ਵਿੱਚ ਡੁੱਬੀ ਉਸ ਦੀ ਟੀਮ ਬੰਗਾਲ ਦੇ ਲੋਕਾਂ ਦਾ ਕੁਝ ਟਕਿਆਂ ਦਾ ਮੁੱਲ ਪਾਕੇ ਬੰਗਾਲ ਦੀ ਸੱਤਾ ਦਾ ਹੁਕਮਰਾਨ ਬਣਨਾ ਚਾਹੁੰਦੇ ਸੀ ਪਰ ਬੰਗਾਲ ਦੇ ਬਹਾਦਰ ਵੋਟਰਾ ਅਤੇ ਬੱਬਰ ਸ਼ੇਰਨੀ ਮਮਤਾ ਬੈਨਰਜੀ ਨੇ ਤੀਸਰੀ ਵਾਰ ਵੱਡੇ ਬਹੁਮੱਤ ਨਾਲ ਬੰਗਾਲ ਵਿਧਾਨ ਸਭਾ ਜਿੱਤ ਕੇ ਇਕ ਅਜਿਹਾ ਇਤਿਹਾਸ ਸਿਰਜਿਆ ਹੈ&; ਕਿ ਹਿੰਦੂਤਵੀਆਂ ਦੀਆਂ ਧਰਮ ਦੀ ਆੜ ਹੇਠ ਦੇਸ਼ ਦੀ ਸਿਆਸਤ ਨੂੰ ਭਗਵਾਂ ਕਰਨ ਦੀ ਰੰਗਤ ਨੂੰ ਕਾਫ਼ੀ ਪਿੱਛਾ ਸੁੱਟ ਦਿੱਤਾ ਹੈ ਇਸ ਇਤਿਹਾਸਕ ਜਿੱਤ ਨਾਲ ਹੁਣ ਬੰਗਾਲੀਆਂ ਦੀ ਗੱਲ ਦੇਸ਼ ਦੇ ਵਿਚ ਸੁਣੀ ਜਾਵੇਗੀ ਪਰ ਅਸਲ ਗੱਲ ਇਹ ਹੈ ਕਿ ਕੀ ਪੰਜਾਬ ਦੇ ਵੋਟਰ ਬੰਗਾਲ ਦੇ ਜਾਗਦੀ ਜ਼ਮੀਰ ਵਾਲੇ ਵੋਟਰਾਂ ਤੋਂ ਕੋਈ ਸਬਕ ਲੈਣਗੇ ਜਾਂ ਪਹਿਲਾਂ ਦੀ ਤਰ੍ਹਾਂ ਹੀ ਆਪਣੀ ਮਰੀ ਹੋਈ ਜ਼ਮੀਰ ਨਾਲ ਵੋਟਾਂ ਦੀ ਵਰਤੋ ਕਰਦੇ ਹੋਏ ਰਾਜਨੀਤਕ ਚੋਰਾ ਅਤੇ ਪੰਥਕ ਲੁਟੇਰਿਆਂ ਦੇ ਹੀ ਵੱਸ ਪਏ ਰਹਿਣਗੇ। ਬਸ ਹੁਣ ਪੰਜਾਬ ਦੀ ਰਾਜਨੀਤਿਕ ਹੋਣੀ ਦਾ ਭਵਿੱਖ ਇਸ ਗੱਲ ਤੇ ਉੱਤੇ ਹੀ ਖੜ੍ਹਾ ਹੈ?



ਜੇਕਰ ਇਤਿਹਾਸ ਤੇ ਝਾਤ ਮਾਰੀਏ ਤਾਂ ਭਾਰਤ ਦੀ ਆਜ਼ਾਦੀ ਵਿੱਚ ਸਭ ਤੋਂ ਵੱਡਾ ਰੋਲ ਪੰਜਾਬੀਆਂ ਅਤੇ ਬੰਗਾਲੀਆਂ ਦਾ ਰਿਹਾ ਹੈ ਕਿਉਂਕਿ ਇਨ੍ਹਾਂ ਦੋਹਾਂ ਖਿੱਤਿਆਂ ਨੇ ਹੀ ਅੰਗਰੇਜ਼ਾਂ ਨੂੰ ਗੁਲਾਮੀ ਦੇ ਦੌਰ ਵਿੱਚ ਪੜ੍ਹਣੇ ਪਾਈ ਰੱਖਿਆ ਸੀ ਇਹ ਦੋਵੇਂ ਸੂਬੇ ਅੰਗਰੇਜ਼ਾਂ ਨੂੰ ਅੰਤ ਤਕ ਰੜਕਦੇ ਰਹੇ ਅਖੀਰ 1947 ਵਿੱਚ ਵੰਡ ਭਾਰਤ ਦੀ ਨਹੀਂ ਸਗੋਂ ਅਸਲ ਵਿੱਚ ਗੋਰੇ ਵੰਡ ਤਾਂ ਪੰਜਾਬ ਅਤੇ ਬੰਗਾਲ ਦੀ ਹੀ ਕਰਕੇ ਗਏ ਹਨ ਦੇਸ਼ ਦੀ ਵੰਡ ਤੋਂ ਬਾਅਦ ਵੀ ਦੇਸ਼ ਦੇ ਵੱਖ ਵੱਖ ਹੁਕਮਰਾਨਾਂ ਨੇ ਬੰਗਾਲ, ਪੰਜਾਬ, ਕਸ਼ਮੀਰ ਆਦਿ ਸਰਹੱਦੀ ਸੂਬਿਆਂ ਨੂੰ ਇਨਸਾਫ਼ ਦੇਣ ਦੀ ਬਜਾਏ ਧੱਕੇਸਾਹੀਆਂ ਜਿਆਦਾ ਕੀਤੀਆਂ ਹਨ। ਪਰ ਇਨ੍ਹਾਂ ਧੱਕੇਸ਼ਾਹੀਆਂ ਦੇ ਬਾਵਜੂਦ ਬੰਗਾਲ ਦੇ ਲੋਕਾਂ ਨੇ ਆਪਣੀ ਬੰਗਾਲੀਅਤ ਮਰਨ ਨਹੀਂ ਦਿੱਤੀ, ਲੋਕਾਂ ਨੇ ਹਮੇਸ਼ਾਂ ਇਨਸਾਫ਼ ਦੇਣ ਵਾਲੇ ,ਵਿਕਾਸ ਕਰਨ ਵਾਲੇ ਅਤੇ ਸਾਦਗੀ ਵਿੱਚ ਰਹਿਣ ਵਾਲੇ ਲੀਡਰ ਨੂੰ ਹੀ ਚੁਣਿਆ ਹੈ ਆਪਣੀ ਸਾਦਗੀ ਤਹਿਤ ਹੀ ਜਯੋਤੀ ਬਾਸੂ ਬੰਗਾਲ ਦੇ ਵਿੱਚ 25 ਸਾਲ ਰਾਜ ਕਰ ਗਿਆ ਸੀ ਕਾਮਰੇਡਾ ਨੂੰ 34 ਸਾਲ ਬੰਗਾਲ ਦੇ ਵੋਟਰਾ ਨੇ ਰਾਜ ਕਰਨ ਦਾ ਮੌਕਾ ਦਿੱਤਾ।

ਬਿਨਾਂ ਸ਼ੱਕ ਬੰਗਾਲ ਦੇ ਲੋਕਾਂ ਨੇ ਮੁਲਕ ਦੀ ਸਿਆਸਤ ਵਿਚ ਇਕ ਨਿਵੇਕਲਾ ਇਤਿਹਾਸ ਸਿਰਜਿਆ ਜਿਸ ਨਾਲ ਸਿਆਸਤ ਦੇ ਲੁਟੇਰਿਆਂ ਅਤੇ ਹਿੰਦੂਤਵੀ ਕੱਟੜਪੰਥੀਆਂ ਨੂੰ ਮੂੰਹ ਦੀ ਖਾਣੀ ਪਈ ਹੈ ਪਰ ਦੂਜੇ ਪਾਸੇ ਪੰਜਾਬ ਦੀਆਂ 2 ਰਵਾਇਤੀ ਪਾਰਟੀਆਂ ਅਕਾਲੀ ਕਾਂਗਰਸ ਜੋ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਸੱਤਾ ਤੇ ਕਾਬਜ਼ ਹਨ ਜਿਨ੍ਹਾਂ ਨੇ ਪਿਛਲੇ 70 ਸਾਲ ਤੋਂ ਪੰਜਾਬ ਪੰਜਾਬੀ ਪੰਜਾਬੀਅਤ ਦਾ ਬੁਰੀ ਤਰ੍ਹਾਂ ਘਾਣ ਕੀਤਾ। ਬਾਦਲ ਪਰਿਵਾਰ ਪੰਥ ਦੇ ਨਾਮ ਤੇ ਪੰਜਾਬ ਨੂੰ ਲੁੱਟਕੇ ਅਬਦਾਲੀ ਮੱਸੇ ਰੰਗੜ ਵਰਗਿਆਂ ਨੂੰ ਵੀ ਮਾਤ ਦੇ ਗਿਆ ਹੈ ਇਨ੍ਹਾਂ ਰਾਜਨੀਤਿਕ ਲੁਟੇਰਿਆਂ ਨੇ ਪੰਜਾਬ ਦੀ ਫ਼ਸਲ, ਪੰਜਾਬ ਦੀ ਨਸਲ , ਦੀ ਜਵਾਨੀ ,ਪੰਜਾਬ ਦੀ ਕਿਸਾਨੀ, ਪੰਜਾਬ ਦਾ ਵਪਾਰੀ, ਪੰਜਾਬ ਦਾ ਖਿਡਾਰੀ ਬਾਕੀ ਸਭ ਵਰਗਾਂ ਨੂੰ ਲੁੱਟ ਕੇ ਖਾ ਗਏ। ਫਿਰ ਵੀ ਪੰਜਾਬ ਦੇ ਲੋਕ ਵਾਰ ਵਾਰ ਇਨ੍ਹਾਂ ਲੁਟੇਰੇ ਲੀਡਰਾਂ ਨੂੰ ਹੀ ਚੁਣਦੇ ਹਨ। ਬਾਰ ਬਾਰ ਬਾਦਲਾਂ ਅਤੇ ਕੈਪਟਨ ਨੂੰ ਚੁਣਨ ਦਾ ਇੱਕੋ ਇੱਕ ਕਾਰਨ ਨਿਕਲਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਮਰੀ ਜ਼ਮੀਰ , ਗਰੀਬੀ ,ਅਨਪੜ੍ਹਤਾ ਅਤੇ ਵਿਕਾਊ ਵੋਟ ਕਾਰਨ ਇਹ ਹਰ ਵਾਰ ਚੁਣੇ ਜਾਂਦੇ ਹਨ। ਪਰ ਅੰਕੜਿਆਂ ਮੁਤਾਬਕ ਬੰਗਾਲ ਕੇਰਲਾ ਦਿੱਲੀ ਆਦਿ ਸੂਬਿਆਂ ਵਿਚ ਸਾਡੇ ਨਾਲੋਂ ਵੱਧ ਅਨਪੜ੍ਹਤਾ, ਵੱਧ ਗ਼ਰੀਬੀ ਹੈ ਪਰ ਵੋਟ ਪਾਉਣ ਦੇ ਅਧਿਕਾਰ ਮੌਕੇ ਉਹ ਲੋਕ ਆਪਣਾ ਦਿਮਾਗੀ ਸੰਤੁਲਨ ਨਹੀਂ ਗਵਾਉਂਦੇ ਕਿਸੇ ਲਾਲਚ ਤਹਿਤ ਵੋਟ ਨਹੀਂ ਪਾਉਂਦੇ, ਆਪਣੀ ਜ਼ਮੀਰ ਨੂੰ ਡਾਵਾਂ ਡੋਲ ਨਹੀਂ ਹੋਣ ਦਿੰਦੇ ਆਪਣੀ ਵੋਟ ਦੀ ਅਹਿਮੀਅਤ ਨੂੰ ਸਮਝਦੇ ਹੋਏ ਵੋਟ ਪਾਉਂਦੇ ਹਨ। ਪਰ ਪੰਜਾਬ ਦੇ ਵੋਟਰ ਗਜ਼ਨੀ ਦੇ ਬਾਜ਼ਾਰਾਂ ਵਾਂਗ ਵੋਟਾਂ ਵਾਲੇ ਦਿਨ ਸ਼ਰਾਬ ਦੀ ਬੋਤਲ 500 ਅਤੇ 1000 ਰੂਪਏ ਦੇ ਨੋਟ ਤੇ ਟਕੇ ਟਕੇ ਤੇ ਵਿਕਦੇ ਹਨ ਜਿਸ ਦਾ ਪੰਜਾਬ ਦੇ ਰਾਜਨੀਤਕ ਲੁਟੇਰੇ ਭਰਪੂਰ ਲਾਹਾ ਲੈਂਦੇ ਹਨ ਇਹੀ ਵੱਡਾ ਕਾਰਨ ਹੈ ਬੰਗਾਲੀਆਂ ਅਤੇ ਪੰਜਾਬੀਆਂ ਵਿੱਚ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ।




ਪੰਜਾਬੀਓ ਇਤਿਹਾਸ ਦਾ ਫ਼ੈਸਲਾ ਹਮੇਸ਼ਾਂ ਉਸ ਦੇ ਹੱਕ ਵਿੱਚ ਗਿਆ ਜੋ ਖ਼ੁਦ ਆਪਣੇ ਆਪ ਵਿਚ ਸ਼ਕਤੀਸ਼ਾਲੀ ਹੁੰਦਾ ਹੈ ਸਾਨੂੰ ਤਾਂ ਸਾਡੇ ਗੁਰੂਆਂ ਨੇ ਹੀ ਹਮੇਸ਼ਾਂ ਗੁਰਬਾਣੀ ਨਾਲ ਜੁੜਨ, ਸੱਚ ਤੇ ਖੜ੍ਹਨ ਅਤੇ ਇਨਸਾਫ਼ ਕਰਨ ਦੀ ਪ੍ਰੇਰਨਾ ਦਿੱਤੀ ਹੈ ਇਸ ਦੇਸ਼ ਦੇ ਵਿੱਚ ਇਨਕਲਾਬ ,ਤਬਦੀਲੀਆਂ ਅਤੇ ਪਰਿਵਰਤਨ ਦੀਆਂ ਲਹਿਰਾਂ ਹਮੇਸ਼ਾ ਪੰਜਾਬੀਆਂ ਨੇ ਹੀ ਚਲਾਈਆਂ ਹਨ।

ਪੰਜਾਬੀਉ, ਦਲੇਰਾਂ ਨੂੰ ਇਹ ਕਹਿਣ ਦੀ ਲੋੜ ਨਹੀਂ ਪੈਂਦੀ ਕਿ ਅਸੀਂ ਡਰਦੇ ਨਹੀਂ ਕਿਸੇ ਤੋਂ, ਅਜਿਹੀਆਂ ਗੱਲਾਂ ਤਾਂ ਕਾਫਰ ਤੇ ਕਾਇਰ ਲੋਕ ਕਰਦੇ ਹੁੰਦੇ ਹਨ ਆਓ ਗੁਰੂਆਂ ਦਿੱਤੀ ਹੋਈ ਦਲੇਰੀ ਤੇ ਪਹਿਰਾ ਦਿੰਦੇ ਹੋਏ ਪੰਜਾਬ ਨੂੰ ਕਈ ਦਹਾਕਿਆਂ ਤੋਂ ਚਿੰਬੜੇ ਹੋਏ ਅਕਾਲੀ ਕਾਗਰਸ ਅਤੇ ਭਾਜਪਾਈਆ ਦੇ ਰੂਪ ਵਿੱਚ ਡਰੱਗ ਮਾਫੀਆ, ਰੇਤ ਮਾਫੀਆ ਅਤੇ ਰਾਜਨੀਤਕ ਲੁਟੇਰਿਆਂ ਨੂੰ ਭਜਾਉਣ ਦਾ ਪ੍ਰਣ ਕਰੀਏ।

ਪਰਿਵਰਤਨ ਹਮੇਸਾ ਤਾਕਤ ਨਾਲ ਹੀ ਆਉਂਦਾ ਹੈ ਫੇਰ ਆਪਣੀ ਤਾਕਤ ਤਾਂ ਵੋਟ ਹੀ ਹੈ ਇਸ ਵੋਟ ਦੀ ਤਾਕਤ ਦੇ ਜ਼ਰੀਏ ਹੀ ਬੰਗਾਲੀਆਂ ਨੇ ਭਾਜਪਾਈ ਲੁਟੇਰਿਆਂ ਨੂੰ ਬੰਗਾਲ ਵਿੱਚ ਭਾਜ ਪਾਈ ਹੈ ਆਓ ਆਪਾਂ ਵੀ ਬੰਗਾਲੀਆਂ ਤੋਂ ਸਬਕ ਸਿੱਖਦੇ ਹੋਏ ਆਪਣੀ ਜ਼ਮੀਰ ਤੇ ਪਹਿਰਾ ਦਿੰਦੇ ਹੋਏ 2022 ਦੀਆਂ ਵਿਧਾਨ ਸਭਾ ਵੋਟਾਂ ਵਿੱਚ ਇੱਕ ਨਵਾਂ ਇਤਿਹਾਸ ਸਿਰਜੀਏ, ਪੰਜਾਬ ਦਾ ਭਲਾ ਕਰਨ ਵਾਲੇ ਲੀਡਰਾਂ ਨੂੰ ਚੁਣੀਏ, ਮੈਨੂੰ ਤਾਂ ਇਸਦੇ ਵਿੱਚ ਹੀ ਪੰਜਾਬ ਦਾ ਭਲਾ ਲੱਗਦਾ ਹੈ ਬਾਕੀ ਪੰਜਾਬੀਓ ਤੁਹਾਡੀ ਮਰਜ਼ੀ , ਨਹੀਂ ਤਾ ਫੇਰ ਪੰਜਾਬ ਦਾ ਤਾਂ ਰੱਬ ਹੀ ਰਾਖਾ !

## ਬੂਟ ਬਨਾਮ ਚਪਲਾਂ!

ਗ਼ਲੀ ਗ਼ਲੀ ਵਿਚ ਫਿਰੀ 'ਸਰਕਾਰ' ਭਾਵੇਂ
ਰੂਪ ਧਾਰ ਕੇ 'ਨਾਥ ਟੈਗੋਰ' ਵਾ਼ਲਾ।
ਫਿਰਕੂ ਸੋਚ ਦਾ ਚਾੜ੍ਹਿਆ ਰੰਗ ਪੂਰਾ
ਕਾ਼ਲੀ ਸ਼ਾਹ ਜਿਹੀ ਘਟਾ ਘਨਘੋਰ ਵਾ਼ਲਾ।
ਛੱਡੀ ਕਸਰ ਨਾ ਕੋਈ ਕਮੀਨਗੀ ਦੀ
ਦਾਅ ਵਰਤਿਆ ਜ਼ੁਲਮ ਤੇ ਜੋਰ ਵਾ਼ਲਾ ।
ਚਪਲਾਂ ਪੈ ਗਈਆਂ ਬੂਟਾਂ 'ਤੇ ਬਹੁਤ ਭਾਰੀ
ਭੋਗ ਪਾ ਦਿੱਤਾ ਜਿੱਤਣ ਦੇ 'ਸ਼ੈਹੋਰ' ਵਾ਼ਲਾ।
ਫਾਸ਼ੀਵਾਦੀਏ ਸੀਗੇ ਮਗਰੂਰ ਬਹੁਤੇ
ਜਿਨੈਹਾਂ ਕਾਰਨੇ ਛਾਈਆਂ ਕੰਗਾਲੀਆਂ ਨੇ।
ਕਿਵੇਂ ਰੋਕੀ ਦਾ 'ਨਫਰਤੀ ਫੁੱਲ' ਖਿੜਨੋਂ
ਦਿੱਤਾ ਜਨਤਾ ਨੂੰ ਦੱਸ ਬੰਗਾਲੀਆਂ ਨੇ !



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

### ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਸ੍ਰੀ ਗੁਰੂ ਅਰਜਨ ਦੇਵ ਜੀ

ਰਮੇਸ਼ ਬੱਗਾ ਚੋਹਲਾ
91-94631-32719

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ (ਧਰਮ) ਦੀ ਬੁਨਿਆਦ ਕੁੱਝ ਅਜਿਹੇ ਸਾਰਥਿਕ ਅਤੇ ਚਿਰਕਾਲੀ ਸਿਧਾਂਤਾਂ ਉਪਰ ਰੱਖੀ ਹੈ ਜੋ ਲੋਕਾਈ ਨੂੰ ਨਾ ਸਿਰਫ ਹਨੇਰੀਆਂ (ਵਹਿਮਾਂ-ਭਰਮਾਂ ਦੀਆਂ) ਗਲੀਆਂ ਵਿਚ ਭਟਕਣ ਤੋਂ ਰੋਕਦੇ ਹਨ ਸਗੋਂ ਕਿਰਤ ਕਰਕੇ ਉਸ ਨੂੰ (ਲੋੜਵੰਦਾਂ ਵਿਚ) ਵੰਡਣ ਅਤੇ ਉਸ ਪਰਮ ਪਿਤਾ ਦਾ ਨਾਮ ਜਪਣ (ਸ਼ੁਕਰ ਕਰਨ) ਦੀ ਜੀਵਨ-ਜੁਗਤ ਵੀ ਦੱਸਦੇ ਹਨ। ਇਸ ਜੀਵਨ-ਜੁਗਤ ਨੂੰ ਅਪਨਾ ਕੇ ਕੋਈ ਵੀ ਮਨੁੱਖ ਜਿਥੇ ਆਪਣੇ ਲੋਕ ਨੂੰ ਸੁਖੀ ਬਣਾ ਸਕਦਾ ਹੈ ਉਥੇ ਆਪਣੇ ਪ੍ਰਲੋਕ ਨੂੰ ਵੀ ਸੁਹੇਲਾ ਕਰ ਸਕਦਾ ਹੈ। ਗੁਰੂ ਸਾਹਿਬਾਨ ਵੱਲੋਂ ਦਰਸਾਇਆ ਗਿਆ ਸੱਚ ਦਾ ਇਹ ਮਾਰਗ ਅਧਿਆਤਮਕ ਪੱਖ ਪੂਰਨ ਦੇ ਨਾਲ ਨਾਲ ਮਨੁੱਖ ਦੇ ਸਮਾਜਿਕ ਅਤੇ ਸਭਿਆਚਾਰਕ ਸਰੋਕਾਰਾਂ ਦੀ ਵੀ ਪੂਰਨ ਰੂਪ ਵਿਚ ਹਾਮੀ ਭਰਦਾ ਹੈ। ਇਸ ਹਾਮੀ ਵਜੋਂ ਹੀ ਗੁਰੂ ਜੀ ਵੱਲੋਂ ਸਿਮਰਨ ਦੇ ਨਾਲ-ਨਾਲ ਸੇਵਾ ਦੇ ਸੰਕਲਪ ਨੂੰ ਵੀ ਜੋੜਿਆ ਗਿਆ ਹੈ। ਇਹ ਸੰਕਲਪ ਕਿਸੇ ਵਿਅਕਤੀ ਨੂੰ ਨਾ ਸਿਰ/ ਧਰਮੀ ਮਨੁੱਖ ਬਣਨ ਤੱਕ ਹੀ ਸੀਮਤ ਰੱਖਦਾ ਹੈ ਸਗੋਂ ਉਸ ਦੀ ਸਮਾਜਿਕ ਸਾਰਥਿਕਤਾ ਨੂੰ ਵੀ ਬਣਾਈ ਰੱਖਦਾ ਹੈ। ਇਹ ਸਾਰਥਿਕਤਾ ਉਸ ਦੇ ਜੀਵਨ ਦੇ ਅੰਤਿਮ ਉਦੇਸ਼ (ਮੋਕਸ਼) ਦੀ ਪ੍ਰਾਪਤੀ ਲਈ ਵੀ ਕਾਰਗਰ ਸਾਬਤ ਹੁੰਦੀ ਹੈ। ਇਹ ਕਾਰਗਰਤਾ ਹੀ ਸਿੱਖ ਧਰਮ ਦੇ ਮੁਹਾਂਦਰੇ ਨੂੰ ਬਾਕੀ ਧਰਮਾਂ ਨਾਲੋਂ ਕੁੱਝ ਅੱਡਰਾਉਂਦੀ ਹੈ। ਇਸ ਅੱਡਰਤਾ ਭਰਪੂਰ ਵਿਸ਼ਵਾਸਾਂ ਅਤੇ ਅਹਿਸਾਸਾਂ ਦੀ ਮਲਕੀਅਤ ਰੱਖਣ ਵਾਲੇ ਇਸ ਵਿਗਿਆਨਕ ਧਰਮ ਦੀ ਚੜ੍ਹਦੀਕਲਾ ਹਿੱਤ ਦਸ ਗੁਰੂ ਸਾਹਿਬਾਨ ਆਪਣੇ ਆਪਣੇ ਸਮਿਆਂ ਵਿਚ ਭਰਪੂਰ ਉਪਰਾਲੇ ਕਰਦੇ ਰਹੇ ਹਨ। ਗੁਰੂ ਸਾਹਿਬ ਵੱਲੋਂ ਕੀਤੇ ਗਏ ਇਹ ਸਰਬ-ਕਲਿਆਣਕਾਰੀ ਉਪਰਾਲੇ (ਆਪਣੀ ਇੱਕ ਵਿਸ਼ੇਸ਼ ਮਹੱਤਤਾ ਰੱਖਣ ਕਰਕੇ) ਵਕਤ ਦੀਆਂ ਹਕੂਮਤਾਂ ਅਤੇ ਗੁਰੂ ਨਾਨਕ ਦੇ ਦਰ-ਘਰ ਨਾਲ ਵੈਰ-ਵਿਰੋਧ ਦੀ ਭਾਵਨਾ ਰੱਖਣ ਵਾਲਿਆਂ ਦੇ ਨੇਤਰਾਂ ਵਿਚ ਹਮੇਸ਼ਾਂ ਹੀ ਰੜਕਦੇ ਰਹੇ ਹਨ। ਇਸ ਰੜਕ ਦੇ ਵੱਧ ਜਾਣ ਕਾਰਣ ਹੀ ਪੰਜਵੇਂ ਨਾਨਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤੱਵੀ ਹੇਠ ਬਲਦੀ ਅੱਗ ਦੇ ਸੇਕ ਨੂੰ ਉਸ ਪਰਮ ਪਿਤਾ ਦੇ ਭਾਣੇ ਵਜੋਂ ਪ੍ਰਵਾਨ ਕਰਨਾ ਪਿਆ ਸੀ। ਇਸ ਪ੍ਰਵਾਨਗੀ ਕਾਰਨ ਹੀ ਸਿੱਖ ਜਗਤ ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ਼ ਕਹਿ ਕੇ ਸਤਿਕਾਰਦਾ ਹੈ।

ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ,ਆਦਿ ਗ੍ਰੰਥ ਸਾਹਿਬ ਦੇ ਸੰਪਾਦਕ,ਜ਼ੁਲਮ ਦੀ ਅੱਗ ਨੂੰ ਸਿਦਕਦਿਲੀ ਨਾਲ ਠੰਢਿਆਂ ਕਰਨ ਵਾਲੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ੧੫ ਅਪ੍ਰੈਲ, ਸੰਨ ੧੫੬੩ (ਵਿਸਾਖ ਬਿਕ੍ਰਮੀ ੧੬੨੦) ਨੂੰ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ ਹੋਇਆ। ਜਿਨ੍ਹਾਂ ਮਹਾਂਪੁਰਖਾਂ ਦੀ ਛਤਰ-ਛਾਇਆ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਪਨ ਪ੍ਰਵਾਨ ਚੜ੍ਹਿਆ ਉਹ ਅਧਿਆਤਮਕ ਖੇਤਰ ਦੀਆਂ ਮਹਾਨ ਹਸਤੀਆਂ ਸਨ। ਇਸ ਤੋਂ ਇਲਾਵਾ ਬਹੁਤ ਸਾਰੇ ਗਿਆਨੀ-ਧਿਆਨੀ, ਵਿਦਵਾਨ ਅਤੇ ਸਤਿ-ਪੁਰਖ ਆਪ ਜੀ ਦੇ ਸਤਿਕਾਰਯੋਗ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਅਤੇ ਖੁਦ ਉਨ੍ਹਾਂ ਦੀ ਆਪਣੀ ਸੰਗਤ ਵਿਚ ਰਹਿੰਦੇ ਸਨ। ਇਸ ਤੋਂ ਇਲਾਵਾ ਨਾਨਕੇ ਪਰਿਵਾਰ ਵਿਚੋਂ ਮਿਲਿਆ ਗੁਰਮਿਤ ਭਰਪੂਰ ਵਾਤਾਵਰਣ ਵੀ ਉਨ੍ਹਾਂ (ਗੁਰੂ ਅਰਜਨ ਦੇਵ ਜੀ) ਦੀ ਸ਼ਖ਼ਸੀਅਤ ਨੂੰ ਵਿਕਸਤ ਅਤੇ ਪ੍ਰਫੁਲਤ ਕਰਨ ਵਿਚ ਬਹੁਤ ਲਾਹੇਵੰਦਾ ਸਾਬਤ ਹੋਇਆ। ਨਾਨੇ-ਦੋਹਤਰੇ ਦੇ ਆਪਸੀ ਪਿਆਰ ਦੀ ਬਾਦੌਲਤ ਹੀ ਉਨ੍ਹਾਂ ਦੇ ਵਿਅਕਤੀਤਵ ਵਿਚੋਂ ਉੱਚੇ ਅਤੇ ਸੁੱਚੇ ਗੁਣਾਂ ਦੀ ਝਲਕ ਜੀਵਨ ਦੇ ਪਹਿਲੇ ਪੜਾਅ ਵਿਚ ਹੀ ਦਿਖਾਈ ਦੇਣ ਲੱਗ ਪਈ ਸੀ। ਇਸ ਝਲਕ ਨੂੰ ਦੇਖਣ ਤੋਂ ਬਾਅਦ ਹੀ ਨਾਨਾ ਗੁਰੂ ਨੇ ਉਨ੍ਹਾਂ ਨੂੰ 'ਦੋਹਿਤਾ ਬਾਣੀ ਦਾ ਬੋਹਿਥਾ' ਕਹਿ ਕੇ ਉਨ੍ਹਾਂ ਦੇ ਮਹਾਨ ਪੁਰਖ ਹੋਣ ਦੇ ਅਟੱਲ ਬਚਨ ਕਹੇ ਸਨ। ਨਾਨਾ ਗੁਰੂ ਦੀ ਪਿਆਰ ਭਰੀ ਅਗਵਾਈ ਤੋਂ ਛੁੱਟ ਪਿਤਾ ਗੁਰੂ ਰਾਮਦਾਸ ਜੀ ਦੀ ਨੇੜਤਾ ਵੀ ਉਨ੍ਹਾਂ ਦੇ ਸਾਹਾਂ ਦਾ ਸਹਾਰਾ ਬਣੀ ਹੋਈ ਸੀ। ੧੫੯੧ ਈ. ਨੂੰ ਜਦੋਂ ਗੁਰੂ (ਰਾਮਦਾਸ) ਪਿਤਾ ਨੇ ਉਨ੍ਹਾਂ ਨੂੰ ਸਹਾਰੀ ਮੱਲ ਦੇ ਪੁੱਤਰ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਭੇਜਿਆ ਤਾਂ ਉਨ੍ਹਾਂ ਇਸ ਹੁਕਮ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ। ਆਨੰਦ ਕਾਰਜ ਦੀ ਸਮਾਪਤੀ ਤੋਂ ਬਾਅਦ ਜਦੋਂ ਉਹ ਵਾਪਸੀ ਪਾਉਣ ਲੱਗੇ ਤਾਂ ਚੌਥੇ ਪਾਤਸ਼ਾਹ ਨੇ ਲਾਹੌਰ ਵਿਚ ਰਹਿ ਕੇ ਸੰਗਤਾਂ ਦੀ ਅਗਵਾਈ ਕਰਨ ਦਾ ਨਵਾਂ ਹੁਕਮ ਲਗਾ ਦਿੱਤਾ। ਇਸ ਹੁਕਮ ਤੋ ਬਾਅਦ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਮਨੋਂ ਹੀ ਵਿਸਾਰ ਦਿੱਤਾ। ਦਿਨਾਂ ਦੇ ਹਫ਼ਤੇ, ਹਫ਼ਤਿਆਂ ਦੇ ਮਹੀਨੇ ਅਤੇ ਮਹੀਨਿਆਂ ਦੀ ਛਿਮਾਹੀਆਂ ਬਣ ਗਈਆਂ ਪਰ ਗੁਰੂ ਕੇ ਚੱਕ ਤੋਂ ਕੋਈ ਸੁਨੇਹੜਾ ਨਹੀਂ ਆਇਆ। ਜਦੋਂ ਉਡੀਕ ਦੀਆਂ ਘੜੀਆਂ ਲੰਮੀਆਂ ਹੋ ਗਈਆਂ ਤਾਂ ਸਬਰ ਦਾ ਪਿਆਲਾ ਉਛਾਲੇ ਮਾਰਨ ਲੱਗ ਪਿਆ। ਇਸ ਉਛਾਲ ਕਾਰਨ ਉਨ੍ਹਾਂ ਨੇ ਇੱਕ ਪੱਤਰ ਗੁਰੂ ਪਿਤਾ ਵੱਲ ਲਿਖ ਭੇਜਿਆ ਜਿਸ ਦੀ ਇਬਾਰਤ ਸੀ:

ਮੇਰਾ ਮਨ ਲੋਚੇ ਗੁਰਦਰਸਨ ਤਾਈ।।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।।
ਤ੍ਰਿਖਾ ਨਾ ਉਤਰੈ ਸਾਂਤਿ ਨਾ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ।।
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ।।

ਇੱਕ ਇਹ ਪੱਤਰ ਅਤੇ ਇਸ ਤੋਂ ਬਾਅਦ ਇੱਕ ਹੋਰ ਪੱਤਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਵੱਲ ਭੇਜਿਆ ਗਿਆ ਪਰ ਈਰਖਾਲੂ ਪ੍ਰਿਥੀ ਚੰਦ(ਭਰਾਤਾ) ਵੱਲੋਂ ਇਹ ਬਿਰਹਾ ਭਰੇ ਪੱਤਰ ਸਹੀ ਮੰਜ਼ਿਲ ਤੱਕ ਨਹੀਂ ਜਾਣ ਦਿੱਤੇ। ਅਫ਼ੀਰ ਇਕ ਤੀਸਰੇ ਪੱਤਰ ਨੇ ਇਸ ਸਭ ਕੁਝ ਦਾ ਭੇਤ ਖੋਲ੍ਹ ਦਿੱਤਾ, ਜਿਸ ਨਾਲ ਪ੍ਰਿਥੀ ਚੰਦ ਨੂੰ ਸੰਗਤ ਦੇ ਸਨਮੁੱਖ ਸ਼ਰਮਿੰਦਾ ਹੋਣਾ ਪਿਆ। ਪੱਤਰਾਂ ਵਿਚਲੀ ਵੇਦਨਾ ਨੂੰ ਪੜ੍ਹ ਕੇ ਗੁਰੂ ਪਿਤਾ ਦੀਆਂ ਅੱਖਾਂ ਭਰ ਆਈਆਂ ਅਤੇ ਉਨ੍ਹਾਂ ਬਾਬਾ ਬੁੱਢਾ ਜੀ ਨੂੰ ਲਾਹੌਰ ਵੱਲ ਰਵਾਨਾ ਕਰ ਦਿੱਤਾ। ਜਦੋਂ ਵਾਪਸ ਆਏ ਤਾਂ ਪਿਤਾ ਜੀ ਦੇ ਦਰਸ਼ਨ-ਦੀਦਾਰੇ ਕਰਕੇ ਨਿਹਾਲ ਹੋ ਗਏ ਲੰਮੇ ਵਿਛੋੜੇ ਤੋਂ ਬਾਅਦ ਮਿਲਾਪੀ ਪਲਾਂ 'ਚੋਂ ਪ੍ਰਾਪਤ ਹੋਈ ਆਪਣੀ ਆਨੰਦਮਈ ਅਵਸਥਾ ਨੂੰ ਉਨ੍ਹਾਂ ਇੰਜ ਬਿਆਨ ਕੀਤਾ ਹੈ:-

ਭਾਗੁ ਹੋਆ ਗੁਰਿ ਸੰਤੁ ਮਿਲਾਇਆ।।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।।
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ।।
ਹਉ ਘੋਲੀ ਜੀਉ ਘੋਲ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ।।

ਛੋਟੀ ਉਮਰੇ ਉਨ੍ਹਾਂ ਦੀ ਸੇਵਾ ਅਤੇ ਸਿਮਰਨ ਵਾਲੀ ਬਿਰਤੀ ਨੂੰ ਦੇਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋਵਾਂ ਪੁੱਤਰਾਂ(ਪ੍ਰਿਥੀ ਚੰਦ ਅਤੇ ਮਹਾਂਦੇਵ) ਨੂੰ ਛੱਡ ਕੇ 1 ਸਤੰਬਰ 1581 ਈ. (੨ ਅਸੂ ਸੰਮਤ ੧੬੩੮) ਨੂੰ ਸ਼ੁਕਰਵਾਰ ਵਾਲੇ ਦਿਨ ਗੁਰੂ ਨਾਨਕ ਦੇਵ ਦੇ ਘਰ ਦਾ ਪੰਜਵਾਂ ਵਾਰਿਸ ਥਾਪ ਦਿੱਤਾ। ਇਸ ਥਾਪਣਾ ਸਮੇਂ ਉਨ੍ਹਾਂ ਦੀ ਉਮਰ ੧੮ ਸਾਲ ੪ ਮਹੀਨੇ ੧੪ ਦਿਨ ਸੀ। ਚੌਥੇ ਪਾਤਸ਼ਾਹ ਦੀ ਇਸ ਚੋਣ ਨਾਲ ਪ੍ਰਿਥੀ ਚੰਦ ਦੀਆਂ ਉਮੀਦਾਂ ਦੇ ਮਹਿਲ ਢਹਿ ਢੇਰੀ ਹੋ ਗਏ। ਉਹ ਗੁਰੂ ਜੀ ਨਾਲ ਬਹੁਤ ਲੋਹਾ-ਲਾਖਾ ਹੋਇਆ। ਗੁਰੂ ਰਾਮਦਾਸ ਜੀ ਨੇ ਉਸ ਨੂੰ ਪਿਆਰ ਨਾਲ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਦੀ ਸਮਝ 'ਤੇ ਲਾਲਚ ਭਾਰੂ ਹੋ ਚੁੱਕਾ ਸੀ। ਇਸ ਲਾਲਚ ਅਤੇ ਬੇਸਮਝੀ ਕਾਰਨ ਹੀ ਉਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਨੂੰ ਢਾਹ ਲਾਉਣ ਦੀਆਂ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ। ਇਨ੍ਹਾਂ ਕੋਸ਼ਿਸ਼ਾਂ ਤਹਿਤ ਉਸ ਨੇ ਜਿਥੇ ਸਿੱਖ ਸੰਗਤਾਂ ਨੂੰ ਵਕਤੀ ਤੌਰ 'ਤੇ ਗੁੰਮਰਾਹ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਉਥੇ ਗੁਰੂ ਕੇ ਲੰਗਰ ਨੂੰ ਮਸਤਾਨਾ ਕਰਨ ਵਿਚ ਵੀ ਆਪਣੀ ਨਾਂਹ-ਪੱਖੀ ਭੂਮਿਕਾ ਅਦਾ ਕੀਤੀ। ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਸਾਰ ਹੀ ਸਭ ਤੋਂ ਪਹਿਲਾ ਪਵਿੱਤਰ ਕਾਰਜ ਰਾਮਦਾਸ ਸਰੋਵਰ ਨੂੰ ਪੱਕਾ ਕਰਨ ਦਾ ਕੀਤਾ। ਇਸ ਕਾਰਜ ਦੀ ਸਪੂੰਰਨਤਾ ਨਾਲ ਉਨ੍ਹਾਂ ਦੇ ਮਨ ਦੀ ਤਸੱਲੀ ਨਹੀਂ ਹੋਈ। ਇਸ ਮੁਕੱਦਸ ਸਰੋਵਰ ਦੇ ਵਿਚਾਲੇ ਉਨ੍ਹਾਂ ਨੇ ਇੱਕ ਅਜਿਹਾ ਮੰਦਰ(ਪਰਮੇਸ਼ਰ ਦੀ ਯਾਦ ਦਵਾਉਣ ਲਈ) ਉਸਾਰਨ ਦੀ ਵਿਉਂਤਬੰਦੀ ਕੀਤੀ ਜੋ ਬਾਕੀ ਮੰਦਰਾਂ (ਕਿਸੇ ਖਾਸ ਦੇਵੀ-ਦੇਵਤੇ ਨੂੰ ਸਮਰਪਿਤ) ਨਾਲੋਂ ਵਿਲੱਖਣਤਾ ਭਰਪੂਰ ਹੋਵੇ। ਇਸ ਮੰਦਰ (ਹਰਿਮੰਦਰ ਸਾਹਿਬ) ਦੀ ਤਮੀਰ ਕਰਵਾਉਣੀ ਆਪਣੇ ਆਪ ਵਿਚ ਇੱਕ ਅਨੂਪ ਕਾਰਜ ਸੀ। ਕਿਉਂਕ ਇਸ ਦੇ ਚਾਰ ਦਰਵਾਜ਼ਿਆਂ ਵਿਚਲਾ ਪ੍ਰਵੇਸ਼ ਧਰਮ, ਨਸਲ, ਜ਼ਾਤ, ਰੰਗ, ਦੇਸ਼ ਅਤੇ ਕੌਮ ਨੂੰ ਆਧਾਰ ਮੰਨ ਕੇ ਕੀਤੇ ਜਾਣ ਵਾਲੇ ਵਿਤਕਰਿਆਂ ਤੋਂ ਰਹਿਤ ਸੀ। ਦੂਜੇ ਧਰਮਾਂ ਦੇ ਧਾਰਮਿਕ ਸਥਾਨ ਆਮ ਤੌਰ 'ਤੇ ਆਲੇ ਦੁਆਲੇ ਦੇ ਬਾਕੀ ਮਕਾਨਾਂ ਤੋਂ ਕੁਝ ਉੱਚੀ ਪੱਧਰ 'ਤੇ ਉਸਾਰੇ ਜਾਂਦੇ ਹਨ। ਪਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਾਉੜੀਆਂ ਉਪਰ ਵੱਲ ਜਾਣ ਦੀ ਬਜਾਏ ਹੇਠਾਂ ਵੱਲ ਨੂੰ ਜਾਂਦੀਆਂ ਹਨ ਜੋ ਗੁਰੂ ਅਰਜਨ ਦੇਵ ਜੀ ਦੀ ਦੂਰਦ੍ਰਿਸ਼ਟੀ ਦਾ ਪ੍ਰਮਾਣ ਹਨ। ਇਸ ਦ੍ਰਿਸ਼ਟੀ ਦੇ ਅਨੁਸਾਰ ਜੋ ਵੀ ਕੋਈ ਸ਼ਰਧਾਲੂ ਆਪਣੇ ਇਸ਼ਟ ਦੇ ਸਨਮੁਖ ਹੋਣ ਲਈ ਆਵੇ ਉਹ ਹਉਮੈਂ ਦੇ ਰੋਗ ਤੋਂ ਮੁਕਤ ਹੋ ਕੇ ਆਵੇ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਹੋਰ ਵੀ ਬਹੁਤ ਸਾਰੇ ਅਜਿਹੇ ਕਾਰਜ ਕੀਤੇ ਗਏ ਜਿਨ੍ਹਾਂ ਨੇ ਸਿੱਖੀ ਦੇ ਫੈਲਾਅ ਅਤੇ ਸਿਧਾਂਤਾਂ ਦੇ ਨਿਭਾਅ (ਅਮਲ) ਹਿੱਤ ਇੱਕ ਅਹਿਮਤਰੀਨ ਭੂਮਿਕਾ ਅਦਾ ਕੀਤੀ। ਇਨ੍ਹਾਂ ਕਾਰਜਾਂ ਵਿਚੋਂ ਪ੍ਰਮੱਖ ਅਤੇ ਵਡੇਰੇ ਸਤਿਕਾਰ ਵਾਲਾ ਕਾਰਜ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ। ਇਸ ਵੱਡਮੁਲੇ ਕਾਰਜ ਨੂੰ ਉਨ੍ਹਾਂ ਦੀ ਇੱਕ ਸ਼੍ਰੋਮਣੀ ਪ੍ਰਾਪਤੀ ਵਜੋਂ ਲਿਆ ਜਾਂਦਾ ਹੈ। ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਗੁਰੂ ਅਰਜਨ ਦੇਵ ਜੀ ਇੱਕ ਪ੍ਰਤਿਭਾਸ਼ਾਲੀ ਵਿਦਵਾਨ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਭੱਟ ਮਥੁਰਾ ਜੀ ਤਾਂ ਉਨ੍ਹਾਂ ਦੀ ਹਸਤੀ ਨੂੰ ਅਕਾਲ ਪੁਰਖ ਤੋਂ ਵੱਖ ਕਰਕੇ ਹੀ ਨਹੀਂ ਦੇਖਦੇ ਸਨ। ਇਸ ਗੱਲ ਨੂੰ ਤਸਦੀਕ ਕਰਦਿਆਂ ਉਹ ਲਿਖਦੇ ਹਨ:-

ਧਰਨਿ ਗਗਨ ਨਵ ਖੰਡ ਮਹਿ
ਜੋਤਿ ਸਰੂਪੀ ਰਹਿਓ ਭਰਿ।।
ਭਨਿ ਮਥੁਰਾ ਕਛੁ ਭੇਦ ਨਹੀ
ਗੁਰੁ ਅਰਜੁਨੁ ਪਰਤਖ ਹਰਿ।।

ਉਹ (ਮਥੁਰਾ ਜੀ) ਤਾਂ ਇਥੋਂ ਤੱਕ ਵੀ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਪੰਜਵੇਂ ਨਾਨਕ ਨਾਲ ਸੱਚੀ ਪ੍ਰੀਤ ਪਾ ਲਈ ਉਨ੍ਹਾਂ ਪਿਆਰਿਆਂ ਦਾ ਜਨਮ-ਮਰਨ ਹੀ ਕੱਟਿਆ ਜਾਂਦਾ ਹੈ। ਇਸ ਗੱਲ ਦੀ ਗਵਾਹੀ ਉਹ ਹੇਠ ਲਿਖੀਆਂ ਪਾਵਨ ਪੰਕਤੀਆਂ ਰਾਹੀਂ ਦੇ ਰਹੇ ਹਨ:-

ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ
ਕਉ ਅਵਤਾਰੁ ਬਨਾਯਉ।।
ਜਪ੍ਹਉ ਜਿਨ ਅਰਜੁਨੁ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ।।



ਜਿਥੇ ਗੁਰੂ ਅਰਜਨ ਦੇਵ ਜੀ ਉਤਰੀ ਭਾਰਤ ਵਿਚ ਪ੍ਰਚਲਿਤ ਭਾਸ਼ਵਾ ਦੇ ਉਸਤਾਦ ਸਨ ਉਥੇ ਨਾਲ ਹੀ ਸੰਗੀਤਕ ਸੂਝ ਵੀ ਰੱਖਦੇ ਸਨ। ਇਸ ਸੂਝ ਸਦਕਾ ਹੀ ਜਿਥੇ ਉਨ੍ਹਾਂ ਨੇ ਆਪ ਇਲਾਹੀ ਬਾਣੀ ਦੀ ਸਿਰਜਣਾ ਕੀਤੀ ਉਥੇ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨਾਂ, ਵੱਖ-ਵੱਖ ਖਿਤਿਆਂ ਨਾਲ ਜੁੜੇ ਹੋਏ ਭਗਤਾਂ ਅਤੇ ਭੱਟਾਂ ਦੀ ਪਵਿੱਤਰ ਬਾਣੀ ਨੂੰ ਇੱਕ ਸੁੱਚੀ ਮਾਲਾ (ਗ੍ਰੰਥ) ਵਿਚ ਪਰੋਣ ਦਾ ਇੱਕ ਅਣਥਕ ਯਤਨ ਆਰੰਭ ਕਰ ਦਿੱਤਾ। ਆਪਣੇ ਇਸ ਜਤਨ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਉਨ੍ਹਾਂ ਵੱਲੋਂ ਆਪਣੇ ਸਮੇਂ ਦੇ ਪੰਥਕ ਵਿਦਵਾਨ ਭਾਈ ਗੁਰਦਾਸ (ਗੁਰੂ ਜੀ ਦੇ ਮਾਮਾ) ਜੀ ਦੀ ਸੇਵਾਵਾਂ ਲਈਆਂ ਗਈਆਂ। ਇਸ ਮਹਾਨ ਅਤੇ ਵਿਲੱਖਣ ਕਾਰਜ ਦੀ ਸੰਪੂਰਨਤਾ ਭਾਦਰੋਂ ਵਦੀ ਇੱਕ (੧੬੦੪ ਈ.) ਨੂੰ ਹੋਈ।

ਇਸ ਵੱਡਆਕਾਰੀ ਗ੍ਰੰਥ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ੧੬ ਅਗਸਤ ੧੬੦੪ ਈ.ਦਿਨ ਵੀਰਵਾਰ ਨੂੰ ਕੀਤਾ ਗਿਆ। ਮਨੁੱਖੀ ਬਰਾਬਰੀ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦੇਣ ਵਾਲੇ ਇਸ ਗ੍ਰੰਥ ਦੇ ਪ੍ਰਕਾਸ਼ ਵਿਚ ਆਉਣ ਨਾਲ ਇਸ ਦੀ ਪਾਵਨ ਬਾਣੀ ਪ੍ਰਤੀ ਕੁੱਝ ਝੂਠੀਆਂ ਸ਼ਿਕਾਇਤਾਂ ਵੀ ਵਕਤ ਦੇ ਹਾਕਮ (ਅਕਬਰ) ਕੋਲ ਪਹੁੰਚਣ ਲੱਗੀਆਂ ਪਰ ਜਦੋਂ ਇਨ੍ਹਾਂ ਸ਼ਿਕਾਇਤਾਂ ਨੂੰ ਸੱਚ ਅਤੇ ਦਲੀਲ ਦੀ ਕਸਵੱਟੀ ਉਪਰ ਲਗਾਇਆ ਗਿਆ ਤਾਂ ਸ਼ਿਕਾਇਤਕਰਤਾਵਾਂ ਨੂੰ ਸ਼ਰਮਿੰਦਗੀ ਉਠਾਉਣੀ ਪਈ।

ਸਰਬਤ ਦੇ ਭਲੇ ਵਾਲੀ ਸੋਚ ਅਤੇ ਲੋਕ ਹਿੱਤਕਾਰੀ ਅਮਲਾਂ ਕਾਰਨ ਗੁਰੂ ਨਾਨਕ ਦਰਬਾਰ ਦੀ ਹਰਮਨ ਪਿਆਰਤਾ ਦਿਨੋਂ ਦਿਨ ਵੱਧ ਰਹੀ ਸੀ। ਇਹ ਹਰਮਨ ਪਿਆਰਤਾ ਤਤਕਾਲੀ ਹਕੂਮਤ (ਜਹਾਂਗੀਰ ਤੇ ਉਸ ਦੇ ਚੇਲੇ-ਚਾਟੜੇ) ਅਤੇ ਗੁਰੂ ਘਰ ਦੇ ਦੋਖੀਆਂ ਦੀ ਅੱਖ ਵਿਚ ਰੜਕਣ ਲੱਗ ਪਈ ਸੀ। ਇਸ ਰੜਕ ਨੇ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਢ ਬੰਨ੍ਹਣ ਵਿਚ ਆਪਣਾ ਨਿੰਦਣਯੋਗ ਰੋਲ ਅਦਾ ਕੀਤਾ ਸੀ। ਗੁਰੂ ਅਰਜਨ ਦੇਵ ਜੀ ਦੇ ਸਮਕਾਲ ਸਰਹਿੰਦ ਦੇ ਇਲਾਕੇ ਵਿਚ ਨਕਸ਼ਬੰਦੀ ਸਿਲਸਲੇ ਨਾਲ ਸੰਬੰਧਤ ਸ਼ੇਖ ਅਹਿਮਦ ਫ਼ਾਰੂਕੀ ਦੀ ਪੂਰੀ ਚੜ੍ਹਾਈ ਸੀ। ਉਹ ਆਪਣੇ ਆਪ ਨੂੰ ਕਿਊਮ ਅਖਵਾਉਂਦਾ ਅਤੇ ਸਾਰੀ ਧਰਤੀ ਤੇ ਅਸਮਾਨ 'ਤੇ ਆਪਣਾ ਅਧਿਕਾਰ ਜਤਾਉਂਦਾ ਸੀ। ਬਾਦਸ਼ਾਹ ਅਕਬਰ ਦੀ ਦਰਿਆਦਿਲੀ ਨੂੰ ਉਹ ਇਸਲਾਮ ਦੀ ਕਮਜ਼ੋਰੀ ਸਮਝਦਾ ਸੀ। ਇਸ ਕਮਜ਼ੋਰੀ ਨੂੰ ਦੂਰ ਕਰਕੇ ਇਸਲਾਮ ਦਾ ਬੋਲਬਾਲਾ ਕਰਨਾ ਉਹ ਆਪਣਾ ਨਿੱਜੀ ਅਤੇ ਮੁਕੱਦਸ ਕਰਤੱਵ ਸਮਝਦਾ ਸੀ। ਇਸ ਕਰਤੱਵ ਦੀ ਪਾਲਣਾ ਹਿੱਤ ਹੀ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ 'ਇਮਾਮ-ਏ-ਕੁਫ਼ਰ' ਦਾ ਫ਼ਤਵਾ ਦਿੱਤਾ ਅਤੇ ਉਨ੍ਹਾਂ ਦਾ ਮਲੀਆਮੇਟ ਕਰਨ ਲਈ ਇੱਕ ਕੱਟੜ ਸੋਚ ਦੇ ਮਾਲਿਕ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨ ਲੱਗ ਪਿਆ। ਉਸ ਨੇ ਬਾਦਸ਼ਾਹ ਨੂੰ ਦੱਸਿਆ ਕਿ '(ਗੁਰੂ) ਅਰਜਨ ਦੇਵ ਤੁਹਾਡੇ ਅੱਬਾ ਜਾਨ ਦੇ ਚਹੇਤੇ ਸਨ ਅਤੇ ਉਸ ਦੇ ਪ੍ਰਚਾਰ ਅਤੇ ਪ੍ਰਸਾਰ ਸਦਕਾ ਕੇਵਲ ਹਿੰਦੂ ਹੀ ਨਹੀ ਸਗੋਂ ਵੱਡੀਂ ਗਿਣਤੀ ਵਿਚ ਮੁਸਲਮਾਨ ਵੀ ਗੁਰੂਕਿਆਂ ਦੇ ਪ੍ਰਸ਼ੰਸਕ ਬਣ ਗਏ ਹਨ। ਇਸ ਤੋਂ ਇਲਾਵਾ ਉਸ (ਗੁਰੂ) ਨੇ ਬਾਗੀ ਖੁਸਰੋ ਦੀ ਨਾ ਕੇਵਲ ਮਾਇਆ ਨਾਲ ਮਦਦ ਹੀ ਕੀਤੀ ਸਗੋਂ ਤਿਲਕ ਲਗਾ ਕੇ ਉਸ ਨੂੰ ਤਖ਼ਤ ਦਾ ਵਰਦਾਨ ਵੀ ਦਿੱਤਾ ਹੈ।'

ਬਾਦਸ਼ਾਹ ਜਹਾਂਗੀਰ ਇੱਕ ਤਾਂ ਕੰਨਾਂ ਦਾ ਕੱਚਾ ਸੀ, ਦੂਜਾ ਉਸ ਨੂੰ ਆਪਣੇ ਰਾਜ-ਭਾਗ ਦੀ ਲੰਮੀ ਉਮਰ ਲਈ ਕੱਟੜ-ਪੰਥੀਆਂ ਦਾ ਸਹਿਯੋਗ ਚਾਹੀਦਾ ਸੀ। ਇਸ ਲਈ ਉਸ ਨੇ ਬੁਲਾਵਾ ਭੇਜ ਕੇ ਗੁਰੂ ਸਾਹਿਬ ਨੂੰ ਲਾਹੌਰ ਬੁਲਾ ਲਿਆ। ਜੇਕਰ 'ਤੁਜ਼ਿਕੇ ਜਹਾਂਗੀਰੀ' ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਬਾਦਸ਼ਾਹ ਆਪ ਵੀ ਪੰਜਵੇਂ ਗੁਰਾਂ ਪ੍ਰਤੀ ਆਪਣੇ ਦਿਲ ਵਿਚ ਨਫ਼ਰਤ ਭਰੀ ਬੈਠਾ ਸੀ। ਉਸ ਦੇ ਦਿਲ ਵਿਚਲੀ ਨਫ਼ਰਤ ਅਤੇ ਮਜ਼ਹਬੀ ਤੰਗਦਿਲੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਚ ਆਪਣਾ ਭਰਵਾਂ ਯੋਗਦਾਨ ਪਾਇਆ। ਜਹਾਂਗੀਰ ਦਾ ਹੁਕਮ ਪਾ ਕੇ ਮੁਰਤਜ਼ਾ ਖ਼ਾਂ ਗੁਰਦੇਵ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਗਿਆ। ਝੂਠ-ਸੱਚ ਨੂੰ ਨਿਤਾਰਨ ਤੋਂ ਬਗ਼ੈਰ ਹੀ ਉਸ ਨੇ ਗੁਰੂ ਸਾਹਿਬ ਨੂੰ ਚੰਦਰੀ ਨੀਅਤ ਵਾਲੇ ਚੰਦੂ ਦੇ ਹਵਾਲੇ ਕਰ ਦਿੱਤਾ। ਜਾਨ ਲੈਣ ਨਾਲੋਂ ਚੰਦੂ ਗੁਰੂ ਸਾਹਿਬ ਕੋਲੋਂ ਆਪਣੀ ਈਨ ਮੰਨਵਾਉਣ ਨੂੰ ਵਧੇਰੇ ਤਰਜ਼ੀਹ ਦੇਣ ਲੱਗਾ ਪਿਆ। ਇਸ ਤਰਜ਼ੀਹ ਅਨੁਸਾਰ ਉਸ ਨੇ ਗੁਰੂ ਅਰਜਨ ਦੇਵ ਜੀ ਅੱਗੇ ਆਪਣੀਆਂ ਤਿੰਨ ਸ਼ਰਤਾਂ ਰੱਖ ਦਿੱਤੀਆਂ ਜੋ ਇਸ ਪ੍ਰਕਾਰ ਸਨ:-

ਪਹਿਲੀ ਸ਼ਰਤ-ਮੁਸਲਮਾਨ ਬਣ ਜਾਣ ਦੀ।

ਦੂਜੀ- ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਿਤ ਵਿਚ ਚੰਦ ਸ਼ਬਦ ਲਿਖ ਦੇਣ ਦੀ।

ਤੀਜੀ- ਸਾਹਿਬਜ਼ਾਦੇ (ਹਰਗੋਬਿੰਦ ਸਾਹਿਬ) ਵਾਸਤੇ ਉਸ (ਚੰਦੂ) ਦੀ ਬੇਟੀ ਦਾ ਸਾਕ ਸਵੀਕਾਰ ਕਰਨ ਦੀ।

ਪਹਿਲੀ ਸ਼ਰਤ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਚੰਦੂ ਨੂੰ ਦਲੀਲ ਸਾਹਿਤ ਸਮਝਾਉਂਦਿਆਂ ਕਿਹਾ ਕਿ ਜੋ ਇਨਸਾਨ ਕਿਸੇ ਲਾਲਚ ਜਾਂ ਡਰ ਕਾਰਨ ਆਪਣਾ ਧਰਮ ਤਿਆਗ ਦਿੰਦਾ ਹੈ ਉਹ ਕਿਸੇ ਵੀ ਧਰਮ ਜੋਗਾ ਨਹੀਂ ਰਹਿ ਜਾਂਦਾ। ਕਿਉਂਕਿ ਧਰਮ ਕੇਵਲ ਬਾਹਰੀ ਦਿਖਾਵਾ ਹੀ ਨਹੀਂ ਸਗੋਂ ਇੱਕ ਜੀਵਨ-ਜਾਚ ਵੀ ਹੁੰਦਾ ਹੈ। ਦੂਜੀ ਸ਼ਰਤ ਨੂੰ ਰੱਦ ਕਰਦਿਆਂ ਗੁਰੂ ਜੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਇੱਕ ਇਲਾਹੀ ਕਿਰਤ ਹੈ ਜੋ ਕਰਤਾ ਪੁਰਖ ਦੇ ਹੁਕਮ ਵਿਚ ਰਹਿ ਕੇ ਪ੍ਰਵਾਨ ਚੜ੍ਹੀ ਹੈ,ਹੁਣ ਇਸ ਵਿਚ ਕਿਸੇ ਇੱਕ ਅਖ਼ਰ ਦਾ ਵੀ ਵਾਧਾ-ਘਾਟਾ ਨਹੀਂ ਕੀਤਾ ਜਾ ਸਕਦਾ। ਤੀਜੀ ਗੱਲ ਜੋ ਤੇਰੀ ਬੇਟੀ ਦਾ ਸਾਕ ਨਾ ਲੈਣ ਬਾਰੇ ਹੈ ਇਹ ਫ਼ੈਸਲਾ ਗੁਰੂ ਕੀ ਸੰਗਤ ਵੱਲੋਂ ਸਮੂਹਿਕ ਰੂਪ ਵਿਚ ਕੀਤਾ ਗਿਆ ਹੈ, ਜਿਸ ਨੂੰ ਪਲਟਾਉਣਾ ਸਾਡੇ ਵੱਸੋਂ ਬਾਹਰੀ ਗੱਲ ਹੈ। ਚੌਥੀ ਗੱਲ ਜੋ ਤਸੀਹੇ ਸਹਿਣ ਦੀ ਹੈ, ਉਸ ਨੂੰ ਅਸੀਂ ਪਰਮੇਸ਼ਰ ਦਾ ਭਾਣਾ ਸਮਝ ਕੇ ਖਿੜੇ-ਮੱਥੇ ਕਬੂਲ ਕਰਨ ਲਈ ਤਿਆਰ ਹਾਂ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਖ਼ਰੀਆਂ-ਖ਼ਰੀਆਂ ਸੁਣ ਕੇ ਚੰਦੂ ਪਾਪੀ ਅਤੇ ਉਸ ਦੀ ਲਾਬੀ ਨੇ ਗੁਰੂ ਸਾਹਿਬ ਨੂੰ ਯਾਸਾ (ਖ਼ੂਨ ਡੋਲ੍ਹਣ ਤੋਂ ਬਗੈਰ) ਦੇ ਕਾਨੂੰਨ ਤਹਿਤ ਸਖ਼ਤ ਸਜ਼ਾਵਾਂ ਦੇਣ ਦੀ ਠਾਣ ਲਈ।


ਇਨ੍ਹਾਂ ਸਜ਼ਾਵਾਂ ਤਹਿਤ ਜਿਥੇ ਗੁਰੂ ਸਾਹਿਬ ਨੂੰ ਜੇਠ ਮਹੀਨੇ ਦੀ ਕੜਕਦੀ ਧੁੱਪੇ ਉੱਬਲਦੀਆਂ ਦੇਗਾਂ ਵਿਚ ਉਬਾਲਿਆ ਗਿਆ, ਉਥੇ ਤੱਤੀ ਤੱਵੀ ਉਤੇ ਬੈਠਾਅ ਕੇ ਨੰਗੇ ਜਿਸਮ ਉਪਰ ਗਰਮ ਰੇਤ ਦੇ ਕੜਛੇ ਵੀ ਪਾਏ ਗਏ। ਇਸ ਅਕਹਿ ਅਤੇ ਅਸਹਿ ਤਸ਼ੱਦਦ ਨੂੰ ਪੰਜਵੇਂ ਪਾਤਸ਼ਾਹ ਨੇ 'ਦੁਖ ਵਿਚਿ ਸੁਖ ਮਨਾਈ' ਦੀ ਅਵਸਥਾ ਵਜੋਂ ਲੈਂਦਿਆਂ ਉਸ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ ਅਤੇ 30 ਮਈ 1606 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ।


# ਗੁਰਭਜਨ ਗਿੱਲ ਦਾ ਗ਼ਜ਼ਲ ਸੰਗ੍ਰਹਿ ਸੁਰਤਾਲ : ਪੰਜਾਬੀ ਵਿਰਾਸਤ ਦਾ ਸ਼ੀਸ਼ਾ



ਉਜਾਗਰ ਸਿੰਘ

ਗੁਰਭਜਨ ਗਿੱਲ ਪੰਜਾਬੀ ਦਾ ਸਥਾਪਤ ਗ਼ਜ਼ਲਗੋ ਹੈ। ਉਹਨਾਂ ਦੀਆਂ ਹੁਣ ਤੱਕ 21 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਹਨਾਂ ਵਿਚੋਂ 17 ਉਹਨਾਂ ਦੀਆਂ ਮੌਲਿਕ ਪੁਸਤਕਾਂ ਹਨ। 4 ਪੁਸਤਕਾਂ ਉਹਨਾਂ ਬਾਰੇ ਹੋਰ ਲੇਖਕਾਂ ਨੇ ਪ੍ਰਕਾਸ਼ਤ ਕੀਤੀਆਂ ਹਨ। ਉਹਨਾਂ ਪੁਸਤਕਾਂ ਵਿਚੋਂ 8 ਕਾਵਿ ਸੰਗ੍ਰਹਿ, 4 ਗ਼ਜ਼ਲ ਸੰਗ੍ਰਹਿ, ਇਕ ਗੀਤ ਸੰਗ੍ਰਹਿ, ਇਕ ਰੁਬਾਈਆਂ ਦਾ ਸੰਗ੍ਰਹਿ, 2 ਸੁਚਿਤਰ ਵਾਰਤਕ ਸੰਗ੍ਰਹਿ ਅਤੇ ਪੜਚੋਲ ਅਧੀਨ ਇਹ ਸੁਰਤਾਲ ਗ਼ਜ਼ਲ ਸੰਗ੍ਰਹਿ ਸ਼ਾਮਲ ਹੈ। ਉਹਨਾਂ ਦੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਦੇ ਹੋਰ ਵਿਦਵਾਨਾਂ ਨੇ ਇਕ ਕਾਵਿ ਸੰਗ੍ਰਹਿ ਅਤੇ 3 ਗ਼ਜ਼ਲ ਸੰਗ੍ਰਹਿ ਸੰਪਾਦਿਤ ਕੀਤੇ ਹਨ। ਗੁਰਭਜਨ ਗਿੱਲ ਸਹੀ ਅਰਥਾਂ ਵਿਚ ਪੰਜਾਬ ਦੀ ਧਰਤੀ ਦਾ ਪੁੱਤਰ ਹੈ, ਜਿਹੜਾ ਆਪਣੀ ਵਿਰਾਸਤ ਦੀ ਧਰਤੀ ਨਾਲ ਬਾਖ਼ੂਬੀ ਜੁੜਿਆ ਹੋਇਆ ਹੈ। ਉਹ ਪੰਜਾਬ ਦੇ ਸਭਿਆਚਾਰਕ ਵਿਰਸੇ ਅਤੇ ਵਿਰਾਸਤ ਨੂੰ ਭਲੀ ਭਾਂਤ ਜਾਣਦਾ ਹੀ ਨਹੀਂ, ਸਗੋਂ ਵਿਰਾਸਤ ਨੂੰ ਆਪਣੇ ਮੋਢਿਆਂ ਤੇ ਚੁੱਕੀ ਫਿਰਦਾ ਹੈ ਤਾਂ ਜੋ ਨੌਜਵਾਨ ਪੀੜੀ ਆਪਣੀ ਵਿਰਾਸਤ ਤੋਂ ਮੁੱਖ ਨਾ ਮੋੜ ਸਕੇ। ਉਹ ਨੌਜਵਾਨ ਪੀੜੀ ਦੇ ਕਵੀਆਂ, ਕਵਿਤਰੀਆਂ ਅਤੇ ਗ਼ਜ਼ਲਗੋਆਂ ਲਈ ਪ੍ਰੇਰਨਾ ਸਰੋਤ ਹਨ। ਉਹ ਆਮ ਜਨ ਜੀਵਨ ਅਤੇ ਸਾਹਿਤਕ ਸਮਾਜ ਵਿਚ ਵੀ ਵਿਰਾਸਤੀ ਸਭਿਆਚਾਰ ਵਿਚ ਬੋਲੀ ਜਾਣ ਵਾਲੀ ਸ਼ਬਦਾਵਲੀ ਰਾਹੀਂ ਵਿਚਰਦੇ ਹਨ। ਉਹਨਾਂ ਦੀਆਂ ਗ਼ਜ਼ਲਾਂ ਪਾਠਕ ਲਈ ਭਾਰੂ ਨਹੀਂ ਬਣਦੀਆਂ, ਸਗੋਂ ਹਰ ਪਾਠਕ ਦੀ ਸਮਝ ਵਿਚ ਸੌਖਿਆਂ ਹੀ ਆ ਜਾਂਦੀਆਂ ਹਨ ਕਿਉਂਕਿ ਉਹਨਾਂ ਦੀ ਸ਼ਬਦਾਵਲੀ ਪੰਜਾਬੀ ਵਿਰਾਸਤ ਵਿਚੋਂ ਲੈ ਕੇ ਵਰਤੀ ਗਈ ਹੈ। ਹਰ ਘਰ ਖਾਸ ਤੌਰ ਤੇ ਦਿਹਾਤੀ ਪੰਜਾਬ ਵਿਚ ਬੋਲੀ ਜਾਣ ਵਾਲੀ ਸ਼ਬਦਾਵਲੀ, ਉਹਨਾਂ ਦੀਆਂ ਗ਼ਜ਼ਲਾਂ ਦਾ ਸ਼ਿੰਗਾਰ ਬਣਦੀ ਹੈ। ਖਾਸ ਤੌਰ ਤੇ ਸਾਡੇ ਪੁਰਖਿਆਂ ਵੱਲੋਂ ਬੋਲੀ ਜਾਂਦੀ ਸ਼ਬਦਾਵਲੀ ਨੂੰ ਉਹ ਤਰਜੀਹ ਦਿੰਦੇ ਹਨ। ਕਹਿਣ ਤੋਂ ਭਾਵ ਉਹ ਆਪਣੀ ਵਿਰਾਸਤ ਦੇ ਪਹਿਰੇਦਾਰ ਬਣਕੇ ਵਰਤਮਾਨ ਅਖੌਤੀ ਵਿਦਵਾਨੀ ਸਮਾਜ ਵਿਚ ਵਿਚਰਦੇ ਹਨ। ਜਿਹੜੇ ਔਖੀ ਤੋਂ ਔਖੀ ਸ਼ਬਦਾਵਲੀ ਵਰਤਕੇ ਆਪਣੀ ਵਿਦਵਾਨੀ ਦਾ ਰੋਹਬ ਪਾ ਕੇ ਵਿਖਾਵਾ ਕਰਦੇ ਹਨ। ਇਸ ਕਰਕੇ ਉਹਨਾਂ ਦੀਆਂ ਗ਼ਜ਼ਲਾਂ ਦੀ ਖ਼ੁਸ਼ਬੂ ਹਰ ਪਾਠਕ ਦੀ ਮਾਨਸਿਕਤਾ ਨੂੰ ਸੁਗੰਧਤ ਕਰਦੀ ਰਹਿੰਦੀ ਹੈ। ਉਹਨਾਂ ਦੀਆਂ ਗ਼ਜ਼ਲਾਂ ਦ੍ਰਿਸ਼ਟਾਂਤਕ ਹਨ। ਗ਼ਜ਼ਲ ਪੜ ਕੇ ਪਾਠਕ ਦੇ ਸਾਹਮਣੇ ਦਿਹਾਤੀ ਪੰਜਾਬ ਦਾ ਸੀਨ ਅੱਖਾਂ ਅੱਗੇ ਭੰਬੂ ਤਾਰੇ ਵਾਂਗੂੰ ਨੱਚਣ ਲੱਗ ਜਾਂਦਾ ਹੈ। ਭਾਵ ਗੁਰਭਜਨ ਗਿੱਲ ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਹੈ। ਉਹਨਾਂ ਦੀਆਂ ਗ਼ਜ਼ਲਾਂ ਪੜ ਕੇ ਪਾਠਕ ਆਪਣੇ ਆਪ ਹੀ ਸੁਰਤਾਲ ਵਿਚ ਵਿਚਰਣ ਲੱਗ ਜਾਂਦਾ ਹੈ। ਪੰਜਾਬ ਦੀ ਵਿਰਾਸਤ ਵਿਚੋਂ ਅਲੋਪ ਹੋ ਰਹੇ ਸ਼ਬਦਾਂ ਨੂੰ ਜੀਵਤ ਰੱਖਣ ਵਿਚ ਉਹਨਾਂ ਦਾ ਵਡਮੁੱਲਾ ਯੋਗਦਾਨ ਆਉਣ ਵਾਲੇ ਸਮੇਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਵੇਗਾ। ਜਿਹੜਾ ਕੰਮ ਯੂਨੀਵਰਸਿਟੀਆਂ ਦੇ ਭਾਸ਼ਾ ਵਿਗਿਆਨ ਵਿਭਾਗਾਂ ਨੂੰ ਕਰਨਾ ਚਾਹੀਦਾ ਹੈ, ਉਹ ਕੰਮ ਗੁਰਭਜਨ ਗਿੱਲ ਆਪਣੀਆਂ ਗ਼ਜ਼ਲਾਂ ਵਿਚ ਉਹਨਾਂ ਸ਼ਬਦਾਂ ਨੂੰ ਵਰਤਕੇ ਕਰ ਰਿਹਾ ਹੈ, ਜਿਹੜੇ ਅਲੋਪ ਹੋ ਰਹੇ ਹਨ। ਇਕ ਕਿਸਮ ਨਾਲ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਦੀਆਂ ਪੁਸਤਕਾਂ ਪੰਜਾਬੀ ਸ਼ਬਦਾਵਲੀ ਦੇ ਸ਼ਬਦ ਕੋਸ਼ਾਂ ਦਾ ਕੰਮ ਕਰ ਰਹੀਆਂ ਹਨ। ਕੋਈ ਸਾਹਿਤਕਾਰ ਆਪਣੀ ਵਿਰਾਸਤ ਤੋਂ ਆਧੁਨਿਕਤਾ ਦੇ ਨਾਮ ਤੇ ਮੁੱਖ ਮੋੜ ਕੇ ਹਰਮਨ ਪਿਆਰਾ ਨਹੀਂ ਹੋ ਸਕਦਾ ਕਿਉਂਕਿ ਬੋਲੀ ਲੋਕਾਂ ਦੇ ਬੁੱਲ੍ਹਾਂ ਤੇ ਜਿਉਂਦੀ ਹੈ। ਹਰਮ ਪਿਆਰਤਾ ਅਤ ਫ਼ੋਕੀ ਵਾਹਵਾ ਸ਼ਾਹਵਾ ਸਾਹਿਤਕਾਰ ਦੀ ਸਾਹਿਤਕ ਦੇਣ ਨੂੰ ਮਾਪਣ ਦਾ ਕੋਈ ਮਾਪ ਦੰਡ ਨਹੀਂ ਹੁੰਦਾ। ਪੁਸਤਕਾਂ ਵਿਚ ਸਾਂਭੀ ਔਖੀ ਬੋਲੀ ਲਾਇਬਰੇਰੀਆਂ ਦਾ ਸ਼ਿੰਗਾਰ ਤਾਂ ਬਣ ਜਾਂਦੀ ਹੈ ਪਰੰਤੂ ਲੋਕਾਂ ਦੀ ਜ਼ੁਬਾਨ 'ਚੋਂ ਲਹਿ ਜਾਂਦੀ ਹੈ। ਜਿਤਨੀ ਸੌਖੀ ਸ਼ਬਦਾਵਲੀ ਵਰਤੀ ਜਾਵੇਗੀ ਉਤਨੀ ਹੀ ਉਹ ਪੁਸਤਕ ਪੜੀ ਜਾਵੇਗੀ। ਵਿਦਵਾਨ ਗੂੜੀ ਅਤੇ ਔਖੀ ਸ਼ਬਦਾਵਲੀ ਲਿਖਣ ਵਾਲਾ ਨਹੀਂ ਹੁੰਦਾ। ਵਿਦਵਾਨ ਉਹ ਹੁੰਦਾ ਹੈ, ਜਿਹਨਾਂ ਦੀ ਰਚਨਾ ਨੂੰ ਪੜ ਕੇ ਪਾਠਕ ਆਨੰਦਤ ਹੋ ਜਾਵੇ। ਜਿਹੜੇ ਵਿਦਵਾਨਾਂ ਦੀ ਰਚਨਾ ਸ਼ਬਦਕੋਸ਼ ਦੀ ਮਦਦ ਨਾਲ ਸਮਝਣੀ ਪਵੇ ਤਾਂ ਲੇਖਕ ਦੀ ਸਫਲਤਾ ਨਹੀਂ ਸਗੋਂ ਅਸਫਲਤਾ ਹੁੰਦੀ ਹੈ। ਗੁਰਭਜਨ ਗਿੱਲ ਭਾਵੇਂ ਮਾਝੇ ਦਾ ਜੰਮਪਲ ਹੈ ਪਰੰਤੂ ਮਾਲਵੇ ਦੇ ਲੁਧਿਆਣਾ ਸ਼ਹਿਰ ਵਿਚ ਪੜਨ ਅਤੇ ਵਿਚਰਣ ਕਰਕੇ ਠੇਠ ਪੰਜਾਬੀ ਦਾ ਸ਼ਾਹ ਅਸਵਾਰ ਬਣ ਗਿਆ ਹੈ। ਉਹਨਾਂ ਦੀਆਂ ਗ਼ਜ਼ਲਾਂ ਰੰਗ ਬਿਰੰਗੀਆਂ ਹਨ। ਜੀਵਨ ਦੇ ਹਰ ਰੰਗ ਨੂੰ ਉਹਨਾਂ ਦੀਆਂ ਗ਼ਜ਼ਲਾਂ ਵਿਚ ਦਰਸਾਇਆ ਗਿਆ ਹੈ। ਪਰੰਤੂ ਉਹਨਾਂ ਦੀਆਂ ਗ਼ਜ਼ਲਾਂ ਮੁੱਖ ਤੌਰ ਤੇ ਸਮਾਜਿਕ ਸਰੋਕਾਰਾਂ ਅਤੇ






ਰੁਮਾਂਸਵਾਦ ਦੀ ਗੱਲ ਕਰਦੀਆਂ ਹਨ। ਸੁਰਤਾਲ ਪੜ ਕੇ ਇਹ ਮੁਸ਼ਕਲ ਹੋ ਗਿਆ ਹੈ ਕਿ ਪੁਸਤਕ ਦੀ ਕਿਹੜੀ ਗ਼ਜ਼ਲ ਦੇ ਕਿਹੜੇ ਸ਼ੇਅਰ ਨੂੰ ਪਾਠਕਾਂ ਦੀ ਕਚਹਿਰੀ ਵਿਚ ਰੱਖਣ ਲਈ ਚੋਣ ਕਰਾਂ। ਫ਼ਿਰ ਵੀ ਕੁਝ ਸ਼ੇਅਰਾਂ ਰਾਹੀਂ ਗੁਰਭਜਨ ਗਿੱਲ ਦਾ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਣ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗਾ। ਪੰਜਾਬ ਦੀ ਕਿਰਸਾਨੀ ਦੀ ਦੁਰਦਸ਼ਾ ਅਤੇ ਕਿਰਸਾਨੀ ਵੱਲੋਂ ਬੋਲੀ ਜਾਂਦੀ ਸ਼ਬਦਾਵਲੀ ਦੇ ਅਲੋਪ ਹੋਣ ਬਾਰੇ ਗ਼ਜ਼ਲਾਂ ਦੇ ਸ਼ੇਅਰ ਹਨ-

ਘੁੰਗਰੂ ਤੇ ਘੁੰਗਰਾਲਾਂ ਗੁੰਮੀਆਂ ਬਲਦ ਗੁਆਚੇ ਚੁੱਪ ਨੇ ਟੱਲੀਆਂ।
ਕਰਜ਼ਾ ਧੌਣ ਮਰੋੜ ਰਿਹਾ ਏ ਕਣਕਾਂ ਝੂਰਨ ਸਿਰ ਬੱਲੀਆਂ।
ਮਰਦਾ ਕਿੱਧਰ ਜਾਵੇ ਯਾਰੋ ਵੈਦ ਹਕੀਮ ਟਿਚਕਰਾਂ ਕਰਦੇ,
ਵੇਖ ਮਕਾਣੇ ਆਈਆਂ ਪੀੜਾਂ, ਮੱਕੀ ਟਾਂਡੇ ਢਾਕ ਤੇ ਛੱਲੀਆਂ।
ਭਰ ਟਿੰਡਾਂ ਜਿਥੋਂ ਮਾਲ ਲਿਆਉਂਦੀ ਸੀ ਬਈ ਪਾਣੀ,
ਵੇਖੋ ਸਾਡੇ ਵੇਖਦਿਆਂ ਹੁਣ ਖਾਲੀ ਹੋ ਗਏ ਖ਼ੂਹ।
ਘੋੜ ਸਵਾਰ ਹਕੂਮਤ ਕਰਦੇ, ਵਾਰੋ ਵਾਰੀ ਵਕਤ ਸਵਾਰੀ,
ਉਹੀ ਰੰਬੀ, ਉਹੀ ਪੱਲੀ, ਘਾਹੀਆਂ ਦੇ ਪੁੱਤ ਅੱਜ ਵੀ ਘਾਹੀ।

ਕਿਰਸਾਨੀ ਅੰਦੋਲਨ ਬਾਰੇ ਗੰਭੀਰਤਾ ਨਾ ਵਿਖਾਉਣ ਅਤੇ ਇਸ ਅੰਦੋਲਨ ਨੂੰ ਫੇਲ ਕਰਨ ਲਈ ਬੇਅਰਥੇ ਦੋਸ਼ ਲਾਉਣ ਵਾਲੀ ਕੇਂਦਰ ਸਰਕਾਰ ਬਾਰੇ ਇਕ ਸ਼ੇਅਰ ਵਿਚ ਕਹਿੰਦੇ ਹਨ-

ਦਿੱਲੀ ਵਿੱਚ ਦਰਬਾਰੀ ਦੇਖੋ ਦੁੱਧ ਵਿੱਚ ਕਾਂਜੀ ਘੋਲ ਰਹੇ ਨੇ,
ਹੋਸ਼ ਹਵਾਸ ਗਵਾ ਬੈਠੇ ਨੇ ਜੋ ਜੀ ਆਇਆ ਬੋਲ ਰਹੇ ਨੇ।

ਉਪਰੋਕਤ ਸ਼ੇਅਰ ਪੜ ਕੇ ਪਾਠਕ ਲਾ ਚਾਹੁੰਦੇ ਹੋਏ ਵੀ ਖੇਤਾਂ ਦੀ ਗੇੜੀ ਮਾਰ ਆਉਂਦਾ ਹੈ। ਕਿਸਾਨ ਅੰਦੋਲਨ ਵਾਲਾ ਸ਼ੇਅਰ ਅੰਦੋਲਨ ਦਾ ਗੇੜਾ ਮਰਵਾ ਦਿੰਦਾ ਹੈ। ਇਹੋ ਗ਼ਜ਼ਲਗੋ ਦੀ ਕਾਬਲੀਅਤ ਹੈ ਕਿ ਉਹ ਪਾਠਕ ਨੂੰ ਜਾਗਰੂਕ ਕਰਨ ਵਿਚ ਸਫਲ ਹੋ ਜਾਂਦੇ ਹਨ।

ਪੰਜਾਬ ਵਿਚ ਨਸ਼ਿਆਂ ਦੇ ਚਲ ਰਹੇ ਦਰਿਆ ਬਾਰੇ ਬਹੁਤ ਸਾਰੇ ਸ਼ਾਇਰਾਂ ਨੇ ਕਵਿਤਾਵਾਂ ਅਤੇ ਗ਼ਜ਼ਲਾਂ ਰਾਹੀਂ ਆਪੋ ਆਪਣੇ ਦਰਦ ਦਾ ਇਜ਼ਹਾਰ ਕੀਤਾ ਹੈ। ਗੁਰਭਜਨ ਗਿੱਲ ਨੇ ਇਸ ਸਮਾਜਿਕ ਬਿਮਾਰੀ ਨੂੰ ਪੰਜਾਬੀਆਂ ਦੇ ਸੁਭਾਅ ਨਾਲ ਜੋੜਕੇ ਲਿਖਿਆ ਹੈ ਕਿ ਉਹਨਾਂ ਵਿਚ ਹੋਰ ਬਹੁਤ ਸਾਰੇ ਐਬ ਹਨ। ਨਸ਼ਿਆਂ ਦਾ ਐਬ ਵੀ ਇਕ ਹੋਰ ਐਬ ਵੀ ਉਹਨਾਂ ਵਿਚ ਸ਼ਾਮਲ ਹੋ ਗਿਆ ਹੈ-

ਨਸ਼ਿਆਂ ਸਮੇਤ ਕਿੰਨੇ ਵੈਲਾਂ ਤੈਨੂੰ ਮਾਰਿਆ,
ਐਵੇਂ ਤਾਂ ਨਹੀਂ ਪਹੀਆ ਪਟੜੀ ਤੋਂ ਲਹਿ ਗਿਆ।

ਪਰਵਾਸ ਵਿਚ ਜਾਣਾ ਪੰਜਾਬੀ ਨੌਜਵਾਨ ਲੜਕੇ ਅਤੇ ਲੜਕੀਆਂ ਦਾ ਜਾਣਾ ਮਜਬੂਰੀ ਬਣ ਗਿਆ ਹੈ ਕਿਉਂਕਿ ਪੰਜਾਬ ਵਿਚ ਰੋਜ਼ਗਾਰ ਦੇ ਸਾਧਨ ਖ਼ਤਮ ਹੋਣ ਦੇ ਬਰਾਬਰ ਹਨ। ਪ੍ਰਵਾਸ ਦੀ ਤ੍ਰਾਸਦੀ ਬਾਰੇ ਪਰਵਾਸ ਵਿਚ ਧੜਾ ਧੜ ਰੋਜ਼ੀ ਰੋਟੀ ਲਈ ਨੌਜਵਾਨਾ ਦੇ ਜਾਣ ਸੰਬੰਧੀ ਲਿਖੇ ਸ਼ੇਅਰ ਦੀ ਸ਼ਬਦਾਵਲੀ ਦਿਲ ਨੂੰ ਛੂਹ ਜਾਣ ਵਾਲੀ ਹੈ-

ਦਾਣਾ ਦੁਣਕਾ ਕਿਣਕਾ ਕਿਣਕਾ, ਕਰਨ ਇਕੱਠਾ ਚਿੜੀਆਂ ਵੇਖੋ,
ਤੋਰੀ ਫਿਰਦੀ ਦੇਸ ਦੇਸ਼ੰਤਰ, ਸਭ ਨੂੰ ਸੱਖਣੀ ਪੋਟ ਮੁਬਾਰਕ।

ਧਰਮ ਨਿੱਜੀ ਅਤੇ ਪਵਿਤਰ ਵਿਸ਼ਵਾਸ ਹੈ। ਦੇਸ਼ ਵਿਚ ਧਰਮ ਦੇ ਨਾਮ ਤੇ ਸਿਆਸਤ ਕਰਨ ਵਾਲੇ ਲੋਕ ਅਤੇ ਧਰਮ ਦੇ ਠੇਕੇਦਾਰ ਇਸਦੀ ਦੁਰਵਰਤੋਂ ਕਰਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਂਦੇ ਹੋਏ ਆਪਣਾ ਉੱਲੂ ਸਿੱਧਾ ਕਰਦੇ ਹਨ। ਉਹਨਾਂ ਬਾਰੇ ਗੁਰਭਜਨ ਗਿੱਲ ਦੇ ਸ਼ੇਅਰ ਹਨ-

ਹੁਣ ਫਿਰਨ ਬਾਘੀਆਂ ਪਾਉਂਦੇ, ਧਰਮ ਕਰਮ ਦੇ ਪਰਦੇ ਲਾਹੀ,
ਹੋਰ ਕਹਾਂ ਕੀ ਬੇਅਕਲਾਂ ਨੂੰ, ਸ਼ਰਮ ਹਯਾ ਦੀ ਤੋਟ ਮੁਬਾਰਕ।
ਧਰਮਾ ਦੀ ਮੰਡੀ ਵੀ, ਨੀਲਾਮ-ਘਰ ਹੋ ਗਈ,
ਵੇਚਦਾ ਬਾਜ਼ਾਰ ਹੁਣ ਗਧਿਆਂ ਨੂੰ ਪੀਰੀਆਂ।

ਮੁਹੱਬਤ ਬਾਰੇ ਸ਼ਾਇਰ ਦਾ ਦ੍ਰਿਸ਼ਟੀਕੋਣ ਵੱਖਰਾ ਹੀ ਹੈ। ਉਹਨਾਂ ਦੀਆਂ ਗ਼ਜ਼ਲਾਂ ਮੁਹ-ੱਬਤ ਦੇ ਨਾਮ ਤੇ ਪਿਆਰ ਦਾ ਰੋਣਾ ਧੋਣਾ ਜਾਂ ਬਿਰਹਾ ਦੀ ਦੁਹਾਈ ਨਹੀਂ ਪਾਉਂਦੀਆਂ, ਸਗੋਂ ਬਹੁਤ ਹੀ ਸਲੀਕੇ ਅਤੇ ਸੰਜੀਦਗੀ ਨਾਲ ਭਾਵਨਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ-

ਪਿਆਰ ਦਾ ਬੂਟਾ ਰੂਹ ਵਿਚ ਲਾਇਆ ਜਾਂਦਾ ਹੈ।
ਖ਼ੂਨ ਜਿਗਰ ਦਾ ਹਰ ਪਲ ਪਾਇਆ ਜਾਂਦਾ ਹੈ।
ਹੋਵੇ ਨਾ ਦਿਲਦਾਰ ਸੁਣਨ ਲਈ, ਕੋਲ ਜਦੋਂ,
ਸ਼ਬਦਾਂ ਨੂੰ ਹੀ ਦਰਦ ਸੁਣਾਇਆ ਜਾਂਦਾ ਹੈ।

ਦੇਸ਼ ਦੀ ਵੰਡ ਦਾ ਦਰਦ ਭਾਵੇਂ ਸਾਰੇ ਪੰਜਾਬੀਆਂ ਨੇ ਆਪਣੇ ਪਿੰਡੇ ਤੇ ਹੰਢਾਇਆ ਹੈ ਪਰੰਤੂ ਸਾਹਿਤਕਾਰਾਂ ਨੇ ਆਪੋ ਆਪਣੇ ਢੰਗ ਨਾਲ ਇਸ ਦਰਦ ਦਾ ਸੂਖ਼ਮਤਾ ਨਾਲ ਆਪੋ ਆਪਣੀਆਂ ਰਚਨਾਵਾਂ ਵਿਚ ਪ੍ਰਗਟਾਵਾ ਕੀਤਾ ਹੈ। ਗੁਰਭਜਨ ਗਿੱਲ ਦਾ ਇਕ ਸ਼ੇਅਰ ਉਸ ਦਰਦ ਦਾ ਬਹੁਤ ਹੀ ਸੰਵੇਦ-ਨਾਸ਼ੀਲਤਾ ਨਾਲ ਪ੍ਰਗਟਾਵਾ ਕਰਦਾ ਹੈ-

ਸਾਡੇ ਵਲ ਭੇਜ ਹੋਰ ਸੰਦਲੀ ਸਵੇਰ,
ਅਸਾਂ ਤੈਨੂੰ ਰਾਵੀ ਤੇ ਚਨਾਬ ਭੇਜਿਆ।

ਇਸੇ ਤਰਾਂ ਸਿਆਸਤਦਾਨਾਂ ਅਤੇ ਆਮ ਲੋਕਾਂ ਦੀਆਂ ਕਾਰਗੁਜ਼ਾਰੀਆਂ ਅਤੇ ਉਹਨਾਂ ਦੇ ਨਤੀਜਿਆਂ ਬਾਰੇ ਸ਼ਾਇਰ ਨੇ ਇਕ ਸ਼ੇਅਰ ਵਿਚ ਹੀ ਪਰਦਾ ਫ਼ਾਸ਼ ਕਰ ਦਿੱਤਾ ਹੈ ਕਿ ਆਮ ਲੋਕ ਭਾਵੇਂ ਕਿਤਨੀ ਹੀ ਮਿਹਨਤ, ਸਾਦਗੀ, ਸਿਆਣਪ ਅਤੇ ਸੰਜੀਦਗੀ ਨਾਲ ਕੰਮ ਕਰਦੇ ਰਹਿਣ ਅਖ਼ੀਰ ਉਹ ਸਿਆਸਤਦਾਨਾਂ ਦੀਆਂ ਚਾਲਾਂ ਅਤੇ ਚੁਸਤੀਆਂ ਚਲਾਕੀਆਂ ਸਾਹਮਣੇ ਬੇਬਸ ਹੋ ਕੇ ਬੌਣੇ ਹੋ ਜਾਂਦੇ ਹਨ।

ਕਿਹੜੇ ਕੰਮ ਆਈਆਂ ਸਾਡੇ ਦੋਸਤੋ ਫ਼ਕੀਰੀਆਂ,
ਪਹਿਲੀ ਹੀ ਕਤਾਰ ਮਲ ਬਹਿੰਦੀਆਂ ਵਜ਼ੀਰੀਆਂ।
ਪੁੱਛਦੇ ਨੇ ਲੋਕ ਜੀ ਹਨੇਰਾ ਕਦੋਂ ਮੁੱਕਣਾ,
ਪਾਪ ਵਾਲੀ ਜੰਞ ਏਥੋਂ ਡੇਰਾ ਕਦੋਂ ਚੁੱਕਣਾ।

ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਭਜਨ ਗਿੱਲ ਦਾ ਸੁਰਤਾਲ ਗ਼ਜ਼ਲ ਸੰਗ੍ਰਹਿ ਪੰਜਾਬ ਦੀ ਵਿਰਾਸਤ, ਵਿਰਸਾ ਅਤੇ ਸਭਿਆਚਾਰ ਦਾ ਸ਼ੀਸ਼ਾ ਹੈ ਜਿਸ ਵਿਚ ਸਾਡੀ ਵਿਰਾਸਤ ਦੇ ਹਰ ਰੰਗ ਦੀ ਮਹਿਕ ਦਾ ਆਨੰਦ ਮਾਣਿਆਂ ਜਾ ਸਕਦਾ ਹੈ। ਗੁਰਭਜਨ ਗਿੱਲ ਲਗਾਤਾਰ ਲਿਖਣ ਵਾਲਾ ਗ਼ਜ਼ਲਗੋ ਹੈ, ਜਿਹੜਾ ਸਮਾਜ ਵਿਚ ਵਾਪਰ ਰਹੀ ਹਰ ਘਟਨਾ ਨੂੰ ਆਪਣੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਵਿਚ ਸ਼ਿੰਗਾਰ ਕੇ ਸਮਾਜ ਅੱਗੇ ਸੋਚਣ ਲਈ ਰੱਖ ਦਿੰਦਾ ਹੈ।

# ਸਿੱਖੀ ਵਿਰਸੇ ਦੀ ਪਹਿਰੇਦਾਰ : ਬੀਬੀ ਪਰਵਿੰਦਰ ਕੌਰ ਸੁੱਖ



ਪ੍ਰੀਤਮ ਲੁਧਿਆਣਵੀ
9876428641

ਆਪਣੇ ਵੱਡਮੁੱਲੇ ਇਤਿਹਾਸਕ ਸਿੱਖੀ ਵਿਰਸੇ ਦੀ ਸਾਂਭ-ਸੰਭਾਲ ਵਿਚ ਜੁਟੀਆਂ ਕਲਮਾਂ ਅਤੇ ਅਵਾਜਾਂ ਵਿਚੋਂ ਪਿੰਡ ਰਸਨਹੇੜੀ ਵਿਖੇ ਸ੍ਰ. ਗੁਰਮੀਤ ਸਿੰਘ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਗੁਰਨਾਮ ਕੌਰ ਜੀ ਦੀ ਪਾਕਿ ਕੁਖੋਂ ਜਨਮੀ ਬੀਬੀ ਪਰਵਿੰਦਰ



ਕੌਰ ਸੁੱਖ ਦਾ ਨਾਂਓ ਮੂਹਰਲੀਆਂ ਸਫ਼ਾਂ ਵਿਚ ਬੜੇ ਮਾਣ ਨਾਲ ਗਿਣਿਆ ਜਾਂਦਾ ਹੈ। ਪਰਵਿੰਦਰ ਨੇ ਦਸਵੀਂ ਪਿੰਡ ਰਸਨਹੇੜੀ ਦੇ ਸਰਕਾਰੀ ਸਕੂਲ ਤੋਂ ਅਤੇ ਉਚੇਰੀ ਵਿੱਦਿਆ ਖਰੜ ਅਤੇ ਚੰਡੀਗੜ੍ਹ ਤੋਂ ਹਾਸਿਲ ਕੀਤੀ। ਜਿੱਥੇ ਉਹ ਪੜ੍ਹਾਈ ਦੌਰਾਨ ਕਬੱਡੀ ਅਤੇ ਵਾਲੀਵਾਲ ਦੀ ਖਿਡਾਰਨ ਰਹੀ, ਉਥੇ ਸਕੂਲ ਵਿੱਚ ਪੜ੍ਹਦੇ ਸਮੇਂ ਹੀ ਕਵਿਤਾਵਾਂ ਲਿਖਣ ਦੀ ਚੇਟਕ ਵੀ ਉਸ ਨੂੰ ਲੱਗ ਗਈ ਸੀ। ਸੰਗੀਤ ਵਿੱਚ ਰੁਚੀ ਹੋਣ ਕਾਰਨ ਸ੍ਰ. ਅਜਾਇਬ ਸਿੰਘ ਚੰਦਨ ਜੀ ਨੂੰ ਉਸਤਾਦ ਧਾਰਕੇ ਸਾਰੰਗੀ ਦੀਆਂ ਬਾਰੀਕੀਆਂ ਦੀ ਉਨ੍ਹਾਂ ਪਾਸੋਂ ਰੂਹ ਨਾਲ ਤਾਲੀਮ ਹਾਸਲ ਕੀਤੀ। ਫਿਰ, ਲੁਧਿਆਣਾ ਵਿਖੇ ਏਡਿਡ ਸਕੂਲ ਵਿੱਚ ਬਤੌਰ ਸਿਲਾਈ ਟੀਚਰ ਨੌਕਰੀ ਮਿਲ ਗਈ, ਜਿੱਥੇ ਬੱਚਿਆਂ ਨੂੰ ਢਾਡੀ ਵਾਰਾਂ, ਕਵੀਸ਼ਰੀ, ਪੁਰਾਤਨ ਲੰਬੀ ਹੇਕ ਦੇ ਗੀਤ ਅਤੇ ਗੱਤਕਾ ਸਿਖਾਕੇ ਟੀਮਾਂ ਤਿਆਰ ਕਰਦੇ ਹੋਏ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਅਰੰਭ ਕੀਤੀਆਂ। ਬੀਬੀ ਜੀ ਨੇ ਆਪਣਾ ਢਾਡੀ ਜਥਾ ਵੀ ਬਣ-ਾਇਆ ਹੋਇਆ ਹੈ ਜੋ ਸੰਗਤਾਂ ਨੂੰ ਇਤਿਹਾਸ ਨਾਲ ਜੋੜਦਾ ਹੈ। ਸਾਜ ਵਜਾਉਣੇ, ਕਵਿਤਾਵਾਂ, ਗੀਤ, ਛੰਦ, ਹਾਇਕੂ, ਤਾਂਕੇ, ਸੇਦੋਕੇ, ਮਿੰਨੀ ਕਹਾਣੀ ਲਿਖਣ ਦਾ ਸ਼ੌਂਕ ਪਾਲਣਾ ਉਨ੍ਹਾਂ ਦੇ ਰਗ-ਰਗ ਵਿਚ ਸਮਾ ਚੁੱਕਾ ਹੈ।

ਅਖ਼ਬਾਰੀ ਖੇਤਰ ਵਿਚ ਪਰਵਿੰਦਰ ਦੀਆਂ ਕਵਿਤਾਵਾਂ ਅਜੀਤ, ਪੰਜਾਬੀ ਜਾਗਰਣ, ਪੰਜਾਬੀ ਟ੍ਰਿਬਿਊਨ, ਗੁਰਮਤਿ ਵਿਰਸਾ ਮੈਗਜ਼ੀਨ, ਟਾਈਮਜ਼ ਆਫ ਪੰਜਾਬ, ਤ੍ਰਿਸ਼ਨਾ, ਪੰਖੜੀਆਂ ਆਦਿ ਦੇਸ਼-ਵਿਦੇਸ਼ ਦੇ ਅਨੇਕਾਂ ਪੇਪਰਾਂ-ਮੈਗਜ਼ੀਨ 'ਚ ਛਪਦੀਆਂ ਰਹਿੰਦੀਆਂ ਹਨ। ਪ੍ਰਾਪਤੀਆਂ ਵੱਲ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਅੰਤਰਰਾਸ਼ਟਰੀ ਸਹਿਤ ਗਰੁੱਪ ਵੱਲੋਂ ਕਰਵਾਏ ਗਏ ਹਾਸਰਸ ਕਵਿਤਾ ਮੁਕਾਬਲੇ 'ਚ ਉਸ ਨੂੰ ਪਹਿਲਾ ਸਥਾਨ ਪ੍ਰਾਪਤ ਕਰਨ ਦਾ ਮਾਣ ਵੀ ਹਾਸਿਲ ਹੋ ਚੁੱਕਾ ਹੈ। ਸੰਨ 2000 ਵਿੱਚ,"ਬਚਾਓ ਸਿੱਖੀ ਨੂੰ'' ਉਸ ਦੀ ਕੈਸਿਟ ਰਿਲੀਜ਼ ਹੋਈ, ਜਿਸ ਵਿਚ ਪਰਵਿੰਦਰ ਦੇ ਲਿਖੇ ਹੋਏ ਛੇ ਗੀਤ ਰਿਕਾਰਡ ਹੋਏ। ਪੁਸਤਕ-ਪ੍ਰਕਾਸ਼ਨਾ ਪੱਖ ਵਿਚ ਬੀਬੀ ਸੁੱਖ, "ਹਾਇਕੂ ਰਿਸ਼ਮਾਂ'', "ਸੰਦਲੀ ਪੈੜਾਂ'', "ਇਕੋ ਰਾਹ ਦੇ ਪਾਂਧੀ'', "ਪੈੜਾਂ ਦੀ ਗੁਫ਼ਤਗੂ'', "ਜ਼ਹਿਰ ਭਰੇ ਦਰਿਆ'' ਅਤੇ "ਰੰਗ-ਬਰੰਗੀਆਂ ਕਲਮਾਂ'' 'ਚ ਹਾਜ਼ਰੀਆਂ ਲਗਾ ਚੁੱਕੀ ਹੈ।



ਬੀਬੀ ਸੁੱਖ ਨੂੰ ਮਿਲੇ ਕਈ ਦਰਜਨਾਂ ਮਾਨ-ਸਨਮਾਨਾਂ ਵਿਚੋਂ ਰੋਪੜ ਦੇ ਡੀ. ਸੀ. ਵਿੰਨੀ ਮਹਾਜਨ ਦੁਆਰਾ, ਸਾਬਕਾ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ, ਸ੍ਰ. ਮਨਪ੍ਰੀਤ ਸਿੰਘ ਬਾਦਲ, ਸ੍ਰ. ਤੋਤਾ ਸਿੰਘ, ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ, ਪਰਮਜੀਤ ਸਿੰਘ ਯਾਦਗਾਰ ਟਰੱਸਟ, ਪੰਜਾਬ ਗੀਤ ਮੰਚ, ਗੁਰੂ ਨਾਨਕ ਸੇਵਾ ਮਿਸ਼ਨ (ਰਜਿ.) ਸੰਸਥਾ, ਪੰਜਾਬੀ ਸਾਹਿਤ ਅਕਾਦਮੀ, ਕੇਸਗੜ੍ਹ ਸਹਿਬ ਦੇ ਜਥੇਦਾਰ ਦੁਆਰਾ ਅਤੇ ਲੋਕ ਰੰਗ ਕਲੱਬ ਖੇੜੀ ਝਮੇੜੀ ਵੱਲੋਂ ਜਨਵਰੀ 2020 ਨੂੰ "ਲੋਹੜੀ ਧੀਆਂ ਦੀ'' ਦੇ ਮੌਕੇ 'ਤੇ ਆਦਿ ਮਿਲੇ ਮਾਨ-ਸਨਮਾਨ ਨੂੰ ਬੀਬੀ ਪਰਵਿੰਦਰ ਜੀ ਅਭੁੱਲ ਯਾਦਗਾਰੀ ਸਨਮਾਨ ਦੱਸਦੇ ਹਨ। ਆਪਣੇ ਵਿਰਸੇ ਤੋਂ ਬੇ-ਮੁੱਖ ਹੁੰਦੀ ਜਾ ਰਹੀ ਨੌ-ਜਵਾਨ ਪੀੜ੍ਹੀ ਨੂੰ ਆਪਣੀਆਂ ਸਾਹਿਤਕ ਤੇ ਸੱਭਿਆਚਾਰਕ ਗਤੀ-ਵਿਧੀਆਂ ਦੁਆਰਾ, ਆਪਣੇ ਵੱਡਮੁੱਲੇ ਸੱਭਿਆਚਾਰਕ ਤੇ ਇਤਿਹਾਸਕ ਵਿਰਸੇ ਨਾਲ ਜੋੜਨ ਦੀਆਂ ਕੋਸ਼ਿਸ਼ ਵਿਚ ਇਕ ਤਪੱਸਵੀ ਵਾਂਗ ਜੁਟੀ ਹੋਈ ਬੀਬੀ ਪਰਵਿੰਦਰ ਕੌਰ ਸੁੱਖ, ਜਿਹੜੀ ਕਿ ਕਰੋਨਾ ਦੌਰਾਨ ਵੀ ਆਨਲਾਈਨ ਆਪਣੀਆਂ ਗਤੀ-ਵਿਧੀਆਂ ਵਿਚ ਪੂਰੀ ਸਰਗਰਮ ਰਹੀ, ਤੋਂ ਸਾਹਿਤ, ਸੱਭਿਆਚਾਰ ਅਤੇ ਸਮਾਜ ਨੂੰ ਅਸੀਮ ਸੰਭਾਵਨਾਵਾਂ ਹਨ। ਉਸ ਨੂੰ ਸੰਘਰਸ਼-ਕਦਮੀਂ ਚੱਲਦੇ ਰਹਿਣ ਦਾ ਮੇਰਾ ਪਰਵਰਦਗਾਰ ਅਨੰਤ ਬਲ ਬਖ਼ਸ਼ੇ!

# ਆਪਣੀ ਲਿਖਤ ਅੰਗ੍ਰੇਜ਼ੀ ਨੂੰ ਬਿਹਤਰ ਬਣਾਉਣ ਦੇ ਸਰਲ ਤਰੀਕੇ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸਾਰੇ ਲੋਕ ਅੰਗਰੇਜ਼ੀ ਵਿੱਚ ਲਿਖਣ ਨਾਲ ਸੰਘਰਸ਼ ਕਰਦੇ ਹਨ ਅਤੇ ਇਸ ਵਿੱਚ ਸੁਧਾਰ ਕਰਨਾ ਇੱਕ ਅਸਲ ਚੁਣੌਤੀ ਵਾਂਗ ਜਾਪਦਾ ਹੈ। ਚਿੰਤਾ ਨਾ ਕਰੋ, ਹਾਲਾਂਕਿ ਇਹ ਕੁਝ ਸਧਾਰਣ ਕਦਮ ਹਨ ਜੋ ਤੁਸੀਂ ਆਪਣੀ ਲਿਖਤ ਅੰਗ੍ਰੇਜ਼ੀ ਨੂੰ ਬਿਹਤਰ ਬਣਾਉਣ ਅਤੇ ਆਪਣੇ ਲਿਖਣ ਦੇ ਹੁਨਰਾਂ ਨਾਲ ਲੋਕਾਂ ਨੂੰ ਪ੍ਰਭਾਵਤ ਕਰਨ ਲਈ ਲੈ ਸਕਦੇ ਹੋ।

**1. ਆਪਣੀ ਸ਼ਬਦਾਵਲੀ ਵਧਾਓ**

ਆਪਣੇ ਆਪ ਨੂੰ ਸਪਸ਼ਟ ਤੌਰ ਤੇ ਪ੍ਰਗਟ ਕਰਨ ਲਈ, ਤੁਹਾਨੂੰ ਇੱਕ ਚੰਗੀ ਕਿਰਿਆਸ਼ੀਲ ਸ਼ਬਦਾਵਲੀ ਦੀ ਜ਼ਰੂਰਤ ਹੈ। ਇਹ ਸਿਰਫ ਬਹੁਤ ਸਾਰੇ ਸ਼ਬਦਾਂ ਨੂੰ ਪਛਾਣਨ ਦੇ ਯੋਗ ਨਹੀਂ ਹੈ - ਇਸਦਾ ਅਰਥ ਹੈ ਅਸਲ ਵਿੱਚ ਉਹਨਾਂ ਨੂੰ ਸਹੀ ਤਰ੍ਹਾਂ ਵਰਤਣ ਦੇ ਯੋਗ ਹੋਣਾ। ਸਿਰਫ ਸ਼ਬਦ ਸੂਚੀਆਂ ਨਾਲ ਨਹੀਂ, ਉਦਾਹਰਣ ਵਾਲੇ ਵਾਕਾਂ ਨਾਲ ਨਵੇਂ ਸ਼ਬਦ ਸਿੱਖ ਕੇ ਅਜਿਹਾ ਕਰੋ।

ਸੰਕੇਤ: ਜਦੋਂ ਤੁਸੀਂ ਕੋਈ ਨਵਾਂ ਸ਼ਬਦ ਸਿੱਖਦੇ ਹੋ, ਤਾਂ ਉਸ ਸ਼ਬਦ ਦੇ ਸਾਰੇ ਰੂਪਾਂ ਅਤੇ ਉਸ ਦੀਆਂ ਤਜਵੀਜ਼ਾਂ ਨੂੰ ਸਿੱਖਣ ਦੀ ਕੋਸ਼ਿਸ਼ ਕਰੋ ਜੋ ਆਮ ਤੌਰ ਤੇ ਇਸਦੇ ਨਾਲ ਵਰਤੇ ਜਾਂਦੇ ਹਨ. (ਉਦਾਹਰਣ ਦੇ ਲਈ, ਸਿਰਫ "ਨਿਰਭਰ" ਸ਼ਬਦ ਦੀ ਬਜਾਏ, ਇੱਕ ਨੋਟ ਬਣਾਓ: ਨਿਰਭਰ ਹੋਣ ਲਈ, ਨਿਰਭਰ ਹੋਣਾ, ਨਿਰਭਰ ਹੋਣਾ.)

**2. ਮਾਸਟਰ ਇੰਗਲਿਸ਼ ਸਪੈਲਿੰਗ**

ਤੁਹਾਨੂੰ ਲਾਜ਼ਮੀ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਸ਼ਬਦਾਂ ਨੂੰ ਸਹੀ ਤਰ੍ਹਾਂ ਕਿਵੇਂ ਲਿਖਣਾ ਹੈ। ਗਲਤ ਸਪੈਲਿੰਗ ਤੁਹਾਡੇ ਵਾਕ ਦੇ ਅਰਥ ਬਦਲਦੀ ਹੈ। ਉਦਾਹਰਣ ਵਜੋਂ: 'ਨੰਗੇ' ਅਤੇ 'ਭਾਲੂ' ਇਕੋ ਜਿਹੇ ਲੱਗਦੇ ਹਨ ਪਰ 'ਬੇਅਰ' ਦਾ ਅਰਥ ਨੰਗਾ ਹੁੰਦਾ ਹੈ ਅਤੇ 'ਭਾਲੂ' ਇਕ ਵੱਡਾ ਜਾਨਵਰ ਹੁੰਦਾ ਹੈ। ਇਸ ਤੋਂ ਇਲਾਵਾ, ਗਲਤ ਸਪੈਲਿੰਗ ਪਾਠਕ ਨੂੰ ਇਹ ਸਮਝਣਾ ਮੁਸ਼ਕਲ ਬਣਾ ਦਿੰਦੀ ਹੈ ਕਿ ਤੁਸੀਂ ਕੀ ਲਿਖਿਆ ਹੈ।

ਸੰਕੇਤ: ਫਲੈਸ਼ ਕਾਰਡਾਂ ਦੀ ਵਰਤੋਂ ਕਰਕੇ ਆਪਣੀ ਸਪੈਲਿੰਗ ਦਾ ਅਭਿਆਸ ਕਰੋ ਅਤੇ ਜਦੋਂ ਵੀ ਤੁਹਾਡੇ ਕੋਲ ਥੋੜਾ ਹੋਰ ਸਮਾਂ ਹੋਵੇ ਤਾਂ ਆਪਣੇ ਆਪ ਦੀ ਜਾਂਚ ਕਰੋ.

**3. ਨਿਯਮਿਤ ਤੌਰ 'ਤੇ ਪੜ੍ਹੋ**

ਲੋਕ ਅਕਸਰ ਕਹਿੰਦੇ ਹਨ ਕਿ ਅਸੀਂ ਪੜ੍ਹ ਕੇ ਵਧੀਆ ਲਿਖਣਾ ਸਿੱਖਦੇ ਹਾਂ। ਅੰਗ੍ਰੇਜ਼ੀ ਵਿਚ ਪੜ੍ਹਨਾ ਕਈ ਤਰੀਕਿਆਂ ਨਾਲ ਲਾਭਦਾਇਕ ਹੈ। ਲਿਖਣ ਦੀਆਂ ਵੱਖੋ ਵੱਖਰੀਆਂ ਸ਼ੈਲੀਆਂ ਬਾਰੇ ਵਿਚਾਰ ਪ੍ਰਾਪਤ ਕਰਨ ਅਤੇ ਇਹ ਵੇਖਣ ਦਾ ਇਕ ਵਧੀਆ ਤਰੀਕਾ ਹੈ ਕਿ ਸ਼ਬਦਾਂ ਦੀ ਸਹੀ ਵਰਤੋਂ ਕਿਵੇਂ ਕੀਤੀ ਜਾਵੇ।

ਸੁਝਾਅ: ਵਿਸ਼ਿਆਂ ਵਾਲੀਆਂ ਕਿਤਾਬਾਂ ਜਾਂ ਲੇਖਾਂ ਦੀ ਚੋਣ ਕਰੋ ਜੋ ਤੁਹਾਡੀ ਦਿਲਚਸਪੀ ਹਨ। ਸਿਖਲਾਈ ਬੋਰਿੰਗ ਨਹੀਂ ਹੋਣੀ ਚਾਹੀਦੀ। ਹਰੇਕ ਪਾਠ ਨੂੰ ਕਈ ਵਾਰ ਪੜ੍ਹੋ ਇਹ ਸੁਨਿਸ਼ਚਿਤ ਕਰਨ ਲਈ ਕਿ ਤੁਸੀਂ ਟੈਕਸਟ ਵਿਚ ਨਵੇਂ ਸ਼ਬਦਾਂ ਅਤੇ ਸਮੀਕਰਨ ਦੀ ਵਰਤੋਂ ਕਿਵੇਂ ਕਰਦੇ ਹੋ.

**4. ਆਪਣੇ ਵਿਆਕਰਣ ਵਿੱਚ ਸੁਧਾਰ ਕਰੋ**

ਵਿਆਕਰਣ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਤੁਹਾਡੀ ਲਿਖਤ ਦੀ ਗੁਣਵੱਤਾ ਨੂੰ ਸੁਧਾਰਦਾ ਹੈ। ਹਮੇਸ਼ਾ ਉਚਿਤ ਤਣਾਅ ਦੀ ਵਰਤੋਂ ਕਰੋ ਅਤੇ ਵਿਰਾਮ ਚਿੰਨ੍ਹ ਨੂੰ ਵਰਤਣਾ ਯਾਦ ਰੱਖੋ। ਵਿਰਾਮ ਚਿੰਨ੍ਹ ਤੁਹਾਡੀ ਲਿਖਤ ਨੂੰ ਸਾਫ ਅਤੇ ਪ੍ਰਵਾਹ ਕਰਨ ਦਾ ਇੱਕ ਵਧੀਆ ਢੰਗ ਹੈ।

ਸੰਕੇਤ: ਹਮੇਸ਼ਾਂ ਆਪਣੀ ਲਿਖਤ ਨੂੰ ਦੋ ਵਾਰ ਪ੍ਰਮਾਣਿਤ ਕਰੋ। ਪਹਿਲੀ ਵਾਰ, ਆਮ ਗ਼ਲਤੀਆਂ ਲਈ ਵੇਖੋ ਅਤੇ ਦੂਜੀ ਵਾਰ ਉਸ ਵਿਸ਼ੇਸ਼ ਵਿਆਕਰਣ ਬਿੰਦੂ ਨਾਲ ਗਲਤੀਆਂ ਦੀ ਭਾਲ ਕਰੋ ਜੋ ਤੁਸੀਂ ਇਸ ਸਮੇਂ ਪੜ੍ਹ ਰਹੇ ਹੋ।

**5. ਬੱਸ ਇਹ ਕਰੋ !**

ਲਿਖਣਾ ਖਾਸ ਹੋ ਸਕਦਾ ਹੈ। ਹਾਲਾਂਕਿ, ਸੁਧਾਰਨ ਦਾ ਸਭ ਤੋਂ ਉੱਤਮ ਢੰਗ ਹੈ ਕਲਮ ਅਤੇ ਕਾਗਜ਼ ਪ੍ਰਾਪਤ ਕਰਨਾ ਜਾਂ ਆਪਣੇ ਕੰਪਿਊਟਰ ਦੇ ਸਾਮ੍ਹਣੇ ਬੈਠਣਾ ਅਤੇ ਅਸਲ ਵਿੱਚ ਲਿਖਣਾ। ਹਰੇਕ ਟੈਕਸਟ ਦੇ ਕਈ ਸੰਸਕਰਣਾਂ ਲਿਖਣ ਲਈ ਤਿਆਰ ਰਹੋ ਕਿਉਂਕਿ ਪੇਸ਼ੇਵਰ ਲੇਖਕਾਂ ਲਈ ਵੀ, ਪਹਿਲਾ ਡਰਾਫਟ ਕਦੇ ਵੀ ਸੰਪੂਰਨ ਨਹੀਂ ਹੁੰਦਾ। ਯਾਦ ਰੱਖੋ, ਅਭਿਆਸ ਸੰਪੂਰਣ ਬਣਾਉਂਦਾ ਹੈ।

# ਸਕੂਲ ਨੂੰ ਆਨਲਾਈਨ ਪ੍ਰੀਖਿਆ ਪ੍ਰਣਾਲੀ ਦੀ ਕਿਉਂ ਲੋੜ ਹੈ?

**ਆਨਲਾਈਨ ਪ੍ਰੀਖਿਆ ਪ੍ਰਣਾਲੀ ਕੀ ਹੈ?**

ਆਨਲਾਈਨ ਪ੍ਰੀਖਿਆ ਪ੍ਰਣਾਲੀ ਇੱਕ ਸਕੂਲ ਪ੍ਰਬੰਧਨ ਪ੍ਰਣਾਲੀ ਵਿੱਚ ਇੱਕ ਵੱਖਰੀ ਵਿਸ਼ੇਸ਼ਤਾ ਹੈ ਜੋ ਇੱਕ ਪ੍ਰੀਖਿਆ ਦਾ ਪ੍ਰਬੰਧਨ ਕਰਨ, ਇੱਕ ਇਮਤਿਹਾਨ ਦੇਣ ਅਤੇ ਅੰਤ ਤੋਂ ਅੰਤ ਤੱਕ ਨਤੀਜਿਆਂ ਦੇ ਅਨੁਭਵ ਨੂੰ ਕਵਰ ਕਰਦੀ ਹੈ।

ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਲਈ ਇਕ ਵਿਆਪਕ ਪ੍ਰੀਖਿਆ ਦਾ ਤਜਰਬਾ ਪ੍ਰਦਾਨ ਕਰਦਾ ਹੈ। ਇਹ ਸਖਤ ਮਿਹਨਤ ਕਰਨ ਵਾਲਾ ਅਤੇ ਬਹੁਤ ਜ਼ਿਆਦਾ ਮੁਸ਼ਕਿਲ ਪ੍ਰੀਖਿਆ ਅਨੁਭਵ ਹੈ ਕਿਉਂਕਿ ਇਹ ਸਵੈਚਲਿਤ ਹੈ ਅਤੇ ਪ੍ਰੀਖਿਆ ਪ੍ਰਸ਼ਾਸਨ ਦੇ ਤਜ਼ਰਬੇ ਨੂੰ ਡਿਜੀਟਾਈਜ਼ਰ ਕਰਦਾ ਹੈ, ਜਦਕਿ ਵਿਸ਼ਵ ਦੇ ਕੋਨੇ ਕੋਨੇ ਦੇ ਵਿਦਿਆਰਥੀਆਂ ਲਈ ਵਧੇਰੇ ਲਚਕਤਾ ਅਤੇ ਪਹੁੰਚ ਨੂੰ ਵੀ ਯਕੀਨੀ ਬਣਾਉਂਦਾ ਹੈ।

**ਸਕਲਾਂ ਨੂੰ ਆਨਲਾਈਨ ਪ੍ਰੀਖਿਆ ਪ੍ਰਬੰਧਨ ਸਿਸਟਮ ਦੀ ਕਿਉਂ ਜ਼ਰੂਰਤ ਹੈ?**

ਰਵਾਇਤੀ ਪ੍ਰੀਖਿਆ ਪ੍ਰਣਾਲੀ ਲੰਬੇ ਸਮੇਂ ਤੋਂ ਜਾਰੀ ਹੈ। ਸਾਲਾਂ ਤੋਂ, ਇਮਤਿਹਾਨ ਦੀ ਮਿਆਦ, ਪ੍ਰਸ਼ਨ ਫਾਰਮੈਟ, ਮੁਲਾਂਕਣ ਢੰਗਾਂ ਅਤੇ ਫੀਡਬੈਕ ਵਿੱਚ ਤਬਦੀਲੀਆਂ ਵਿਕਸਤ ਹੋਈਆਂ ਹਨ, ਪਰ ਆਮ ਤੌਰ ਤੇ ਇਸ ਕਲਮ ਅਤੇ ਪੇਪਰ ਦੇ ਮਾਡਲ ਨੂੰ ਬੋਲਣਾ ਸਿੱਖਿਆ ਦੇ ਦਹਾਕਿਆਂ ਤੋਂ ਜਾਰੀ ਹੈ। ਤਾਂ ਹੁਣ ਇਕ ਆਨਲਾਈਨ ਪ੍ਰੀਖਿਆ ਪ੍ਰਣਾਲੀ ਵਿਚ ਤਬਦੀਲੀ ਕਿਉਂ?

ਸਿੱਧੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਤਕਨਾਲੋਜੀ ਵਿਚ ਨਵੀਨਤਾਵਾਂ ਦੇ ਨਾਲ, ਇਕ ਵਧਦੀ ਹੋਈ ਵਿਸ਼ਵੀਕਰਨ ਵਾਲੀ ਦੁਨੀਆਂ, ਅਤੇ ਸਿੱਖਿਆ ਅਤੇ ਸਿਖਲਾਈ ਦੀਆਂ ਵਿਧੀਆਂ ਵਿਚ ਡਾਟੇ ਦੁਆਰਾ ਚਲਾਇਆ ਗਿਆ ਸਮਝ, ਇਕ ਆਨਲਾਈਨ ਪ੍ਰੀਖਿਆ ਪ੍ਰਣਾਲੀ ਇਕ ਵਿਦਿਆਰਥੀ ਦੀ ਵਿਦਵਤਾਪੂਰਣ ਯਾਤਰਾ ਵਿਚ ਇਕ ਬਿਹਤਰ ਪਰਿਪੇਖ ਪ੍ਰਦਾਨ ਕਰ ਸਕਦੀ ਹੈ। ਪ੍ਰੀਖਿਆਵਾਂ ਸਿਰਫ ਵਿਦਿਆਰਥੀ ਜੀਵਨ ਦਾ ਇਕ ਹਿੱਸਾ ਅਤੇ ਪਾਰਸ ਨਹੀਂ ਹਨ। ਇਹ ਇੱਕ ਮੁਲਾਂਕਣ ਵਾਲਾ ਸਾਧਨ ਹਨ ਜੋ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਿਦਿਆਰਥੀ ਦੀ ਵਿਦਵਤਾਪੂਰਵਕ ਤਰੱਕੀ ਨੂੰ ਟਰੈਕ ਕਰਨ ਅਤੇ ਮਾਪਣ ਦੀ ਆਗਿਆ ਦਿੰਦਾ ਹੈ। ਇਹ ਇਕ ਠੋਸ ਮੀਟ੍ਰਿਕ ਦਾ ਵੀ ਕੰਮ ਕਰਦਾ ਹੈ ਜਿਸਦੇ ਅਧਾਰ ਤੇ ਭਵਿੱਖ ਲਈ ਸਿਖਲਾਈ ਅਤੇ ਸਿਖਾਉਣ ਦੇ ਫੈਸਲਿਆਂ ਨੂੰ ਅਧਾਰ ਬਣਾਇਆ ਜਾਵੇ।

ਇੱਕ ਰਵਾਇਤੀ ਪ੍ਰੀਖਿਆ ਪ੍ਰਣਾਲੀ ਦੇ ਉਲਟ, ਇੱਕ ਆਨਲਾਈਨ ਪ੍ਰੀਖਿਆ ਪ੍ਰਣਾਲੀ ਕਈ ਤਰੀਕਿਆਂ ਨਾਲ ਵਧੇਰੇ ਵਧਾਈ ਜਾਂਦੀ ਹੈ। ਰਿਮੋਟ ਪਹੁੰਚ ਤੋਂ ਅਸਾਨ ਸੈਟਅਪ ਤੋਂ, ਤੇਜ਼ੀ ਨਾਲ ਮੁਲਾਂਕਣਾਂ ਤੱਕ, ਇੱਕ ਆਨਲਾਈਨ ਪ੍ਰੀਖਿਆ ਪ੍ਰਣਾਲੀ ਇੱਕ ਮੁਲਾਂਕਣ ਵਾਲੇ ਸਾਧਨ ਬਣਨ ਦੀ ਆਪਣੀ ਮੁੱਢਲੀ ਭੂਮਿਕਾ ਨੂੰ ਪੂਰਾ ਕਰਨ ਵਿੱਚ ਬਿਹਤਰ ਹੈ।

**ਇੱਕ ਆਨਲਾਈਨ ਪ੍ਰੀਖਿਆ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਕੀ ਹਨ?**

ਇਕ ਆਨਲਾਈਨ ਪ੍ਰੀਖਿਆ ਪ੍ਰਣਾਲੀ ਵਿਚ ਕਈ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ ਹੋ ਸਕਦੀਆਂ ਹਨ ਜੋ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਵਾਂ ਲਈ ਇਕੋ ਜਿਹੀਆਂ ਹੁੰਦੀਆਂ ਹਨ। ਹੇਠਾਂ ਅਸੀਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਨਾਲ ਵਿਚਾਰ ਕਰਦੇ ਹਾਂ ਉਹਨਾਂ ਦੇ ਲਾਭਾਂ ਦੇ ਨਾਲ ਜੋ ਉਹ ਰਵਾਇਤੀ ਕਲਮ ਅਤੇ ਕਾਗਜ਼ਾਂ ਦੀ ਜਾਂਚ ਵਿਚ ਟੇਬਲ ਤੇ ਲਿਆਉਂਦੇ ਹਨ:

1. ਵਿਸ਼ਾ ਅਤੇ ਐਮਸੀਕਿਊ ਪ੍ਰਸ਼ਨ ਬਣਾਓ

ਆਨਲਾਈਨ ਪ੍ਰੀਖਿਆ ਸਾੱਫਟਵੇਅਰ ਉਪਭੋਗਤਾਵਾਂ ਨੂੰ ਵਿਸ਼ੇ ਦੁਆਰਾ ਅਤੇ ਬਹੁ-ਵਿਕਲਪ ਪ੍ਰਸ਼ਨਾਂ ਦੀ ਵਰਤੋਂ ਕਰਕੇ ਪ੍ਰੀਖਿਆ ਪੇਪਰ ਬਣਾਉਣ ਦੀ ਆਗਿਆ ਦਿੰਦਾ ਹੈ। ਕਿਉਰੇਟਿਡ ਪ੍ਰਸ਼ਨ ਬਣਾਉਣ ਦੀ ਇਸ ਕਿਸਮ ਦੀ ਦਾਗੀ ਯੋਗਤਾ ਇਹ ਸੁਨਿਸ਼ਚਿਤ ਕਰਦੀ ਹੈ ਕਿ ਪ੍ਰੀਖਿਆਵਾਂ ਕਿਸੇ ਵੀ ਢੰਗ ਨਾਲ ਪੁਰਾਣੀਆਂ ਜਾਂ ਪੁਰਾਣੀਆਂ ਹੋਣ ਦੀ ਬਜਾਏ ਗਤੀਸ਼ੀਲ ਅਤੇ ਅਪ ਟੂ ਡੇਟ ਰਹਿਣ। ਇਸਦਾ ਇਹ ਵੀ ਅਰਥ ਹੈ ਕਿ ਪ੍ਰਸ਼ਨਾਂ ਦੀ ਨਿਰੰਤਰ ਧਾਰਾ ਨੂੰ ਸਕੂਲ ਦੇ ਸੰਸਥਾਗਤ ਗਿਆਨ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਜਾਂ ਭਵਿੱਖ ਵਿੱਚ ਅਧਿਆਪਕਾਂ ਦੀ ਵਰਤੋਂ ਲਈ ਇੱਕ ਪ੍ਰਸ਼ਨ ਬੈਂਕ ਵੀ ਬਣਾਇਆ ਜਾਵੇ।

2. ਮੌਜੂਦਾ ਪ੍ਰੀਖਿਆਵਾਂ ਨੂੰ ਬੈਚ ਅਨੁਸਾਰ ਚੈੱਕ ਕਰੋ

ਇਹ ਉਪਭੋਗਤਾਵਾਂ ਨੂੰ ਬੈਚ-ਅਧਾਰਤ ਮੌਜੂਦਾ ਪ੍ਰੀਖਿਆਵਾਂ ਦਾ ਮੁਲਾਂਕਣ ਕਰਨ ਦੀ ਆਗਿਆ ਦਿੰਦਾ ਹੈ। ਇਹ ਕੰਮ ਨੂੰ ਟੁੱਟਣ ਦੀ ਆਗਿਆ ਦਿੰਦਾ ਹੈ ਤਾਂ ਜੋ ਅਧਿਆਪਕਾਂ ਦੁਆਰਾ ਦਿੱਤੀ ਗਈ ਪ੍ਰੀਖਿਆ ਵਿਚ ਪ੍ਰਸ਼ਨਾਂ ਦੇ ਜਵਾਬਾਂ ਦੀ ਜਾਂਚ ਕੀਤੀ ਜਾ ਸਕੇ। ਰਵਾਇਤੀ ਕਲਮ ਅਤੇ ਕਾਗਜ਼ਾਂ ਦੀ ਜਾਂਚ ਦਾ ਮੁਲਾਂਕਣ ਅਕਸਰ ਮਹਿਸੂਸ ਕਰ ਸਕਦਾ ਹੈ ਕਿ ਕੰਮ ਦੀ ਸੰਭਾਵਿਤ ਸਰੀਰਕ ਦਾ ਮੁਲਾਂਕਣ ਕੀਤੇ ਜਾਣ ਕਾਰਨ ਇਹ ਬਹੁਤ ਜ਼ਿਆਦਾ ਹੈ। ਆਨਲਾਈਨ ਪ੍ਰੀਖਿਆ ਪ੍ਰਣਾਲੀ ਵਿਚ ਬੈਚ-ਵਾਈ ਮੁਲਾਂਕਣ ਦੇ ਨਾਲ, ਕੰਮ ਨੂੰ ਵਧੇਰੇ ਅਨੁਕੂਲ ਬਣਨ ਲਈ ਤੋੜ ਦਿੱਤਾ ਗਿਆ ਹੈ, ਜਿਸ ਨਾਲ ਇਸ ਨੂੰ ਕਾਰਜਾਂ ਵਿਚ ਘੱਟ ਸਮਾਂ ਅਤੇ ਮਿਹਨਤੀ ਬਣਾਇਆ ਜਾਂਦਾ ਹੈ.

3. ਪ੍ਰੀਖਿਆ ਨਤੀਜੇ ਵੇਖੋ ਬੈਚ ਅਨੁਸਾਰ

ਬੈਚ-ਵਾਰ ਮੁਲਾਂਕਣ ਦੀ ਯੋਗਤਾ ਦੇ ਸਮਾਨ, ਆਨਲਾਈਨ ਪ੍ਰੀਖਿਆ ਪ੍ਰਣਾਲੀ ਵੀ ਪ੍ਰੀਖਿਆ ਦੇ ਨਤੀਜਿਆਂ ਨੂੰ ਬੈਚ-ਵਾਈਜ਼ ਵਜੋਂ ਵੇਖਣ ਦੀ ਆਗਿਆ ਦਿੰਦੀ ਹੈ। ਇਕ ਵਾਰ ਫਿਰ, ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧੇਰੇ ਆਸਾਨੀ ਨਾਲ ਦ੍ਰਿੜਤਾਪੂਰਵਕ ਕੰਮ ਕਰਨ ਦੀ ਆਗਿਆ ਦਿੰਦਾ ਹੈ।

4. ਪ੍ਰੀਖਿਆ ਬੈਚ ਨੂੰ ਰੀਸੈਟ ਕਰੋ

ਆਓ ਅਸੀਂ ਆਖੀਏ ਕਿ ਅਣਪਛਾਤੇ ਹਾਲਾਤਾਂ ਕਾਰਨ ਇੱਕ ਪ੍ਰੀਖਿਆ ਦੁਬਾਰਾ ਲੈਣ ਦੀ ਜ਼ਰੂਰਤ ਹੈ - ਮੌਸਮ ਦੀ ਦੇਰੀ ਤੋਂ ਲੈ ਕੇ ਪ੍ਰਸ਼ਾਸਨ ਦੀਆਂ ਗਲਤੀਆਂ ਤੱਕ, ਬਹੁਤ ਸਾਰੇ ਕਾਰਨ ਹਨ ਜੋ ਇੱਕ ਪ੍ਰੀਖਿਆ ਨੂੰ ਵਾਪਸ ਲੈਣ ਦੀ ਜ਼ਰੂਰਤ ਹੋ ਸਕਦੀ ਹੈ। ਇਹ ਆਨਲਾਈਨ ਪ੍ਰੀਖਿਆ ਪ੍ਰਣਾਲੀ ਦੇ ਅੰਦਰ ਅਸਾਨੀ ਨਾਲ ਕੀਤਾ ਜਾ ਸਕਦਾ ਹੈ ਕਿਉਂਕਿ ਸਿਸਟਮ ਤੁਹਾਨੂੰ ਇੱਕ ਪ੍ਰੀਖਿਆ ਦੁਬਾਰਾ ਸੈੱਟ ਕਰਨ ਦੀ ਆਗਿਆ ਦਿੰਦਾ ਹੈ ਤਾਂ ਜੋ ਪਿਛਲੇ ਸਾਰੇ ਟੈਸਟ ਅੰਕਾਂ ਅਤੇ ਪ੍ਰਤਿਕ੍ਰਿਆਵਾਂ ਨੂੰ ਅਣਡਿੱਠ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ ਇੱਕ ਤਾਜ਼ਾ ਪ੍ਰੀਖਿਆ ਦੇ ਤੌਰ ਤੇ ਪ੍ਰੀਖਿਆ ਦੇ ਸਕਦੇ ਹਨ। ਇਹ ਇੱਕ ਪ੍ਰੀਖਿਆ ਬਣਾਉਣ ਵਾਲੇ ਅਧਿਆਪਕਾਂ ਨੂੰ ਡਮੀ ਪ੍ਰੀਖਿਆਵਾਂ ਬਣਾਉਣ ਅਤੇ ਆਪਣੇ ਆਪ ਵਿੱਚ ਇੱਕ ਦੌਰਾ ਕਰਨ ਦੀ ਆਗਿਆ ਦਿੰਦਾ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਵਿਦਿਆਰਥੀਆਂ ਨੂੰ ਮੁਸ਼ਕਲ ਰਹਿਤ ਪ੍ਰੀਖਿਆ ਦਿੱਤੀ ਗਈ ਹੈ। ਇਸ ਤਰ੍ਹਾਂ ਦਾ ਬੀਟਾ ਟੈਸਟਿੰਗ ਸਾਰੇ ਵਿਦਿਆਰਥੀਆਂ ਲਈ ਨਿਰਵਿਘਨ ਪ੍ਰੀਖਿਆ ਦੇ ਤਜ਼ਰਬੇ ਨੂੰ ਯਕੀਨੀ ਬਣਾਉਣ ਲਈ ਕੁਸ਼ਲ ਅਤੇ ਪ੍ਰਭਾਵਸ਼ਾਲੀ ਹੈ।

**ਸਿੱਟਾ:** ਇੱਕ ਆਨਲਾਈਨ ਪ੍ਰੀਖਿਆ ਪ੍ਰਬੰਧਨ ਪ੍ਰਣਾਲੀ ਭਵਿੱਖ ਦਾ ਰਸਤਾ ਹੈ। ਇਹ ਕਿਸੇ ਮੌਜੂਦਾ ਪ੍ਰਣਾਲੀ ਵਿਚ ਤਬਦੀਲੀ ਕਰਨ ਦੀ ਬਜਾਏ, ਇਸ ਨੂੰ ਵਧਾਉਣ ਦੀ ਬਜਾਏ। ਇਹ ਵਿਦਿਆਰਥੀਆਂ ਦੁਆਰਾ ਕੋਰਸ ਸਮੱਗਰੀ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਵਿਸ਼ਲੇਸ਼ਣ ਕਰਨ ਦਾ ਪਹਿਲਾ ਕਦਮ ਹੈ, ਕਿਹਾ ਗਈ ਸਮੱਗਰੀ ਨੂੰ ਯਾਦ ਕਰਨਾ, ਕਲਾਸਰੂਮ ਵਿਚ ਉਪਯੋਗਤਾ ਦੇ ਢੰਗਾਂ ਦੀ ਪ੍ਰਭਾਵਸ਼ੀਲਤਾ। ਲੰਬੇ ਸਮੇਂ ਲਈ ਕਿਸੇ ਵਿਦਿਆਰਥੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਡੇਟਾ ਇਕੱਤਰ ਕਰਨਾ ਇਹ ਇੱਕ ਸੌਖਾ ਤਰੀਕਾ ਵੀ ਹੈ। ਨਤੀਜੇ ਆਪਣੇ ਲਈ ਬੋਲਦੇ ਹਨ ਕਿਉਂਕਿ ਇਸ ਨਾਲ ਵਿਦਿਅਕ ਵਾਤਾਵਰਣ ਪ੍ਰਣਾਲੀ ਦੇ ਸਾਰੇ ਹਿੱਸੇਦਾਰਾਂ-ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਪ੍ਰਬੰਧਨ ਨੂੰ ਲਾਭ ਹੁੰਦਾ ਹੈ।


# ਮਮਤਾ, ਤਿਆਗ ’ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ



ਨੀਨਾ ਧੀਰ ਜੈਤੋ
neenamoga@gmail.com

ਅੱਜ 8 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ। ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਦੇ ਹਨ। ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ?’ ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ।

ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹਠੇ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ,ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆ ਤੋ ਪਿਆਰਾ ਤੇ



ਬਹੁ-ਮੁਲਾ ਰਿਸਤਾ ਹੈ।

ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ ਪਿਉ ਦੀ ਸੇਵਾ ਨਾਂ ਕਰੇ ਨਿਕੱਮੀ ਨਿੱਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ?

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ। ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੌਰ ’ਚੋ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸ਼ਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਂਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ। ਸਾਨੂੰ ਬਜੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ ’ਚ ਭੇਜਣ ਦੀ ਬਜਾਏ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ- ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾ ਦਾ ਵੀ ਅਸੀ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੌਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀ’ ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋ ਹੀ ਕੀਤੀ ਜਾਣੀ ਚਾਹੀਦੀ ਹੈ।

# ਆਰਥਿਕ ਮੰਦੀ ਦੇ ਨਾਮ ਤੇ ਮਜਦੂਰ ਭਲਾਈ ਕਨੂੰਨਾਂ ਅਤੇ ਯੋਜਨਾਵਾਂ ਵਿੱਚ ਸੋਧ ਕਰਨਾ ਮਜ਼ਦੂਰਾਂ ਦਾ ਸ਼ੋਸ਼ਣ



ਕੁਲਦੀਪ ਚੰਦ
91-9417563054

01 ਮਈ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵਜੋਂ ਜਾਣਿਆ ਜਾਂਦਾ ਹੈ ਦਾ ਪੂਰੀ ਦੁਨੀਆਂ ਦੇ ਮਿਹਨਤਕਸ਼ ਲੋਕਾਂ ਲਈ ਵਿਸ਼ੇਸ਼ ਮਹੱਤਵ ਹੈ। ਇਸਦੀ ਸ਼ੁਰੂਆਤ ਮਜਦੂਰਾਂ ਦੇ ਕੰਮ ਦੇ 08 ਘੰਟੇ ਕਰਨ ਨੂੰ ਲੈਕੇ ਕੀਤੇ ਗਏ ਸੰਘਰਸ ਨਾਲ ਹੋਈ ਸੀ। ਮਜਦੂਰਾਂ ਤੋਂ ਪਹਿਲਾਂ 12-14 ਘੰਟੇ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਇਸ ਸ਼ੋਸ਼ਣ ਖਿਲਾਫ ਬੋਲਦਾ ਸੀ ਤਾਂ ਉਸਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਦੇ ਖਿਲਾਫ ਅਮਰੀਕਾ ਵਿੱਚ 01 ਮਈ ਨੂੰ ਮਜਦੂਰ ਜਥੇਬੰਦੀਆਂ ਨੇ ਇੱਕ ਦਿਨ ਦੀ ਹੜਤਾਲ ਕੀਤੀ ਜਿਸਨੂੰ ਭਰਪੂਰ ਸਮੱਰਥਨ ਮਿਲਿਆ। ਇਸ ਹੜਤਾਲ ਤੋਂ ਪੁਜੀਵਾਦੀ ਲੋਕ ਬੋਖਲਾ ਗਏ। 04 ਮਈ 1886 ਨੂੰ ਸ਼ਿਕਾਗੋ ਵਿੱਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ।

ਇਸ ਘਟਨਾ ਮਜਦੂਰ ਆਗੂਆਂ ਵਿਰੁੱਧ ਕਾਰਵਾਈ ਕਰਦਿਆਂ ਕਈ ਮਜਦੂਰਾਂ ਅਤੇ ਮਜਦੂਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਲੱਗਭੱਗ 08 ਮਜਦੂਰ ਆਗੂਆਂ ਤੇ ਮੁਕੱਦਮਾ ਚਲਾਇਆ ਗਿਆ। ਅਦਾਲਤ ਵਿੱਚ ਇਨ੍ਹਾਂ ਮਜਦੂਰ ਆਗੂਆਂ ਦੇ ਨਿਰਦੋਸ਼ ਪਾਏ ਜਾਣ ਦੇ ਬਾਬਜੂਦ 07 ਆਗੂਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਅਤੇ 01 ਆਗੂ ਨੂੰ 15 ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਇਸਦੇ ਵਿਰੋਧ ਵਿੱਚ ਮਜਦੂਰਾਂ ਨੇ ਰੋਸ ਪ੍ਰਦਰਸ਼ਨ ਕੀਤਾ ਜਿਸਤੋਂ ਬਾਦ 02 ਆਗੂਆਂ ਦੀ ਮੌਤ ਦੀ ਸਜ਼ਾ ਘਟਾਕੇ ਉਮਰ ਕੈਦ ਕੀਤੀ ਗਈ, 01 ਦੀ ਜੇਲ ਵਿੱਚ ਮੌਤ ਹੋ ਗਈ ਅਤੇ 04 ਆਗੂਆਂ ਨੂੰ 11 ਲਵੰਬਰ 1887 ਨੂੰ ਫਾਂਸੀ ਦਿਤੀ ਗਈ। ਉਮਰ ਕੈਦ ਦੀ ਸਜ਼ਾ ਭੋਗ ਰਹੇ 03 ਆਗੂਆਂ ਨੂੰ ਬੇਦੋਸ਼ੇ ਸਾਬਤ ਹੋਣ ਕਾਰਨ ਅਖੀਰ 1893 ਵਿੱਚ ਰਿਹਾਅ ਕੀਤਾ ਗਿਆ। ਇਨ੍ਹਾਂ ਸਹੀਦਾਂ ਨੂੰ ਸ਼ਿਕਾਗੋ ਦੇ ਸ਼ਹੀਦ ਕਹਿ ਕੇ ਸਨਮਾਨਿਆ ਜਾਂਦਾ ਹੈ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਫਰੈਂਚ ਕ੍ਰਾਂਤੀ ਨੂੰ ਯਾਦ ਕਰਦੇ ਹੋਏ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। 1919 ਵਿੱਚ ਅੰਤਰ-ਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਕੀਤੀ ਸੀ। ਭਾਰਤ ਵਿੱਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਜਦੂਰ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਹਰ ਉਦਯੋਗ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ, ਸ਼ਾਂਤਮਈ ਅਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵ-ਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ। ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ।



ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਨ੍ਹਾਂ ਦੇ ਆਗੂ ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ੍ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਤਕਨਾਲੋਜੀ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ, ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾ-ਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟ੍ਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟ੍ਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਕੋਰੋਨਾ ਵਾਇਰਸ ਦਾ ਵੀ ਗਰੀਬ ਮਜਦੂਰਾਂ ਤੇ ਗੰਭੀਰ ਅਸਰ ਪਾਇਆ ਹੈ। ਸੰਯੁਕਤ ਰਾਸ਼ਟਰ ਦੇ ਲੇਬਰ ਵਿਭਾਗ ਨੇ ਇਸ ਸਬੰਧੀ ਕਿਹਾ ਹੈ ਕਿ ਇਸ ਕਾਰਨ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ 40 ਕਰੋੜ੍ਹ ਲੋਕ ਗਰੀਬੀ ਵਿੱਚ ਫਸ ਸਕਦੇ ਹਨ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਮਹਾਂ ਨਿਰਦੇਸ਼ਕ ਗਾਏ ਰਾਇਡਰ ਅਨੁਸਾਰ ਇਨ੍ਹਾਂ ਮਜਦੂਰਾਂ ਲਈ ਇਹ ਬਹੁਤ ਹੀ ਸੰਕਟ ਦਾ ਸਮਾਂ ਹੈ। ਪਿਛਲੇ ਸਾਲ ਸਰਕਾਰ ਵਲੋਂ ਕੋਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਲਈ ਕੀਤੀ ਗਈ ਮੁਕੰਮਲ ਤਾਲਾਬੰਦੀ ਅਤੇ ਕਈ ਰਾਜਾਂ ਵਿੱਚ ਲਗਾਏ ਗਏ ਕਰਫਿਊ ਦਾ ਸਭ ਤੋਂ ਮਾੜ੍ਹਾ ਅਸਰ ਇਨ੍ਹਾਂ ਗਰੀਬ ਮਜਦੂਰਾਂ ਤੇ ਹੀ ਪਿਆ ਹੈ। ਸਰਕਾਰਾਂ ਦੇ ਪ੍ਰਬੰਧਾਂ ਦੀ ਪੋਲ ਖੋਲ-ਦਿਆਂ ਹਜ਼ਾਰਾਂ ਪ੍ਰਵਾਸੀ ਮਜਦੂਰ ਅਪਣੇ ਪਰਿਵਾਰਾਂ ਸਮੇਤ ਕਈ ਕਈ ਦਿਨ ਭੁੱਖੇ ਭਾਣੇ ਸਫਰ ਕਰਕੇ ਅਪਣੇ ਜੱਦੀ ਇਲਾਕਿਆਂ ਵਿੱਚ ਪਹੁੰਚੇ ਹਨ। ਇਨ੍ਹਾਂ ਵਿੱਚੋਂ ਕਈਆਂ ਨਾਲ ਗੈਰ ਮਨੁੱਖੀ ਵਿਉਹਾਰ ਕੀਤਾ ਗਿਆ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ, 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ਼ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀਆਂ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ ਪਰ ਇਸ ਸਭ ਦੇ ਬਾਬਜੁਦ ਮਜਦੂਰਾਂ ਦੀ ਖਸਤਾ ਹਾਲਤ ਸਚਾਈ ਬਿਆਨ ਕਰਦੀ ਹੈ। ਬੇਸ਼ਕ ਹਰ ਸਾਲ 01 ਮਈ ਦਾ ਦਿਨ ਅੰਤਰਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜ੍ਹੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਅਤੇ ਘੋਸ਼ਿਤ ਕੀਤੀਆਂ ਜਾਂਦੀਆਂ ਹਨ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿ-ਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰਾਂਟੀ ਯੋਜਨਾ ਵੀ ਬਹੁਤੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਅਧਿਕਾਰੀਆਂ ਅਤੇ ਰਾਜਨੇਤਾਵਾਂ ਲਈ ਵੱਧ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਖਤਰਨਾਕ ਹਾਲਤਾਂ ਵਿੱਚ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਇਸ ਲਈ ਜਿੰਮੇਵਾਰ ਅਧਿਕ-ਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਮੁੜਕੇ ਬਹੁਤੇ ਰਾਜਨੀਤੀਵਾਨ ਅਤੇ ਅਧਿ-ਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਕਦੇ ਯਾਦ ਨਹੀਂ ਆਂਦੀ ਹੈ। ਕੰਮ ਕਾਜ ਦੇ ਮਾੜ੍ਹੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਪਿਛਲੇ ਕੁੱਝ ਦਹਾਕਿਆਂ ਤੋਂ ਹਰ ਪਾਸੇ ਮਜ਼ਦੂਰ ਵਿਰੋਧੀ ਹਾਲਾਤ ਬਣ ਰਹੇ ਹਨ ਅਤੇ ਸਰਮ-ਾਏਦਾਰਾਂ ਨੇ ਰਾਜਨੇਤਾਵਾਂ ਅਤੇ ਕੁੱਝ ਮਜਦੂਰ ਆਗੂਆਂ ਲਾਲ ਮਿਲਕੇ ਮਜਦੂਰਾਂ ਦੇ ਸ਼ੋਸ਼ਣ ਲਈ ਨਵੀਆਂ ਨਵੀਆਂ ਯੋਜਨਾਵਾਂ ਘੜੀਆਂ ਹਨ। ਆਏ ਦਿਨ ਵਿਕਾਸ ਦੇ ਨਾਮ ਤੇ ਮਜਦੂਰਾਂ ਤੋਂ ਰੋਜਗਾਰ ਖੋਹਿਆ ਜਾ ਰਿਹਾ ਹੈ, ਠੇਕੇਦਾਰੀ ਪ੍ਰਥਾ, ਆਊਟ ਸੋਰਸਿਜ ਦੁਆਰਾ ਭਰਤੀ ਅਤੇ ਨਿਗੂਣੀ ਤਨਖਾਹ ਆਦਿ ਦੁ-ਆਰਾ ਬੇਰੋਜਗਾਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਆਰਥਿਕ ਮੰਦੀ ਦੇ ਨਾਮ ਤੇ ਤਨਖਾਹਾਂ ਘੱਟ ਹੋ ਰਹੀਆਂ ਹਨ, ਪੈਨਸ਼ਨ ਸਕੀਮ ਬੰਦ ਕੀਤੀ ਗਈ ਹੇ, ਮਜਦੂਰ ਭਲਾਈ ਸਕੀਮਾਂ ਖਤਮ ਕੀਤੀਆਂ ਜਾ ਰਹੀਆਂ ਹਨ। ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਬਹੁਤੀ ਥਾਵਾਂ ਤੇ ਇਹ ਵੀ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਦੇ ਹਨ। ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕ-ਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਮਜਦੂਰ ਭਲਾਈ ਲਈ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਕਈ ਵਾਰ ਸਿਰਫ ਖਾਨਾ-ਪੂਰਤੀ ਹੀ ਲੱਗਦੇ ਹਨ। ਕਈ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਮਜਦੂਰਾਂ ਦੀ ਸੁੱਰਖਿਆ ਲਈ ਕਿੰਨੀ ਗੰਭੀਰ ਹੈ। ਕੋਰੋਨਾ ਮਹਾਂਮਾਰੀ ਦੇ ਪ੍ਰਭਾਵ ਤੋਂ ਬਚਾਉਣ ਲਈ ਸਰਕਾਰ ਵਲੋਂ ਘੋਸ਼ਿਤ ਕੀਤੀਆਂ ਵੱਖ ਵੱਖ ਸਕੀਮਾਂ ਦਾ ਜਮੀਨੀ ਪੱਧਰ ਤੇ ਅਸਰ ਅਤੇ ਮਜਦੂਰਾਂ ਦੀ ਖਸਤਾ ਹਾਲਤ ਵੇਖਕੇ ਪਤਾ ਚੱਲਦਾ ਹੈ ਕਿ ਬਹੁਤੇ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਵੀ ਇੱਕ ਵੱਡੀ ਬੁ-ਝਾਰਤ ਹੀ ਹੈ।

## ਨਹੀਂ ਹੱਕ



ਗੁਲਾਮ ਮਿਹਨਤਕਸ਼ ਹੈ, ਮੇਰੇ ਦੇਸ਼ ਮਹਾਨ ਦਾ।
ਸੋਚਿਆ ਸੀ ਹੋਰ, ਤੇ ਕੁਝ ਹੋਰ ਬਣਦਾ ਜਾ ਰਿਹਾ,
ਬਾੜ ਖਾ ਗਈ ਖੇਤ ,ਰਾਖਾ ਚੋਰ ਬਣਦਾ ਜਾ ਰਿਹਾ।
ਇਨਸਾਫ਼ ਤੇ ਕਾਨੂੰਨ, ਰਿਸ਼ਵਤਖੋਰ ਬਣਦਾ ਜਾ ਰਿਹਾ,
ਖੰਭ ਲਾ ਕੇ ਉੱਪਰੇ ਕਾਂ ਮੋਰ ਬਣਦਾ ਜਾ ਰਿਹਾ।
ਨਿੱਘਾ ਸੁਆਗਤ ਹੋ ਰਿਹਾ ਹੈ, ਮੰਤਰੀਆਂ ਦੇ ਆਉਣ ਦਾ,
ਗੁਲਾਮ ਮਿਹਨਤ-ਕਸ਼ ਹੈ,ਮੇਰੇ ਦੇਸ਼ ਮਹਾਨ ਦਾ।
ਬੇਬਸੀ ਦੀ ਲਾਸ਼ ਤੇ, ਕਲਪਨਾ ਦੇ ਵੈਣ ਹੈ,
ਬੇਰੋਜਗਾਰੀ ਦੋਸਤੋ, ਲਹੂ ਪੀਣੀ ਡੈਣ ਹੈ।
ਰੋਜ਼ਗਾਰ ਦਫਤਰ ਵਾਲਿਆਂ, ਅਫਸਰਾਂ ਦਾ ਕਹਿਣ ਹੈ ,
ਮੁੱਖ ਸਕੱਤਰ ਵੱਲੋਂ ਪੱਕਾ, ਨੌਕਰੀਆਂ ਤੇ ਬੈਨ ਹੈ।
ਪੈ ਗਿਆ ਹੈ ਭੁੱਸ ਮਿੱਠਾ, ਸਭ ਨੂੰ ਵੱਢੀ ਖਾਣ ਦਾ,
ਗੁਲਾਮ ਮਿਹਨਤ ਕਸ਼ ਹੈ, ਮੇਰੇ ਦੇਸ਼ ਮਹਾਨ ਦਾ।
ਜਿਸ ਦੇ ਪਸੀਨੇ ਨਾਲ, ਟੂਬਾਂ ਤੇ ਲਾਟੂ ਜਲ ਰਹੇ,
ਮੋਟਰਾਂ ਤੇ ਰੇਲ ਮਿੱਲਾਂ, ਕਾਰਖ਼ਾਨੇ ਚੱਲ ਰਹੇ।
ਸਦਕੇ ਜਿਨ੍ਹਾਂ ਦੇ ਸਿਦਕ ਤੇ , ਵਜ਼ੀਰਾਂ ਦੇ ਟੱਬਰ ਪਲ ਰਹੇ,
ਦੇਸ਼ ਅਤੇ ਕੌਮ ਲਈ, ਜੋ ਸਿਰ ਤੇ ਮੁਸੀਬਤ ਝੱਲ ਰਹੇ।
ਨਿਰਧਨ ਪੈਰੋਕਾਰ ਹੈ, ਉਹਨਾਂ ਦੇ ਐਲਾਨ ਦਾ,
ਗੁਲਾਮ ਮਿਹਨਤਕਸ਼ ਹੈ, ਮੇਰੇ ਦੇਸ਼ ਮਹਾਨ ਦਾ।
ਨਹੀਂ ਹੱਕ ਜਿਥੇ ਚਮਨ ਵਿਚ ਫੁੱਲਾਂ ਨੂੰ ਮੁਸਕਰਾਉਣ ਦਾ,
ਮਰ ਜਾਵੇ ਉਹ ਸ਼ਰਮ ਵਿਚ, ਮਾਲੀ ਗੁਲ਼ਸਤਾਨ ਦਾ ।
ਚਰਚਾ ਹੈ ਸਾਰੇ ਜੱਗ ਤੇ, ਮੇਰੇ ਦੇਸ਼ ਮਹਾਨ ਦਾ,
ਹੜਤਾਲ, ਮੁਜ਼ਾਹਰੇ, ਰੋਜ਼ ਭੜਕਾਊ ਨਾਅਰੇ ਲਾਉਣ ਦਾ।
ਕੋਈ ਹੱਲ ਕੱਢੋ ਦੋਸਤੋ , ਇਸ ਦੇਸ਼ ਨੂੰ ਬਚਾਉਣ ਦਾ,
ਗੁਲਾਮ ਮਿਹਨਤਕਸ਼ ਹੈ, ਮੇਰੇ ਦੇਸ਼ ਮਹਾਨ ਦਾ ।
ਆਜ਼ਾਦ ਹੋਇਆ ਦੇਸ਼ ਨੂੰ, ਤਹਤ੍ਰਵਾ ਇਹ ਸਾਲ ਹੈ,
ਹਾਲੇ ਵੀ ਨੌਕਰ ਮਾਲਕਾਂ 'ਚ ਵਿਤਕਰਾ ਵਿਸ਼ਾਲ ਹੈ।
ਰਖਣਾ ਦਬਾ ਕੇ ਮਾੜਿਆਂ ਨੂੰ, ਤਗੜਿਆਂ ਦੀ ਚਾਲ ਹੈ ,
ਦਿਨ ਰਾਤ ਮਿਹਨਤ ਕਰਨ ਤੇ, ਮਜ਼ਦੂਰ ਦਾ ਇਹ ਹਾਲ ਹੈ ।
ਕਾਮਾ ਹੈ ਭੁੱਖਾ ਮਰ ਰਿਹਾ, ਵਿਹਲੜ ਹੈ ਮੌਜਾ ਮਾਣਦਾ ,

– "ਨਿਰਧਨ ਕਰਤਾਰਪੁਰੀ"

## ਹੋਰ ਦੁਨੀਆ



ਹੋਰ ਦੁਨੀਆ 'ਚ ਮਾਰਗ ਬਥੇਰੇ ਦੇਖੇ,
ਪਰ ਮਾਰਗ ਜੋ ਸੱਚਾ ਦੇਖਾ "ਆਦਿ" ਵਾਲਾ,
ਲੱਖਾਂ ਨਦੀਆਂ ਤੇ ਨਾਲੇ ਨੇ ਜ਼ਮੀਨ ਉੱਤੇ,
ਜਾਂਦੇ ਇੱਕ ਹੀ ਸਮੁੰਦ ਨਾਮ "ਆਦਿ" ਵਾਲਾ।
ਕੱਕੇ, ਜੰਜੂ, ਰੱਖ ਖਤਨੇ ਦਵਿੱਜ ਬਣ ਗਏ,
ਇਹਨਾਂ ਤਿੰਨਾਂ ਤੋਂ ਨਿਆਰਾ ਪੰਥ "ਆਦਿ" ਵਾਲਾ।
ਜਾਪ ਜੱਪਕੇ ਅਜੱਪਾ ਬੇਗਮ ਸ਼ਹਿਰ ਚਲੀਏ,
ਸਾਹਾਂ ਵਿੱਚ ਤੂੰ ਪ੍ਰੋਅ "ਸੋਹੰ" "ਆਦਿ" ਵਾਲਾ,
ਮਿਲੇ ਸੰਗਤ ਪ੍ਰੇਮੀ "ਜੈ ਗੁਰਦੇਵ" ਆਖੀਐ,
ਖੁਸ਼ੀ ਗਮੀ ਤੇ ਗ੍ਰੰਥ ਪੜ੍ਹ "ਆਦਿ"ਵਾਲਾ।
"ਗੁਰੂ ਆਦਿ ਪ੍ਰਗਾਸ਼" ਸੋ ਜਹਾਜ਼ "ਆਦਿ" ਦਾ,
ਇਹੀ ਰਤਨ ਅਮੋਲ ਸੱਚਾ "ਆਦਿ" ਵਾਲਾ,
"ਲਾਲ" ਰੰਗ ਸਿਰ ਪਗੜੀ ਏ ਸ਼ਾਨ "ਆਦਿ" ਦੀ,
ਮਨ ਰੰਗ ਜੂੰ ਮਜੀਠ ਵਿੱਚ "ਆਦਿ"ਵਾਲਾ,
ਹੋਏ ਵੱਖਰੀ ਪਛਾਣ ਆਦਿ ਦੇ ਵਸ਼ਿੰਦੇ ਦੀ,
ਝੰਡਾ ਝੁਲ ਜਾਊਂ ਅਕਾਸ਼ ਫਿਰ "ਆਦਿ" ਵਾਲਾ।
ਕਰੋ ਉੱਦਮ ਜੀ ਸਾਰੇ ਹੀ ਇਕੱਠੇ ਹੋਇ ਕੇ,
ਦਿਓ ਵਿਗਲ ਵਜਾ ਇੱਕ "ਆਦਿ" ਵਾਲਾ
ਆਓ ਇੱਕ ਝੰਡੇ ਥੱਲੇ ਪੰਥ ਨੂੰ ਸਵਾਰੀਏ,
ਕਰੇ ਬਿਨੈ "ਪ੍ਰਵੀਨ" ਸੁਤ ਆਦਿ ਵਾਲਾ।

-ਰਵਿਜੋਤ ਮਹੇ, ਮਿਸ਼ਨਰੀ

# ਉੱਠ ਨਾਰੀ

ਉੱਠ ਨਾਰੀ ਹੁਣ ਹੰਭਲਾ ਮਾਰ
ਸਦੀਆਂ ਤੋਂ ਨਾਰੀ ਰਹੀ ਸਿਕਾਰ
ਉਠ ਨਾਰੀ ਹੁਣ ਹੰਭਲਾ ਮਾਰ
ਇਸ ਸਿਸਟਮ ਤੇ ਸੱਟ ਤੂੰ ਮਾਰ
ਆਪਣਾ ਅਕਸ਼ ਨਵਾਂ ਨਿਖਾਰ
ਉਠ ਨਾਰੀ ਹੁਣ ਹੰਭਲਾ......।
ਤੂੰ ਸਹਿਕ ਸਹਿਕ ਜੀਣਾ ਛੱਡਦੇ
ਹੀਣ ਭਾਵਨਾ ਦਿਲ ਚੋਂ ਕਢ ਦੇ
ਨਾ ਬਣ ਅਬਲਾ, ਗੁਲਾਮੀ ਤੱਜਦੇ
ਚੰਡੀ ਦੇਵੀ ਦਾ ਰੂਪ ਲੈ ਧਾਰ
ਉਠ ਨਾਰੀ ਹੁਣ ਹੰਭਲਾ......।
ਟੀ. ਵੀ. 'ਤੇ ਆਉਣ ਦਾ ਰੂਪ ਵਟਾ ਦੇ
ਆਪਣੀ ਅਕਸ਼ ਸ਼ੀਹਣੀ ਦਿਖਲਾ ਦੇ
ਫਿਸਲਾਉਣਾ ਤੈਨੂੰ ਚਾਹੁੰਦੇ ਨੇ ਜੋ
ਸੱਟ ਕਰਾਰੀ ਉਨਾਂ ਤੇ ਮਾਰ
ਉਠ ਨਾਰੀ ਹੁਣ ਹੰਭਲਾ ......।
ਤੇਰੇ ਤੇ ਲਾਉਣ ਪਾਬੰਦੀਆਂ ਜਿਹੜੇ
ਕਰਨੇ ਉਨ੍ਹਾਂ ਦੇ ਪੈਣੇ ਨਬੇੜੇ
ਜੋ ਤੈਨੂੰ ਮੰਡੀ ਦੀ ਵਸਤ ਬਣਾਉਂਦੇ
ਪ੍ਰਚੰਡ ਹੋ ਕੇ ਤੂੰ ਕਰਦੇ ਵਾਰ
ਉਠ ਨਾਰੀ ਹੁਣ ਹੰਭਲਾ ......।
ਹੁਣ ਛੱਡ ਦੇ ਦਾਇਰਿਆਂ ਦੇ ਵਿਚ ਰਹਿਣਾ
ਪੂਰੀ ਆਜ਼ਾਦੀ ਨੂੰ ਤੈਂ ਲੈਣਾ
ਹੁਣ ਚੁੱਪ ਸਮੁੰਦਰ ਵਾਂਗ ਨਾ ਰਹਿ ਤੂੰ
ਤੂਫ਼ਾਨ ਦਾ ਬਣ ਜਾ ਉਛਾਲ
ਉਠ ਨਾਰੀ ਹੁਣ ਹੰਭਲਾ ......।
ਮੀਲ ਪੱਥਰ ਵਾਂਗ ਗੱਡੀ ਜੇ ਰਹਿ ਗਈ
ਮਿਲਣੀ ਤੈਨੂੰ ਨਾ ਕੋਈ ਢੋਈ
ਤੈਨੂੰ ਧਨ ਕੁਬੇਰ ਨੇ ਚੋਗਾ ਪਾਉਂਦੇ
ਦੇ ਕੰਜਰ ਕੁੱਤੇ ਦੀ ਉਨ੍ਹਾਂ ਨੂੰ ਗਾਲ
ਉਠ ਨਾਰੀ ਹੁਣ ਹੰਭਲਾ ......।
ਤੂੰ ਪੱਲੇ ਬੰਨ੍ਹ ਲੈ ਸਹਿਜ ਸੰਜਮ ਨੂੰ
ਸਿਰ ਤੇ ਤਰਕ ਦੀ ਚੁੰਨੀ ਲੈ ਲੈ
ਹੋਂਦ ਆਜ਼ਾਦੀ ਬਹਾਲ ਕਰਨ ਲਈ
ਮੋਹਣ 'ਭੰਵਰੇ' ਨਾਲ ਕਰ ਇਕਰਾਰ
ਉਠ ਨਾਰੀ ਹੁਣ ਹੰਭਲਾ ......।
ਨਾ ਰਾਵਨ ਕਦੇ ਧਰਤ ਤੋਂ ਮੁੱਕਣੇ
ਨਾ ਬਾਬਰ ਹਮਲੇ ਕਰਨੋ ਕੁਰਣੇ
ਅਬਦਾਲੀ ਨਵੇਂ ਪੱਛਮ ਤੋਂ ਆਏ
ਅੱਖ ਉਨ੍ਹਾਂ ਦੀ ਨੂੰ ਤੂੰ ਤਾੜ
ਉੱਠ ਨਾਰੀ ਹੁਣ ਹੰਭਲਾ ......।
ਧਰਮਾਂ ਤੈਨੂੰ ਗੁਲਾਮ ਬਣਾਇਆ
ਬਰਾਬਰ ਨਾ ਤੈਨੂੰ ਦਰਸਾਇਆ
ਤੈਨੂੰ ਉਨ੍ਹਾਂ ਨੇ ਅਬਲਾ ਕਹਿ ਕੇ
ਮਰਦ ਦਾ ਗਲ਼ਬਾ ਤੇਰੇ ਪਾਇਆ
ਹੁਣ ਗੁਲਾਮੀ ਜੂਲਾ ਦੇ ਉਤਾਰ
ਉਠ ਨਾਰੀ ਹੁਣ ਹੰਭਲਾ......।
ਜਗੀਰਦਾਰੀ ਤੈਨੂੰ ਧੌਂਸ ਵਿਖਾ ਕੇ
ਮਰਦ ਪ੍ਰਧਾਨ ਸਮਾਜ ਬਣਾਇਆ
ਸਰਮਾਏਦਾਰੀ ਮੰਡੀ ਵਸਤ ਬਣਾ ਕੇ
ਖੁਲੀ ਮੰਡੀ ਵਿੱਚ ਵਿਕਣੇ ਲਾਇਆ
ਵੈਰੀਆਂ ਲਈ ਬਣ ਜਾ ਲਲਕਾਰ
ਉਠ ਨਾਰੀ ਹੁਣ ਹੰਭਲਾ ਮਾਰ।

**– ਮੋਹਨ ਭੰਵਰਾ**
**1-646-512-4800**

# ਮਜ਼ਦੂਰ ਦਿਹਾੜਾ

ਮਜ਼ਦੂਰ ਦਾ ਕੋਈ ਦਿਹਾੜਾ ਨਹੀਂ ਹੁੰਦਾ
ਸਿਰਫ਼ ਦਿਹਾੜੀ ਹੁੰਦੀ ਹੈ।
ਦਿਹਾੜੀ ਟੁੱਟਿਆਂ
ਮਜ਼ਦੂਰ ਟੁੱਟਦਾ ਹੈ
ਘਰ ਬਾਰ ਪਰਿਵਾਰ ਟੁੱਟਦਾ ਹੈ।

ਸਬੂਤਾ ਨਹੀਂ ਹੁੰਦਾ ਕਦੇ
ਤਿੜਕਿਆ ਘੜਾ ਨਿਰੰਤਰ ਰਿਸਦਾ
ਅੱਖੋਂ ਨੀਰ ਫੁੱਟਦਾ ਹੈ।

ਕਤਰਾ ਕਤਰਾ ਰਿਸਦਿਆਂ
ਬੀਤ ਜਾਂਦੀ ਹੈ ਉਮਰ
ਗੁਆਚ ਜਾਂਦੀ ਹੈ ਸਰਵੋਤਮ ਜੂਨ
ਗੋਲ ਪਹੀਏ ਦੇ ਹੇਠ ਉਤੇ ਹੁੰਦੇ ਆਂ।
ਅੱਜ ਘਰਾਂ 'ਚ ਬੰਦ ਹਨ
ਸਖਣੇ ਪੀਪੇ, ਉਦਾਸ ਨਜ਼ਰਾਂ
ਪਾਣੀ ਤੋਂ ਬਾਹਰ ਤੜਫਦੀਆਂ ਮੱਛੀਆਂ
ਪਾਟੀਆਂ ਨਜ਼ਰਾਂ ਖੰਭਾਂ ਦੀਆਂ ਡਾਰਾਂ।
ਕਿਸਨੂੰ ਵਾਜ਼ਾਂ ਮਾਰਾ।
ਸ਼ਿਕਾਗੋ ਤਾਂ ਆਪ ਮਰ ਰਿਹਾ ਹੈ।

ਆਸ ਦਿਆ ਸੂਰਜਾ
ਕਿਸੇ ਬਨੇਰੇ ਚੜ੍ਹ
ਸਾਡੀਆਂ ਅੱਖੀਆਂ ਪੜ੍ਹ।
ਸਾਨੂੰ ਘਰ ਬੈਠਿਆ ਆਟਾ ਨਹੀਂ
ਰੁਜ਼ਗਾਰ ਚਾਹੀਦੈ।
ਬਹਾਨੇ ਨਹੀਂ ,ਵਿਵਸਥਾ ਘੜ।
ਵਕਤ ਨਾਲ ਲੜ।



**– ਗੁਰਭਜਨ ਗਿੱਲ**

# ਕਿਰਪਾ ਰਾਮ ਉਦਾਸ ਹੈ

ਨਮੋਸ਼ੀ ਗ੍ਰਸਿਆ ਉੱਤਰਿਆ ਰੰਗੋਂ ਬਦਰੰਗ ਚਿਹਰਾ,
ਹੀਣਤਾ ਭਰਪੂਰ ਝੁਲਸੀ ਆਤਮਾ,
ਸੀਨੇ ਵਿਚ ਰੜਕਦੀ ਚੀਸ,
ਗਲੇਡੂ ਪਥਰਾਏ ਗੱਲ੍ਹਾਂ ਤੇ ...
ਸਿਤਮ ਦੀ ਇਬਾਰਤ ਬੁੱਲ੍ਹਾਂ ਤੇ...
ਊਂਧੀ ਪਾਈਆਂ ਪੁਤਲੀਆਂ,
ਸਹਿਮਿਆ ਖੜ੍ਹਾ ਉਦਾਸ ਕਸ਼ਮੀਰੀ ਪੰਡਤ ਕਿਰਪਾ ਰਾਮ।
ਹੱਥ ਜੋੜਦਾ ਚਰਨੀਂ ਢਹਿ ਪਿਆ
ਗੁਰੂ ਤੇਗ ਬਹਾਦਰ ਦੇ ਦਰਬਾਰ।
'ਬਾਬਾ ਬਕਾਲਾ ਵਾਲਿਆ, ਭਵਜਲ ਚੋਂ ਤਾਰਨ ਹਾਰਿਆ,
ਬੇੜਾ ਡੁੱਬਦਾ ਮੋਢਾ ਦੇ ਤਾਰਿਆ,
ਮੱਖਣ ਸ਼ਾਹ ਲੁਬਾਣੇ ਦਾ ਤੂੰ ਪਤਵਾਰ।
ਸਾਡੀ ਮਦਦ ਕਰੋ ਸਰਕਾਰ।'

ਘੋਰ ਕਲਯੁਗ ਹਿੰਦੂਆਂ ਤੇ ਆਇਆ
ਜੱਨਤ-ਏ-ਕਸ਼ਮੀਰ ਹੋ ਗਿਆ ਪਰਾਇਆ।
ਗਵਰਨਰ ਦਾ ਸ਼ਾਹੀ ਫੁਰਮਾਣੁ...
ਧੋਤੀ ਟੋਪੀ ਜਨੇਊ ਸਭਿਆਚਾਰ ਰੂੜ੍ਹੀ ਰਵਾਇਤਾਂ
ਕਾਫ਼ਰਾਂ ਦਾ ਕਰ ਦਿਓ ਸਫ਼ਾਇਆ।
ਖ਼ਾਲਸ ਇਸਲਾਮੀ ਰਾਜ ਬਣਾਉਣਾ,
ਨਮਾਜ਼ਾਂ ਕਲਮਾ ਪੜ੍ਹੋ, ਸੁੰਨਤ ਕਰਵਾਓ,
ਰੁਤਬੇ ਵਜੀਰੀਆਂ ਲਓ, ਮੂੰਹ ਮੰਗੀਆਂ ਮੁਰਾਦਾਂ ਪਾਓ।
ਕੁਫਰ ਹਨ ਹੋਰ ਧਰਮ ਸਾਰੇ, ਇਸਲਾਮ ਅਪਣਾਓ,
ਜਾਂ ਫਿਰ ਅਜ਼ਮਾਓ ਸ਼ਾਹੀ ਤਿੱਖੀ ਤਲਵਾਰ।...
ਸਾਡੀ ਰੱਖਿਆ ਕਰੋ ਸਰਕਾਰ।

ਟੈਕਸ ਜਜ਼ੀਆ ਭਾਰੀ ਪੰਡਤਾਂ ਤੇ ਲਾਇਆ,
ਜ਼ਬਰਦਸਤੀ ਕਰਦੇ ਨੇ, ਬੋਹਲ ਵੰਡਾਇਆ,
ਹਿੰਦੂ ਘਰਾਂ ਸ਼ਹਿਰਾਂ ਪਿੰਡਾਂ ਦੀ ਨਾਕਾਬੰਦੀ!
ਬੰਦੀ ਬਣਾ ਲੈ ਜਾਂਦੇ ਪੰਡਤਾਂ ਨੂੰ ਗ਼ੁਲਾਮਾਂ ਵਾਂਗ,
ਸ਼ਾਂਤੀ ਦਾ ਪ੍ਰਤੀਕ ਹਿੰਦੂ ਧਰਮ ਟਾਰਗੈਟ,
ਸੰਖਾਂ ਟੱਲੀਆਂ ਦੀ ਘੁੱਟੀ ਸੰਘੀ,
ਮੰਦਰ ਦੁਆਰੇ ਢਾਹ ਦਿੱਤੇ ਸਾਰੇ,
ਬੇਤਹਾਸ਼ਾ ਕਹਿਰ ਮਚਾਇਆ।
ਦਿਨ-ਦੀਵੀ ਨਿਧੜਕ ਡਾਕੇ, ਥਾਂ ਥਾਂ ਮੱਚੀ ਹਾਹਾਕਾਰ।
ਸਾਡਾ ਜਿਊਣਾ ਦੁੱਭਰ ਦੁਰਕਾਰ। ...
ਸਾਡੀ ਮਦਦ ਕਰੋ ਸਰਕਾਰ।

ਲੈ ਜਾਂਦੇ ਧੂਹ ਕੇ ਜਰਵਾਣੇ ਸਰਕਾਰੀ ਏਜੰਟ ...
ਸਾਡੇ ਕੋਲੋਂ, ਸਾਡੇ ਹੱਥੋਂ ... ਸ਼ਰੇਆਮ ਦਿਨ-ਦੀਵੀ,
ਧੀਆਂ, ਭੈਣਾਂ, ਪਤਨੀਆਂ, ਮਾਵਾਂ ਨੂੰ ਸ਼ਰੇ-ਬਾਜ਼ਾਰ.
ਲੀਰੋ-ਲੀਰ ਕਰਦੇ ਜੱਗ ਜਣਨੀ ਦੀ ਮਰਯਾਦਾ,
ਇੱਜ਼ਤਾਂ ਅਜ਼ਮਤਾਂ ਦਾ ਅੰਨ੍ਹੇਵਾਹ ਖਿਲਵਾੜ.
ਅਬਲਾਵਾਂ ਸੰਗ ਦੁਸ਼ਕਰਮ, ਸਮੂਹਕ ਬਲਾਤਕਾਰ।
ਜੰਨਤ ਦੀਆਂ ਹੂਰਾਂ ਲੱਭਦੇ ਉਜਾੜ ਰਹੇ ਜੰਨਤ।
ਚੋਰਾਂ ਨਾਲ ਰਲ ਗਈ ਕੁੱਤੀ, ਖੇਤਾਂ ਨੂੰ ਖਾਂਦੀ ਵਾੜ।...
ਸਾਡੀ ਮਦਦ ਕਰੋ ਸਰਕਾਰ।

ਗਾਉਂਦੇ ਉੱਲੂ ਕਰੁਣਾਮਈ ਵਿਰਾਨੀਆਂ ਦਾ ਮਰਸੀਆ।
ਗਊ ਗਰੀਬ ਨਿਆਸਰਿਆਂ ਦਾ ਸ਼ੋਸ਼ਣ,
ਸੁੰਦਰ ਹੁਸੀਨ ਵਾਦੀ ਵਿਚ ਜੰਗਲ ਰਾਜ,
ਹੱਕ ਸੱਚ ਨਿਆਂ ਦਾ ਬੰਦ ਕਿਵਾੜ,
ਉੱਭੇ-ਸਾਹ ਲੈਂਦੀ ਇਨਸਾਨੀਅਤ।
ਐਲੀ ਐਲੀ ਕਰਦੇ ਮੁਤਅੱਸਬ ਕੱਟੜਪੰਥੀ,
ਦਿੰਦੇ ਤਾਹਨੇ ਮਿਹਣੇ ਸ਼ਰੇਆਮ,
'ਬੁਲਾਓ ਆਪਣਾ ਪੀਰ ਤਿਲਕ ਜੰਞੂ ਦਾ ਰਾਖਾ,
ਖ਼ੁਦਾ ਬੰਦਾ ਪਰਵਰਦਿਗਾਰ,&;
ਬਣ ਜਾਵੇ ਮੁਸਲਮਾਨ ਜਾਂ ਦਿਖਾਵੇ ਚਮਤਕਾਰ।..
ਸਾਡੀ ਮਦਦ ਕਰੋ ਸਰਕਾਰ।

ਸਰਕਾਰੀ ਲੋਭ ਲਾਲਚ, ਇਵਜ਼ਾਨਾ, ਹਰਜਾਨਾ!
ਕੀ ਕਿਵੇਂ ਕਦੋਂ ਭਰ ਸਕਦੇ ਨੇ ਇਹ ਖਸਾਰਾ?
ਕੀ ਹੋ ਸਕਦੀ ਹੈ ਸਤ ਭੰਗ ਹੋਣ ਦੀ ਭਰਪਾਈ!
ਕੀ ਹੋ ਸਕਦੀ ਹੈ ਇੱਜ਼ਤਾਂ ਰੋਲਣ ਦੀ ਮੁਜਰਾਈ?
ਕਿਉਂ ਕਰੀਏ ਅਸੀਂ/ਤੁਸੀਂ ਧਰਮ ਪ੍ਰੀਵਰਤਣ?
ਗੁੰਮ-ਸੁੰਮ ਚਿੰਤਾਤੁਰ ਬਾਬਾ ਤੇਗ਼ਾ ਮੱਲ, ਢੂੰਡ ਰਿਹਾ ਜੁਆਬ।
ਨਿਰਾਸ਼ ਹੈ ਕਿਰਪਾ ਰਾਮ... ਉਦਾਸ ਹੈ ਗੁਰੂ ਤੇਗ ਬਹਾਦਰ।...

ਗੁਰੂ ਤੇਗ ਬਹਾਦਰ:-
ਇਹ ਹਿੰਦੂ ਧਰਮ ਬਚਾਉਣ ਦਾ ਸਾਕਾ।
ਸਿਰ ਆ ਚੜ੍ਹਿਆ ਕਰਤੱਵ ਨਿਭਾਉਣ ਦਾ ਸਾਕਾ।
ਮਤਲਬ... ਦਿੱਲੀ ਨਾਲ ਟਕਰਾਉਣ ਦਾ ਸਾਕਾ।
ਸਰਕਾਰਾਂ ਨਾਲ ਸਿੰਗ ਫਸਾਉਣ ਦਾ ਸਾਕਾ।
ਮਖ਼ਮਲੀ ਅਰਮਾਨ ਲੁਟਾਉਣ ਦਾ ਸਾਕਾ।
ਸ਼ਾਹੀ ਤਾਜ ਕਲਗ਼ੀ ਗਵਾਉਣ ਦਾ ਸਾਕਾ।
ਅੱਗ ਵਿਚ ਹੱਥ ਸੜਵਾਉਣ ਦਾ ਸਾਕਾ
ਆਰੇ ਨਾਲ ਤਨ ਚਿਰਾਉਣ ਦਾ ਸਾਕਾ।
ਦੇਗਾਂ ਵਿਚ ਤਨ ਉਬਲਾਉਣ ਦਾ ਸਾਕਾ।
ਇਹ ਹੈ ਯੁੱਗ ਪਲਟਾਉਣ ਦਾ ਸਾਕਾ।
ਵੱਡੇ ਫ਼ੱਕਰ ਦੀ ਬਲੀ ਦਿਵਾਉਣ ਦਾ ਸਾਕਾ!
ਚਾਂਦਨੀ ਚੌਕ ਵਿਚ ਸੀਸ ਕਟਵਾਉਣ ਦਾ ਸਾਕਾ। ...

ਗੋਬਿੰਦ ਰਾਏ:-
ਸੁਣ ਕੇ ਤਲਖ਼ ਹਕੀਕਤ ਗੋਬਿੰਦ ਰਾਏ, ਮਲਕੜੇ ਉੱਠ ਗੋਦੀ ਵਿਚ ਆਏ।
ਜਾਓ ਪਿਤਾ ਜੀ ਨਿਸ਼ਚਿੰਤ ਜਾਓ, ਦੁਖੀਆਂ ਦਾ ਤੁਸੀਂ ਦੀਨ ਬਚਾਓ।
ਹਿੰਦੂਆਂ ਦਾ ਹੋ ਰਿਹਾ ਨਿਰਾਦਰ, ਸਵੈਮਾਣ ਇਨ੍ਹਾਂ ਬਹਾਲ ਕਰਾਓ.
ਮੇਰਾ ਫ਼ਿਕਰ ਨਾ ਕਰਿਓ ਕੋਈ, ਮੁਗ਼ਲਾਂ ਨੂੰ ਤੁਸੀਂ ਸਬਕ ਸਿਖਾਓ।
ਤੁਹਾਥੋਂ ਵੱਡਾ ਨਾ ਕੋਈ ਸਰਬੰਸ ਦਾਨੀ, ਦਿੱਲੀ ਜਾਓ ਸੀਸ ਕਟਾਓ।
ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।

ਗੁਰੂ ਤੇਗ ਬਹਾਦਰ:-
ਸਿਰ ਧੜ ਦੀ ਬਾਜੀ ਲਾਵਾਂਗੇ, ਅਸੀਂ ਆਪਣਾ ਧਰਮ ਬਚਾਵਾਂਗੇ।
ਗੁਰੂ ਅਰਜਨ ਦੇਵ ਨੂੰ ਦਿੱਲੀ ਨੇ ਪਾਈ, ਭਾਜੀ ਦਾ ਮੁੱਲ ਚੁਕਾਵਾਂਗੇ।
ਨਾ ਧੌਂਸ ਦੇਣੀ ਨਾ ਮੰਨਣੀ, ਸੁਨਹਿਰੀ ਮਰਯਾਦਾ ਤੇ ਫੁਲ ਚੜ੍ਹਾਵਾਂਗੇ।
ਪਿਉ ਦਾਦਾ ਦੇ ਗਏ ਨਸੀਹਤ, ਨਾ ਜਬਰ ਮੂਹਰੇ ਸੀਸ ਝੁਕਾਵਾਂਗੇ।
ਕਹਿ ਦਿਓ ਔਰੰਗਜ਼ੇਬ ਨੂੰ ਜਾ ਕੇ, ਅਸੀਂ ਝਬਦੇ ਹੀ ਦਿੱਲੀ ਜਾਵਾਂਗੇ।
ਸਮੂਹਕ ਸ਼ਹੀਦੀਆਂ ਦੇਵਾਂਗੇ, ਉਸ ਲੇਂਝ ਦੀ ਪਿਆਸ ਮਿਟਾਵਾਂਗੇ।
ਇੱਟ ਨਾਲ ਇੱਟ ਖੜਕਾਵਾਂਗੇ, ਕਾਣੀ ਸਰਕਾਰ ਦੇ ਕਿੰਗਰੇ ਢਾਹਵਾਂਗੇ।
ਲਾਲ ਕਿਲ੍ਹੇ ਨਾਲ ਮੱਥਾ ਮਾਰਾਂਗੇ, ਮੁਗ਼ਲਾਂ ਦਾ ਤੁਖ਼ਮ ਮਿਟਾਵਾਂਗੇ।
ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।'''



**– ਚਰਨਜੀਤ ਸਿੰਘ ਪੰਨੂ**
**ਕੈਲੀਫੋਰਨੀਆ**

# ਮੁੜ ਬੈਠਾਂਗੇ

ਤੱਤੀਆਂ ਹਵਾਵਾਂ ਵੱਗਣ ਚੁਫੇਰੇ,
ਸੁਪਨੇ ਵਿਚ ਮੇਰੀ ਮਾਂ ਸੀ ਆਈ।
ਮਾਂ ਆਪਣੀ ਨੂੰ ਗ਼ਲ਼ ਲੱਗ ਪੁੱਛਿਆ,
ਇਹ ਕੇਹੀ ਰੁੱਤ ਮਾਏ ਆਈ?
ਸਾਰੀ ਕਾਇਨਾਤ ਉਦਾਸੀ,
ਮੈਨੂੰ ਸਮਝ ਨਾ ਆਵੇ ਕਾਈ।
ਮਾਂ ਮੇਰੀ ਨੇ ਆਖਿਆ ਮੈਨੂੰ,
ਦੁੱਖਾਂ ਤੇ ਸੁੱਖ ਨੇ ਦੋਵੇਂ ਭਾਈ।
ਦੋਵੇਂ ਆਉਂਦੇ ਜਾਂਦੇ ਰਹਿੰਦੇ,
ਫਿਰ ਇਹ ਕਿਉਂ ਉਦਾਸੀ ਛਾਈ?
ਬਹੁਤ ਹੋ ਗਿਆ ਹੁਣ ਤਾਂ ਬੱਸ ਫਿਰ,
ਅੰਤ ਹੋ ਗਿਆ ਮੱਚੀ ਦੁਹਾਈ।
ਰੁੱਤ ਆਵੇਗੀ ਖੁਸ਼ੀਆਂ ਦੀ ਹੁਣ,
ਖੁਸ਼ ਹੋਵਣਗੇ ਧਰਤ ਲੋਕਾਈ।
ਖੁਸ਼ੀਆਂ ਦੀ ਪੌਣਾਂ ਰੁਕਮ ਰੁਕਮ ਕੇ
ਲੈਣ ਕਲਾਵੇ ਧਰਤ ਸਬਾਈ।
ਮੇਰੇ ਬੱਚੇ ਮੁੜ ਬੈਠਣਗੇ,
ਮੁੜ ਆਵੇਗੀ ਰੁੱਤ ਸੁਹਵੀ।

**–ਤਰਲੋਚਨ ਕੌਰ, ਚੰਡੀਗੜ੍ਹ**
**91-97791-52011**

# ਬਾਲ ਮਜ਼ਦੂਰੀ ਇਕ ਲਾਹਨਤ

ਭੱਠਿਆਂ ਤੇ ਬਣੇ ਬੰਧੂਆ,
ਸਾਡੇ ਬਚਪਨ ਰੁੱਲ ਗਏ ਨੇ।
ਨਿਗ੍ਹਾ ਮਾਰੋ ਲੋਕੋ ਓਏ,
ਫੁੱਲ ਘੱਟਿਆਂ ਚ ਤੁਲ ਗਏ ਨੇ।

ਬਾਪ , ਦਾਦੇ ਜਿੱਥੇ ਕੱਟ ਲਈ,
ਹੁਣ ਅਸੀਂ ਵੀ ਭੋਗਦੇ ਓਥੇ।
ਕੋਈ ਨਾ ਛੁਡਾਵੇ ਆਣਕੇ,
ਕੋਈ ਰੱਬ ਨਾ ਪਹੁੰਚਦਾ ਓਥੇ।

ਦਿਨ ਰਾਤ ਕੰਮ ਕਰਦੇ,
ਰੋਟੀ ਰੱਜਵੀਂ ਫੇਰ ਨਾ ਜੁੜਦੀ।
ਜਿਹੜੀ ਗੁਫ਼ਾ ਸਾਨੂੰ ਡੱਕਿਆ,
ਗੰਗਾ ਗਈ ਨਾ ਹੱਡੀ ਉਥੋਂ ਮੁੜਦੀ।

ਸੂਰਜ ਅਜਾਦੀ ਦੇ ਵਾਲਾ,
ਸਾਡੇ ਲੇਖਾਂ ਵਿਚੋਂ ਗੁੰਮ ਕਿੱਥੇ ਹੋਇਆ।
ਮੁਲਖ ਅਜ਼ਾਦ ਫਿਰੇ,
ਸਾਡਾ ਪੰਨਾ ਦਸੋ ਕਿਸਨੇ ਲੁਕੋਇਆ।

ਬਾਲ ਮਜ਼ਦੂਰੀ ਦੇ ਲਈ,
ਲੋਕੋ ਤਕੜੇ ਕਨੂੰਨ ਬਣਵਾਓ।
ਨੱਥ ਪਾਉ ਮਾੜੀ ਰੀਤ ਨੂੰ,
ਨਿੱਕੇ ਬੱਚਿਆਂ ਨੂੰ ਅਜਾਦ ਕਰਾਓ।

ਇਦੂੰ ਵੱਡਾ ਪੁੰਨ ਕੋਈ ਨਾ,
ਚਲੋ ਬਚਪਨ ਰੁਲਦਾ ਬਚਾਈਏ।
ਭੱਠੇ,ਢਾਬੇ ,ਹੋਟਲਾਂ ਉੱਤੋਂ,
ਛੋਟੇ ਬੱਚਿਆਂ ਨੂੰ ਛੁਡਵਾਈਏ।

**ਰਾਜਨਦੀਪ ਕੌਰ ਮਾਨ**
**91-62393-26166**



# ਗਾਇਕਾ ਸਰਬਜੀਤ ਮੱਟੂ ਦੇ ਗਾਏ ਗੀਤ 'ਮਾਂ' ਦੀ ਵੀਡੀਓ ਹੋਈ ਮੁਕੰਮਲ - ਰਾਜ ਦਦਰਾਲ

**ਹੁਸ਼ਿਆਰਪੁਰ /ਸ਼ਾਮ ਚੁਰਾਸੀ- (ਕੁਲਦੀਪ ਚੁੰਬਰ)-** ਸਿਆਣੇ ਕਹਿੰਦੇ ਨੇ ਰੱਬ ਦਾ ਦੂਜਾ ਨਾਂ ਮਾਂ ਹੈ ਗੀਤਕਾਰ ਮਾਹੀ ਮਿੱਠਾਪੁਰੀਆ ਕਨੇਡਾ ਵੱਲੋਂ ਲਿਖੇ ਗੀਤ ਵਿੱਚ ਮਾਂ ਵਲੋਂ ਆਪਣੇ ਪ੍ਰਦੇਸ਼ ਗਏ ਪੁੱਤ ਨੂੰ ਮਿਲਣ ਦੀ ਤਾਂਘ ਨੂੰ ਲੈ ਕੇ ਲਿਖਿਆਂ ਗਿਆ ਹੈ। ਮਾਂ ਕੋਲੋਂ ਆਪਣੇ ਪੁੱਤ ਦਾ ਹੋਰ ਵਿਛੋੜਾ ਸਹਿ ਨਹੀਂ ਹੁੰਦਾ। ਜਿਸ ਗੀਤ ਨਾਲ ਦਿਲੋਂ ਇਨਸਾਫ਼ ਕੀਤਾ ਹੈ ਪ੍ਰਸਿੱਧ ਗਾਇਕਾ ਬਹੁਤ ਹੀ ਸੁਰੀਲੀ ਅਵਾਜ ਦੀ ਮਾਲਿਕਾ ਸਰਬਜੀਤ ਮੱਟੂ ਨੇ, ਜੋ ਇਨਸਾਨ ਇਸ ਗੀਤ ਨੂੰ ਸੁਣੇਗਾ ਇੱਕ ਵਾਰ ਤਾਂ ਉਸ ਦੀਆਂ ਅੱਖਾਂ ਵਿੱਚ ਹੰਝੂ ਜ਼ਰੂਰ ਆਉਣਗੇ ਪ੍ਰਦੇਸ਼ਾ ਵਿੱਚ ਜਾਕੇ ਮਾਂਵਾਂ ਤੋ ਬਗੈਰ ਰਹਿਣਾ ਕਿੰਨਾ ਔਖਾ ਹੁੰਦਾ ਹੈ ਮਾਂ ਗੀਤ ਦਾ ਸੰਗੀਤ ਮਿਊਜ਼ਕ ਡਾਇਰੈਕਟਰ ਬੀ.ਆਰ.ਡਿਮਾਣਾ ਜੀ ਨੇ ਤਿਆਰ ਕੀਤਾ ਹੈ ਗੀਤਕਾਰ ਮਾਹੀ ਮਿੱਠਾਪੁਰੀਆ ਵਲੋਂ ਲਿਖੇ ਗੀਤ ਦੇ ਬੋਲ ਕੁਝ ਇਸ ਤਰਾਂ ਹਨ - ''ਮਾਂ ਤੇਰੀ ਜਦ ਮਰ ਗਈ,ਕੀ ਤੂੰ ਫਿਰ ਵਤਨਾਂ ਤੂੰ ਆਵੇਗਾ''



ਮਾਂ ਪੁੱਤ ਨੂੰ ਆਪਣੇ ਘਰ ਆਉਣ ਲਈ ਆਖ ਰਹੀ ਹੈ ਜਿਸ ਗੀਤ ਨੂੰ ਗਾਇਕ ਰਾਜ ਦਦਰਾਲ ਦੇ ਵਿਸ਼ੇਸ਼ ਉਪਰਾਲੇ ਨਾਲ ਤਿਆਰ ਕੀਤਾ ਗਿਆ ਹੈ ਅੱਜ ਵੀਡੀਓ ਸੂਟਿੰਗ ਡਾਇਰੈਕਟਰ ਮਨਦੀਪ ਰੰਧਾਵਾ ਵਲੋਂ ਵੱਖ-ਵੱਖ ਲੋਕੇਸ਼ਨਾ ਤੇ ਮੁਕੰਮਲ ਕਰ ਲਿਆ ਗਿਆ ਹੈ ਇਸ ਮੌਕੇ ਹਾਜ਼ਰ ਸਨ ਫਿਲਮੀ ਆਰਟਿਸਟ ਗਾਮਨੂੰ ਜੀ, ਮੈਡਮ ਰੀਟਾ, ਕੈਮਰਾ ਮੈਨ ਸੋਨੂੰ ਬੈਂਸ, ਮੇਅਕੱਪ ਮੈਨ ਸੋਮਲ, ਤੇ ਗਾਇਕ ਲਖਵਿੰਦਰ ਲੱਖਾ ਪੰਜਾਬ ਦੀ ਨਾਮਵਾਰ ਕੰਪਨੀ ਪੇਂਡੂ ਵੀਟਸ ਅਤੇ ਪ੍ਰੋਡਿਊਸਰ ਮਿਸਟਰ ਪਾਲ, ਕਮਲ ਮੇਹਟਾਂ ਯੂ ਕੇ ਵਲੋਂ ਬਹੁਤ ਜਲਦ ਵਿਸ਼ਵ ਪੱਧਰ ਤੇ ਰਿਲੀਜ਼ ਕੀਤਾ ਜਾਵੇਗਾ।



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



### ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
530-824-5134

Call:
650-642-0697

## 3525 Highway 99, West Corning, CA 96021

Across the Street from TA Truck Stop